# ਸੇਧ

ਦਸੰਬਰ 1977 (ਜਿਲਦ 6 ਨੰਬਰ 12)

December 1977

ਸੰਪਾਦਕ ਅਤੇ ਪ੍ਰਕਾਸ਼ਕ: ਗੁਰਵੇਲ ਸਿੰਘ ਪੰਨੂ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਮੁਖਤਿਆਰ ਸਿੰਘ (ਵਿਨੀਪੈੱਗ) ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

# ਸੇਧ

ਮਾਰਕਸਵਾਦੀ ਵਿਚਾਰਾਂ ਦਾ ਸੁਤੰਤਰ ਮਾਸਕ-ਪੱਤਰ


Rs. 1.50

December, 1977
Vol. 6
No. 12



- ਪਾਰਟੀ ਤੇ ਲੋਕਾਂ ਦਾ ਰੋਜ਼-ਬਰੋਜ਼ੀ ਜ਼ਿੰਦਗੀ ਵਿਚ ਰਿਸ਼ਤਾ (ਸਫ਼ਾ 7) — ਕਿਸ਼ਨ ਸਿੰਘ
- ਭਾਰਤੀ ਕਮਿਊਨਿਸਟ ਲਹਿਰ ਵਿਚ ਭਰਿਸ਼ਟਾਚਾਰ (ਸਫ਼ਾ 17) — ਜੇ. ਸਿੰਘ, ਲੁਧਿਆਣਾ
- ਇਕ ਭਾਰਤੀ ਕਮਿਊਨਿਸਟ ਦੀਆਂ ਯਾਦਾਂ (ਸਫ਼ਾ 22) — ਕੇ. ਦਾਮੋਦਰਨ
- ''ਫ਼ਾਲਤੂ ਔਰਤ'' : ਰੂਹ ਦੇ ਰੱਜ ਬਿਨਾਂ (ਸਫ਼ਾ 31) — ਹਰਚਰਨ ਸਿੰਘ ਸੋਬਤੀ
- ਔਰਤ ਦੀ ਆਜ਼ਾਦੀ ਦਾ ਮਸਲਾ : ਆਜ਼ਾਦ ਔਰਤ (ਸਫ਼ਾ 35) — ਕਿਸ਼ਨ ਸਿੰਘ
- ਭਾਰਤੀ ਇਤਿਹਾਸ : ਸਵਾਰਥ-ਪੂਰਤੀ ਦਾ ਵਸੀਲਾ ਜਾਂ ਲੋਕ-ਜੀਵਨ ਦਾ ਯਥਾਰਥ-ਪ੍ਰਤੀਬਿੰਬ (ਸਫ਼ਾ 40) — ਡਾ: ਵਿਜੈ ਚੰਦਰ. ਪ੍ਰਸਾਦ ਚੌਧਰੀ
- ਲੇਖਕ/ਪਾਠਕ ਕਹਿੰਦੇ ਹਨ (ਸਫ਼ਾ 45) — ਭਗਵਾਨ ਸਿੰਘ ਜੋਸ਼, ਹਰਚਰਨ ਸਿੰਘ ਸੋਬਤੀ, ਜਗਜੀਤ ਸਿੰਘ, ਕੁਲਵੰਤ ਔਜਲਾ, ਡਾ: ਸ. ਨ. ਸੇਵਕ



Edited, Printed & Published by
Gurvel Singh Pannu,

S E D H, A/42, Defence Colony,
New Delhi-110024. Ph. No. 626300

Hony. Co Editor
Harcharan Singh Sobti

Printed at 'LOK PRINTERS'
A1/12.Krishan Nagar,Delhi-61.

ਸਮੇਂ ਦੇ ਨਾਲ ਚਲਦਿਆਂ
ਪੰਜਾਬ ਮਾਰਕਫੈਡ
ਅੱਗੇ ਵਧ ਰਿਹਾ ਹੈ

ਸਾਲ ਦੌਰਾਨ ਕੀਤਾ ਬਿਜ਼ਨਿਸ 400 ਕਰੋੜ ਰੁਪਏ

**ਪੰਜਾਬ ਮਾਰਕਫੈਡ ਕਿਸਾਨ ਦਾ ਇਕ ਦੋਸਤ :**

10 ਲੱਖ ਟਨ ਕਣਕ ਦੀ ਵਸੂਲੀ ਤੇ ਵਿਕਰੀ, 10 ਲੱਖ ਟਨ ਖਾਦ ਦੀ ਖ਼ਰੀਦ ਤੇ ਵਿਕਰੀ, ਕਪਾਹ ਅਤੇ ਧਾਨ ਦੀ ਵਸੂਲੀ, ਕੀੜੇ ਮਾਰ ਦਵਾਈਆਂ ਦੀ ਵੰਡ।

**ਖੇਤੀ-ਬਾੜੀ ਸੇਵਾਵਾਂ :**

ਫਸਲਾਂ 'ਤੇ ਹਵਾਈ ਸਪਰੇ, ਧੂਰੀ, ਅਨੰਦਪੁਰ ਸਾਹਿਬ ਤੇ ਲੁਧਿਆਣਾ ਵਿਖੇ ਦਾਣੇਦਾਰ ਖ਼ਾਦ ਦੇ ਤਿੰਨ ਪਲਾਂਟ, ਇਸ ਦੀ 110 ਹਾਰਵੈਸਟਿੰਗ ਕੰਬਾਈਨਾਂ ਦੀ ਫਲੀਟ ਨਾਲ ਕਣਕ ਤੇ ਧਾਨ ਦੀਆਂ ਫਸਲਾਂ ਦੀ ਕਟਾਈ, ਟਰੈਕਟਰਾਂ ਦੀ ਵਰਤੋਂ, ਪਾਣੀ ਤੇ ਜ਼ਮੀਨ ਦੀ ਮੁਫ਼ਤ ਟੈਸਟਿੰਗ, ਸਿੰਜਾਈ ਵਾਸਤੇ ਮਾਰਕਫੈਡ ਹਿਊਮ ਪਾਈਪ ਅਤੇ ਵੇਅਰ ਹਾਊਸਿੰਗ।

**ਸਨਅੱਤੀ ਸਰਗਰਮੀਆਂ :**

ਮਾਰਕਫੈਡ ਆਇਲ ਕੰਪਲੈਕਸ ਜਿਸ ਦੇ ਤਿੰਨ ਆਇਲ ਯੂਨਿਟ ਹਨ : ਖੰਨਾ ਵਿਖੇ ਮਾਰਕਫੈਡ ਬਨਾਸਪਤੀ ਪਲਾਂਟ, ਮਾਰਕਫੈਡ ਰੀਫਾਈਂਡ ਆਇਲ ਇੰਡਸਟਰੀਜ਼, ਕਪੂਰਥਲਾ, ਮਾਰਕਫੈਡ ਕਾਟਨ ਸੀਡ ਪਲਾਂਟ, ਗਿਦੜਬਾਹਾ, ਜਿਸ ਦੀ ਕੁੱਲ ਸਮਰੱਥਾ 160 ਟਨ ਪ੍ਰਤੀ ਦਿਨ ਹੈ। ਰਾਜਪੁਰਾ ਅਤੇ ਪਟਿਆਲਾ ਵਿਖੇ ਮਾਡਰਨ ਰਾਈਸ ਮਿਲਜ਼, ਜਲੰਧਰ ਵਿਖੇ ਕੈਨਰੀਜ਼ ਅਤੇ ਕੋਟ ਕਪੂਰਾ ਵਿਖੇ ਉਸਰ ਰਹੀ 5 ਕਰੋੜ ਰੁਪੈ ਦੀ ਕਾਟਨ ਸਪਿਨਿੰਗ ਮਿਲ, ਮਾਰਕਫੈਡ ਦੀ ਸਨਅਤੀ ਪ੍ਰਗਤੀ ਦੀਆਂ ਪ੍ਰਤੀਕ ਹਨ।

ਦੀ ਪੰਜਾਬ ਸਟੇਟ ਕੋਆਪਰੇਟਿਵ ਸਪਲਾਈ ਐਂਡ
ਮਾਰਕੀਟਿੰਗ ਫੈਡਰੇਸ਼ਨ ਲਿਮਟਿਡ, ਸੈਕਟਰ-17 ਸੀ, ਚੰਡੀਗੜ੍ਹ।



NOW A



**MONEY SPINNER FOR YOU!**

NEW INDIA'S FIRST & ONLY

16 PLY RATI

HEAVY DUTY NYLON N41

**Modi-Continental tyr**

**25% extra strong casing ensures heavier load capacity and multiple retreading at less cost per km.**

Modi-Continental introduces this ne tyre to meet the growing demands c customers for a still better tyre with superior road performance, longer li and more load carrying capacity. Th extra strong nylon casing and new tropicalised compound ensure the double action of cooler running and least wear. MODI-CONTINENTAL N4 Sixteen Ply Rater indeed earns more money for you in the long run at a lesser cost.

**Modi-Continental TYRE THAT NEVER TIR**

## KEY ROLE OF FCI

The Fertilizer Corporation of India Limited is the single largest producers of plant nutrients in the country.

### FCI's Production Units

FCI's seven functioning units at Sindri, Nangal, Trombay, Gorakhpur, Namrup Durgapur and Barauni have the installed capacity of over nine lakh tonnes of plant nutrients. This will rise to over 26 lakh tonnes when additional plants under construction, and in advanced stages of planning, go on stream.

### Total fertilizer technology

Backed by its intensive Research & Development efforts FCI has now developed its own know-how, design and engineering capability and can execute six to eight modern fertilizer plants at a time from the blueprint to the final commissioning stage.

### Marketing Set-up

With a vast network of sales outlets and active promotional measures, FCI now serves farmers in most parts of the country.

THE FERTILIZER CORPORATION OF INDIA LIMITED



## ਜਨਤਾ ਦੇ ਆਪਣੇ ਨਵੇਂ ਪ੍ਰਸ਼ਾਸਨ ਦਾ ਦ੍ਰਿੜ੍ਹ-ਸੰਕਲਪ

* ਦਿੱਲੀ ਵਾਸੀਆਂ ਦੇ ਜੀਵਨ ਦੇ ਹਰ ਪਹਿਲੂ ਦਾ ਵਿਕਾਸ ।
* ਸਾਫ਼ ਅਤੇ ਯੋਗ ਪ੍ਰਸ਼ਾਸਨ ਦਾ ਪ੍ਰਬੰਧ ।
* ਘੱਟ ਲਾਗਤ ਦੇ ਪਰਾਜੈਕਟਾਂ ਰਾਹੀਂ ਰੁਜ਼ਗਾਰ ਦੇ ਵਧੇਰੇ ਮੌਕੇ ਮੁਹੱਈਆ ਕਰਨਾ ।
* ਗੰਦੀਆਂ, ਮੁੜ-ਵਸਾਈਆਂ ਅਤੇ ਅਨ-ਅਧਿਕਾਰਤ ਕਲੋਨੀਆਂ ਤੇ ਦਿਹਾਤੀ ਇਲਾਕਿਆਂ ਦੇ ਲੋਕਾਂ ਨੂੰ ਬੇਹਤਰੀਨ ਸਹੂਲਤਾਂ ।

### ਹੋਰ ਵਿਸ਼ੇਸ਼ ਵਿਕਾਸ ਪਰੋਗਰਾਮ

* ਹਰ ਸਾਲ 70-80 ਹਜ਼ਾਰ ਰਹਾਇਸ਼ੀ ਮਕਾਨਾਂ ਦੀ ਉਸਾਰੀ ।
* ਹਰੀਜਨਾਂ ਨੂੰ ਸਵੈ-ਨਿਰਭਰ ਬਣਾਉਣ ਲਈ ਸਸਤੇ ਕਰਜ਼ੇ ਅਤੇ ਕੱਚੇ ਮਾਲ ਦਾ ਪ੍ਰਬੰਧ ।
* ਸਮਾਜ ਕਲਿਆਣ ਪਰੋਗਰਾਮਾਂ ਉਤੇ ਵਿਸ਼ੇਸ਼ ਜ਼ੋਰ ।
* ਜਨਤਾ ਦੀਆਂ ਲੋੜਾਂ ਅਤੇ ਮੰਗਾਂ, ਉਮੰਗਾਂ ਅਨੁਸਾਰ ਵਿਦਿਆ-ਪਰਣਾਲੀ ਵਿਚ ਤਬਦੀਲੀ ।
* ਬੇਹਤਰੀਨ ਅਤੇ ਰੈਗੂਲਰ ਆਵਾਜਾਈ ।
* ਸਰਕਾਰੀ ਕੰਮ ਕਾਜ ਵਿਚ ਹਿੰਦੀ ਦੀ ਵਧੇਰੇ ਵਰਤੋਂ ।
* ਨੀਤੀ ਤਿਆਰ ਕਰਨ ਵਿਚ ਜਨਤਾ ਦੀ ਸਲਾਹ ਅਤੇ ਸਹਿਯੋਗ ।

ਆਓ ! ਅਸੀਂ ਸਭ ਮਿਲ ਕੇ ਦਿੱਲੀ ਨੂੰ ਇਕ
ਆਦਰਸ਼ ਨਗਰੀ ਬਣਾਉਣ ਵਿਚ ਜੁੱਟ ਜਾਈਏ ।

ਸੂਚਨਾ ਤੇ ਪਰਚਾਰ ਡਾਇਰੈਕਟੋਰੇਟ, ਦਿੱਲੀ ਪ੍ਰਸ਼ਾਸਨ, ਦਿੱਲੀ ਰਾਹੀਂ ਜਾਰੀ



ਐਸਕੌਰਟਸ ਦਾ ਮਤਲਬ ਹੈ—ਵਸਤਾਂ ਦੀ ਵੰਨਗੀ ਵਖ ਵਖ ਪ੍ਰਕਾਰ ਦੇ ਗਾਹਕਾਂ ਲਈ। ਕਿਸਾਨਾਂ ਲਈ—ਟਰੈਕਟਰ ਅਤੇ ਜ਼ਰਾਇਤੀ ਸੰਦ। ਉਸਾਰੀ ਇੰਜੀਨੀਅਰਾਂ ਅਤੇ ਸਨਅਤੀ ਅਦਾਰਿਆਂ ਲਈ—ਸਨਅਤੀ ਟਰੈਕਟਰ ਤੇ ਕਰੇਨਾਂ। ਮੋਟਰ ਕਾਰਾਂ ਵਾਲਿਆਂ ਲਈ—ਸ਼ਾਕ ਐਬਜ਼ਾਰਬਰਜ਼ ਅਤੇ ਪਿਸਟਨ ਆਦਿ। ਦਫ਼ਤਰ ਜਾਣ ਵਾਲਿਆਂ ਅਤੇ ਸੈਲ ਸਪਾਟੇ ਦੇ ਸ਼ੁਕੀਨਾਂ ਲਈ ਮੋਟਰ ਸਾਈਕਲ ਤੇ ਸਕੂਟਰ। ਰੇਲਾਂ ਲਈ—ਆਟੋਮੈਟਿਕ ਬਫ਼ਰ ਕੱਪਲਰਜ਼, ਬਰੇਕਾਂ ਤੇ ਸਸਪੈਨਸ਼ਨ ਸਿਸਟਮਜ਼। ਸੁਆਣੀਆਂ ਲਈ—ਘਰਾਂ ਵਿਚ ਵਰਤਣ ਵਾਲੇ ਬਿਜਲੀ ਦੇ ਜੰਤਰ। ਬਰਾਮਦ ਕਰਨ ਵਾਲਿਆ ਲਈ—ਮਾਲ ਬਰਾਮਦ ਕਰਨ ਦੀਆਂ ਮੁਕੰਮਲ ਸੇਵਾਵਾਂ। ਐਸਕੌਰਟਸ ਸਰਕਾਰ ਵਲੋਂ ਪ੍ਰਵਾਨ ਐਕਸਪੋਰਟ ਹਾਊਸ ਹੈ ਅਤੇ ਤਰ੍ਹਾਂ ਤਰ੍ਹਾਂ ਦੀਆਂ ਇੰਜੀਨੀਅਰਿੰਗ ਵਸਤਾਂ ਬਾਹਰ ਭੇਜਦਾ ਹੈ—ਮੋਟਰਾਂ ਅਤੇ ਸਨਅਤੀ ਵਸਤਾਂ ਮੋਟਰ ਸਾਈਕਲ ਤੇ ਟਰੈਕਟਰ, ਇਹਨਾਂ ਦੇਸ਼ਾਂ ਨੂੰ—ਅਮਰੀਕਾ, ਯੂ. ਕੇ., ਪਲੈਂਡ, ਸੋਵੀਅਤ ਯੂਨੀਅਨ, ਮਿਸਰ, ਸੁਡਾਨ, ਜ਼ੈਮਬੀਆ, ਸ੍ਰੀਲੰਕਾ, ਮਲੇਸ਼ੀਆ, ਅਫ਼ਗਾਨਿਸਤਾਨ, ਈਰਾਨ, ਤੇ ਨੇਪਾਲ। ਅਤੇ ਹੋਰ ਅਨੇਕਾਂ ਵਸਤਾਂ ਤੇ ਸੇਵਾਵਾਂ ਜਿਹਨਾਂ ਕਰਕੇ ਐਸਕੌਰਟਸ ਦਾ ਨਾਂ ਤਕਰੀਬਨ ਹਰ ਸਨਅਤ, ਹਰ ਅਦਾਰੇ ਅਤੇ ਹਰ ਘਰ ਵਿਚ ਪ੍ਰਸਿਧ ਹੈ।

**ਐਸਕੌਰਟਸ ਲਿਮਿਟਡ**
ਨਵੀਂ ਦਿੱਲੀ, ਫਰੀਦਾਬਾਦ,
ਬੰਬਈ, ਕਲਕੱਤਾ, ਮਦਰਾਸ।

EL-3621A





ਕਿਸ਼ਨ ਸਿੰਘ

## ਪਾਰਟੀ ਤੇ ਲੋਕਾਂ ਦਾ ਰੋਜ਼-ਬਰੋਜ਼ੀ ਜ਼ਿੰਦਗੀ ਵਿਚ ਰਿਸ਼ਤਾ

ਆਪਣੇ ਪਿਛਲੇ ਲੇਖ ਵਿਚ ਸਮਾਜ ਦੇ ਅੰਦਰੂਨੀ ਵਿਰੋਧਾਂ ਦੀ ਗੱਲ ਕਰਦਿਆਂ ਅਸਾਂ ਇਹ ਕਿਹਾ ਸੀ ਕਿ ਮਾਰਕਸਵਾਦ ਅਤੇ ਮਾਰਕਸਵਾਦੀ ਪਾਰਟੀ ਦੀ ਸਮਝ ਤੇ ਕਾਬਲੀਅਤ ਦਾ ਬੁਨਿਆਦੀ ਟੈਸਟ ਉਸ ਦਾ ਸਮਾਜ ਵਿਚਲੇ ਮੁਖ ਵਿਰੋਧ ਤੇ ਉਸ ਦੀ ਭਾਰੀ ਜੁਜ਼ ਨੂੰ ਪਰਖਣ ਵਿਚ ਹੁੰਦਾ ਹੈ। ਇਹਨਾਂ ਦੀ ਸਹੀ ਸਮਝ ਸਿਆਸੀ ਲਾਇਨ ਦੇ ਸਹੀ ਹੋਣ ਦੀ ਗਰੰਟੀ ਹੈ। ਮਾਰਕਸਵਾਦੀ ਪਾਰਟੀ ਦੇ ਕੰਮ ਦੀ ਤੋਰ ਕਿਉਂਕਿ ਤੁਰਦੀ ਹੀ ਉਸ ਦੀ ਸਮਾਜ ਵਿਚ ਚਲਦੇ ਮੁਖ ਵਿਰੋਧ ਅਤੇ ਉਸ ਵਿਰੋਧ ਦੀ ਭਾਰੂ ਜੁਜ਼ ਦੀ ਸਮਝ ਤੋਂ ਹੈ, ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਪਾਰਟੀ ਦੀ ਲੀਡਰਸ਼ਿਪ ਵਿਚ ਤਿੰਨ ਯੋਗਤਾਵਾਂ ਲਾਜ਼ਮੀ ਹੋਣ :

**ਪਹਿਲੀ** ਇਹ ਕਿ ਪਾਰਟੀ ਦੀ ਲੀਡਰਸ਼ਿਪ ਮਾਰਕਸਵਾਦ ਦੇ ਸਮੂਹੀ ਰੂਪ ਦੀ ਮਾਹਿਰ ਹੋਵੇ। ਉਸ ਨੂੰ ਸਮਾਜਕ ਉਸਾਰੀ ਦੇ ਆਮ ਕਾਨੂੰਨ ਦੀ ਸਪੱਸ਼ਟ ਤੌਰ 'ਤੇ ਸਮਝ ਹੋਵੇ। **ਦੂਸਰੀ** ਇਹ ਕਿ ਉਹ ਆਪਣੇ ਸਮਾਜ ਤੇ ਉਸ ਦੀ ਕਲਚਰ ਦੇ ਇਤਿਹਾਸ ਦੀ ਗੋਹਰੀ ਹੋਵੇ। ਜੋ ਅੱਜ ਸਥਿਤੀ ਹੈ ਉਹ ਸਮਾਜ ਦੇ ਸਾਰੇ ਇਤਿਹਾਸ ਦੀ ਪੈਦਾਵਾਰ ਹੈ। ਪੈਦਾਵਾਰ ਦੇ ਕੇਂਦਰਾਂ ਵਿਚ ਜੋ ਪੈਦਾਵਾਰ ਦੇ ਰਿਸ਼ਤੇ ਅੱਜ ਹਨ ਉਹ ਆਪਣੇ ਇਤਿਹਾਸ ਦਾ ਅਜ ਦਾ ਰੂਪ ਹਨ। ਜੋ ਸਿਆਸੀ ਰਿਸ਼ਤੇ ਅਜ ਪ੍ਰਵੇਸ਼ ਕਰ ਰਹੇ ਹਨ ਉਹ ਵੀ ਹੋ ਗੁਜ਼ਰੀਆਂ (ਤੇ ਹੋ ਰਹੀਆਂ) ਆਰਥਕ, ਸਿਆਸੀ, ਜਮਾਤੀ ਜਦੋ-ਜਹਿਦਾਂ ਦਾ ਅੱਜ ਸਿੱਟਾ ਹਨ। ਸਟੇਟ ਦੇ ਢਾਂਚੇ ਤੇ ਸਿਆਸੀ ਅਡੰਬਰ ਤੋਂ ਇਲਾਵਾ ਇਹ ਹੀ ਹਾਲਤ ਸਮਾਜ ਦੀ ਕਲਚਰ ਦੀ ਹੈ। ਸੋ ਭਾਵੇਂ ਹਾਲਾਤ ਹੋਣ ਅਤੇ ਭਾਵੇਂ ਮਨੁਖੀ ਆਚਰਨ ਦਾ ਸੱਚਾ, ਦੋਵੇਂ ਇਤਿਹਾਸਕ ਪੈਦਾਵਾਰ ਹਨ। ਅਤੇ ਹਰ ਪਹਿਲੂ ਤੋਂ ਇਤਿਹਾਸ ਦੇ ਗੋਹਰੀ ਹੋਇਆਂ ਬਗ਼ੈਰ ਸਮਾਜਕ ਦਸ਼ਾ ਦਾ ਕੋਈ ਅੰਗ ਵੀ ਪੱਲਾ ਨਹੀਂ ਫੜਾਉਂਦਾ। **ਤੀਸਰੀ** ਇਹ ਕਿ ਇਤਿਹਾਸ ਦੇ ਗੋਹਰੀ ਹੋਣ ਦੇ ਨਾਲ ਹੀ ਸਮਕਾਲੀ ਦਸ਼ਾ ਦੀ ਠੋਸ ਖੋਜ ਦੀ ਵੀ ਉਸ ਨੂੰ ਮੁਹਾਰਤ ਹੋਵੇ। ਕੋਈ ਮਾਰਕਸਵਾਦੀ ਵੀ ਲੈਨਿਨ ਦਾ ਇਹ ਕਿਹਾ ਨਜ਼ਰ-ਅੰਦਾਜ਼ ਨਹੀਂ ਕਰ ਸਕਦਾ ਕਿ ਹਰ ਚੀਜ਼ ਵੀ ਠੋਸ (concrete) ਖੋਜ ਹੀ ਮਾਰਕਸਵਾਦ ਦੀ ਜਿੰਦਜਾਨ ਹੈ।

ਇਹ ਠੀਕ ਹੈ ਕਿ ਪਾਰਟੀ, ਜਮਾਤ ਦੀ ਥਾਂ ਕਿਸੇ ਹਾਲਤ ਵਿਚ ਵੀ ਨਹੀਂ ਲੈ ਸਕਦੀ, ਪਰ ਇਸ ਦਾ ਮਤਲਬ ਇਹ ਨਹੀਂ ਕਿ ਸਰਮਾਏਦਾਰੀ ਨੂੰ ਖ਼ਤਮ ਕਰਨ ਅਤੇ ਉਸ ਦੀ ਥਾਂ ਸਮਾਜਵਾਦ ਨੂੰ ਉਸਾਰਨ ਵਿਚ ਪਾਰਟੀ ਦਾ ਰੋਲ ਨਿਗੂਣਾ ਹੈ, ਜਾਂ ਉਸ ਤੋਂ ਬਗ਼ੈਰ ਸਰ ਸਕਦਾ ਹੈ। ਬਾਹਰਲੇ ਹਾਲਾਤ ਜਾਂ ਸਮਾਜਕ ਸਥਿਤੀ ਗੱਲ ਨੂੰ ਮੁਮਕਿਨ ਦੀ ਹਦ ਤਕ ਹੀ ਪੁਚਾਉਂਦੇ ਹਨ। ਸਥਿਤੀ ਵਿਚ ਜੋ ਸੰਭਵ ਹੈ ਉਹ ਆਪਣੇ ਆਪ ਹੀ ਅਸਲੀਅਤ ਨਹੀਂ ਬਣ ਜਾਂਦਾ। ਮੁਮਕਿਨ ਨੂੰ ਅਸਲੀਅਤ ਬਣਾਉਣ ਵਾਸਤੇ ਕਾਫ਼ੀ ਪੈਂਡਾ ਤੈ ਕਰਨਾ ਪੈਂਦਾ ਹੈ, ਕਾਫ਼ੀ ਕੋਸ਼ਿਸ਼, ਕਾਫ਼ੀ ਕਰੜੀ ਜਮਾਤੀ ਜਦੋ-ਜਹਿਦ ਦਰਕਾਰ ਹੁੰਦੀ ਹੈ, ਅਤੇ ਮੁਮਕਿਨ ਨੂੰ ਅਸਲੀਅਤ ਬਣਾਉਣ ਵਾਲੀ ਜਮਾਤ ਲੋੜੀਂਦੀ ਜਮਾਤੀ ਜਦੋ-ਜਹਿਦ ਕਰਨ ਨੂੰ ਆਪਣੇ ਆਪ ਤਿਆਰ ਨਹੀਂ ਹੁੰਦੀ। ਉਹ ਕਾਬਜ਼

ਨਿਜ਼ਾਮ ਦੇ ਨਜ਼ਰੀਏ ਦੀ ਸ਼ਿਕਾਰ ਹੁੰਦੀ ਹੈ, ਉਸ ਦੀ ਕਲਚਰ ਦੇ ਫੰਧੇ ਵਿਚ ਹੁੰਦੀ ਹੈ, ਆਪਣੇ ਇਤਿਹਾਸਕ ਰੋਲ ਵਲੋਂ, ਆਪਣੇ ਜਮਾਤੀ ਹਿੱਤ ਵਲੋਂ ਗਿਆਨ-ਵਿਹੂਣੀ ਹੁੰਦੀ ਹੈ। ਉਸ ਨੂੰ ਕਾਬਜ਼ ਨਿਜ਼ਾਮ ਦੇ ਨਜ਼ਰੀਏ ਤੇ ਕਲਚਰ ਦੇ ਫੰਧੇ ਵਿਚੋਂ ਕਢ ਕੇ ਉਸ ਨੂੰ ਆਪਣੇ ਜਮਾਤੀ ਹਿੱਤ ਦੀ ਪੂਰਤੀ ਲਈ ਚੇਤੰਨ ਕਰਨਾ, ਉਸ ਨੂੰ ਜਥੇਬੰਦ ਕਰਕੇ ਜਮਾਤੀ ਜਦੋ-ਜਹਿਦ ਦੇ ਰਾਹੇ ਪਾਉਣਾ ਕੋਈ ਛੋਟੀ ਜਾਂ ਮਾਮੂਲੀ ਗੱਲ ਨਹੀਂ ਹੁੰਦੀ। ਪਾਰਟੀ ਦੇ ਮੁਖ ਵਿਰੋਧ ਤੇ ਉਸ ਦੀ ਪਰਬਲ ਜੁਜ਼ ਨੂੰ ਸਮਝਣ ਦਾ ਮਨੋਰਥ ਤਾਂ ਸਾਫ਼ ਹੀ ਹੁੰਦਾ ਹੈ। ਮੁਖ ਵਿਰੋਧ ਕੋਈ ਵੀ ਹੋਵੇ ਉਸ ਦੀ ਪ੍ਰਬਲ ਜੁਜ਼ ਲਾਜ਼ਮੀ ਲੋਕ-ਵਿਰੋਧੀ ਹੋਵੇਗੀ। ਪਾਰਟੀ ਦਾ ਮਨੋਰਥ ਵੀ ਸਾਫ਼ ਹੀ ਹੈ ਕਿ ਮੁਖ ਵਿਰੋਧ ਦੀ ਪ੍ਰਬਲ ਜੁਜ਼ ਨੂੰ ਨਿਰਬਲ ਬਣਾਉਣਾ ਅਤੇ ਦੂਜੇ ਪਾਸੇ ਜ਼ੇਰ ਵਗਦੀ ਨੂੰ ਜ਼ਬਰ ਬਣਾਉਣਾ। ਪਾਰਟੀ ਦੇ ਅੰਤਮ ਮਨੋਰਥ ਦਾ ਜ਼ਿਕਰ ਕਰਨ ਦੀ ਤਾਂ ਲੋੜ ਨਹੀਂ। ਇਹ ਮਨੋਰਥ ਤਾਂ ਸਾਫ਼ ਹੀ ਹੈ ਕਿ ਸਰਮਾਏਦਾਰੀ ਦੇ ਵਿਰੁਧ ਇਨਕਲਾਬ ਲਿਆਉਣਾ ਅਤੇ ਪਰੋਲਤਾਰੀ ਤੇ ਉਸਦੀਆਂ ਸਕੀਆਂ ਸੋਦਰੀਆਂ ਜਮਾਤਾਂ ਦੇ ਹੱਥ ਸਟੇਟ ਦੀ ਤਾਕਤ ਦੇ ਕੇ ਉਹਨਾਂ ਨੂੰ ਸਮਾਜਵਾਦ ਦੀ ਉਸਾਰੀ ਦੇ ਰਾਹ ਪਾਉਣਾ। ਪਰ ਇਹ ਨਿਸਬਤਨ ਦੂਰ ਦੇ ਨਿਸ਼ਾਨੇ ਹਨ। ਇਹਨਾਂ ਉਤੇ ਪੜਾਉ ਪੜਾਈ ਹੀ ਪਹੁੰਚਿਆ ਜਾ ਸਕਦਾ ਹੈ। ਸੋ ਪਾਰਟੀ ਹਰ ਸਟੇਜ ਉਤੇ ਪੇਸ਼, ਮੁਖ ਕੰਮ ਨੂੰ ਟਿੱਕਦੀ ਹੈ ਅਤੇ ਅੰਤਮ ਨਿਸ਼ਾਨੇ ਨੂੰ ਮੁਖ ਰਖਦੀ ਹੋਈ, ਉਸ ਦੇ ਪ੍ਰਸੰਗ ਵਿਚ ਹਰ ਸਟੇਜ ਦੇ ਮੁਖ ਕੰਮ ਨੂੰ ਨੇਪਰੇ ਚੜ੍ਹਾਉਣ ਉਤੇ ਲੋਕਾਂ ਦੀ ਸਾਰੀ ਕੋਸ਼ਿਸ਼ ਕੇਂਦਰਤ ਕਰਾਉਂਦੀ ਹੈ। ਜਿਸ ਤਰ੍ਹਾਂ ਮੁਖ ਵਿਰੋਧ ਤੇ ਉਸ ਦੀ ਪ੍ਰਬਲ ਜੁਜ਼ ਦੀ ਸਹੀ ਪਕੜ ਲਾਜ਼ਮੀ ਹੈ, ਏਸੇ ਤਰ੍ਹਾਂ ਹੀ ਹਰ ਸਟੇਜ ਦੇ ਮੁਖ ਕੰਮ ਨੂੰ ਟਿੱਕਣ ਵਿਚ ਹੀ ਕਾਮਯਾਬੀ ਦਾ ਰਾਹ ਹੈ। ਪਾਰਟੀ ਦੀ ਸਿਆਸੀ ਸੂਝ ਇਸ ਗੱਲ ਵਿਚ ਹੁੰਦੀ ਹੈ ਕਿ ਉਹ ਮੁਖ ਕੰਮ ਉਹ ਹੀ ਟਿੱਕਦੀ ਹੈ ਜਿਸ ਨੂੰ ਹਾਲਤ ਦੇ ਪ੍ਰਸੰਗ ਵਿਚ ਉਹ ਲੋਕਾਂ ਕੋਲੋਂ ਨੇਪਰੇ ਚੜ੍ਹਵਾ ਸਕੇ।

ਚੂੰਕਿ ਡਾਇਲੈਕਟਿਕ ਦੀ ਜ਼ੇਰ ਵਗਦੀ ਜੁਜ਼ ਨੂੰ ਜ਼ਬਰ ਬਣਾਉਣ ਦਾ ਮਸਲਾ ਅੰਤ ਤਾਕਤ ਦਾ ਮਸਲਾ ਹੈ, ਚਲ ਰਹੀ ਜਮਾਤੀ ਜਦੋ-ਜਹਿਦ ਵਿਚ ਤਾਕਤ ਦੇ ਤਵਾਜ਼ਨ ਨੂੰ ਬਦਲਣ ਦਾ, ਆਪਣੇ ਹੱਕੀ, ਪਰੋਲਤਾਰੀ ਦੇ ਹਿੱਤੀ ਕਰਨ ਦਾ ਮਸਲਾ ਹੈ, ਸੋ ਸਮਝਣ ਵਾਲੀ ਗੱਲ ਇਹ ਹੈ ਕਿ ਇਹ ਤਾਕਤ ਹੈ ਕਿਥੇ? ਇਸ ਦਾ ਸੋਮਾਂ ਕਿਹੜਾ ਹੈ? ਅਤੇ ਇਸ ਤਕ ਪਾਰਟੀ ਦੇ ਪਹੁੰਚਣ ਵਾਸਤੇ ਰਸਤਾ ਕਿਹੜਾ ਹੈ? ਲੋੜੀਂਦੀ ਤਾਕਤ ਦੋਹਾਂ ਗੱਲਾਂ ਵਿਚ ਹੈ: ਪਰੋਲਤਾਰੀ ਤੇ ਉਸ ਦੀਆਂ ਸਕੀਆਂ ਸੋਦਰੀਆਂ ਜਮਾਤਾਂ ਵਿਚ, ਸਮਾਜ ਦੇ ਮੇਹਨਤਕਸ਼ ਤਬਕੇ ਵਿਚ ਅਤੇ ਪਰੋਲਤਾਰੀ ਦੇ ਪੈਂਤੜੇ ਵਿਚ। ਬੁਰਜਵਾਜ਼ੀ ਦਾ ਪੈਂਤੜਾ ਇਸ ਵੇਲੇ ਪੈਦਾਵਾਰ ਦੀਆਂ ਸ਼ਕਤੀਆਂ ਦੇ ਵਿਕਾਸ ਦਾ ਪੈਂਤੜਾ ਨਹੀਂ। ਸਮਾਜ ਦੀ ਇਤਿਹਾਸਕ ਉਸਾਰੀ ਦੇ ਰਾਹ ਵਿਚ ਉਹ ਰੁਕਾਵਟ ਹੈ। ਇਸ ਦੇ ਵਿਰੁਧ ਪਰੋਲਤਾਰੀ ਦਾ ਪੈਂਤੜਾ ਭਵਿੱਖ-ਮੁਖੀ ਹੈ, ਪੈਦਾਵਾਰ ਦੀਆਂ ਸ਼ਕਤੀਆਂ ਦੇ ਵਿਕਾਸ ਦਾ ਰਾਹ ਹੈ। ਜਿੱਥੇ ਬੁਰਜਵਾਜ਼ੀ ਦਾ ਪੈਂਤੜਾ ਬੰਦੇ ਦੀ ਗੁਲਾਮੀ ਦਾ ਪੈਂਤੜਾ ਹੈ, ਉਥੇ ਪਰੋਲਤਾਰੀ ਦਾ ਪੈਂਤੜਾ ਬੰਦੇ ਦੀ, ਸਰਬਤ ਦੀ ਆਜ਼ਾਦੀ ਦਾ ਰਾਹ ਹੈ। ਇਸ ਵੇਲੇ ਸਮਾਜਕ ਵੇਗ ਆਪ ਸਰਮਾਏਦਾਰੀ ਦੇ ਵਿਰੁਧ ਇਨਕਲਾਬ ਨੂੰ, ਸਮਾਜਵਾਦ ਦੀ ਉਸਾਰੀ ਨੂੰ ਰਾਹ ਦੇ ਰਿਹਾ ਹੈ। ਸਮਾਜਕ ਉਸਾਰੀ ਦਾ ਕਾਨੂੰਨ ਪਰੋਲਤਾਰੀ ਦੇ ਪੈਂਤੜੇ ਦੇ ਪੱਖੀ ਹੈ। ਸਮਾਜ ਦੀ ਇਸ ਇਤਿਹਾਸਕ ਦਸ਼ਾ ਦੀ ਬਹੁਤ ਅਹਿਮੀਅਤ ਹੈ। ਸਮਾਜ ਦੇ ਪਦਾਰਥਕ ਹਾਲਾਤ ਸਮਾਜਕ ਵੇਗ ਦੇ ਦੋਹਾਂ ਵਿਚੋਂ ਇਕ ਧਿਰ ਹਨ, ਅਤੇ ਉਹ ਹੱਕੀ ਹਨ। ਇਕ ਪਾਸੇ ਤੋਂ ਸਮਾਜ ਦੀ ਇਤਿਹਾਸਕ ਉਸਾਰੀ ਦੀ ਸਟੇਜ, ਉਸਦਾ



ਕਾਨੂੰਨ ਭਵਿੱਖ ਦੇ ਰਾਹ ਦੀ, ਸਮਾਜ ਦੀ ਅਗੋਂ ਉਸਾਰੀ ਦੀ ਇਤਿਹਾਸਕ ਜ਼ਿਮੇਂਵਾਰੀ ਪਰੋਲਤਾਰੀ ਦੇ ਪੈਂਤੜੇ 'ਤੇ ਪਾ ਰਿਹਾ ਹੈ ਅਤੇ ਦੂਸਰੇ ਪਾਸੇ ਤੋਂ ਪਰੋਲਤਾਰੀ ਤੇ ਉਸਦੀਆਂ ਸਕੀਆਂ ਸੋਦਰੀਆਂ ਜਮਾਤਾਂ, ਸਮਾਜ ਦਾ ਮੇਹਨਤਕਸ਼ ਤਬਕਾ, ਸਮਾਜ ਦੀ ਭਾਰੀ ਬਹੁਗਿਣਤੀ ਹੈ ਅਤੇ ਸਮਾਜ ਵਿਚ ਕੀਤਾ ਤਾਂ ਅੰਤ ਉਸ ਜਮਾਤ ਦਾ ਹੀ ਹੋਣਾ ਹੈ ਜਿਸ ਵਲ ਸਮਾਜਕ ਵੇਗ ਆਪਣਾ ਰੁਕ ਕਰੀ ਆਉਂਦਾ ਹੈ। ਸਮਾਜਕ ਵੇਗ ਦੀ ਨਜ਼ਰ ਸਵੱਲੀ ਹੋਣ ਦੇ ਪ੍ਰਸੰਗ ਵਿਚ, ਅਜ ਦੀ ਇਤਿ-ਹਾਸਕ ਦਸ਼ਾ ਵਿਚ ਲੋਕ ਇਨਕਲਾਬੀ ਤਾਕਤ ਦਾ ਅਥਾਹ ਖਜ਼ਾਨਾ ਹਨ। ਪਰ ਇਸ ਵੇਲੇ ਆਪਣੇ ਨਜ਼ਰੀਏ ਨਾਲ, ਆਪਣੀ ਕਲਚਰ ਨਾਲ, ਆਪਣੀ ਸਟੇਟ ਨਾਲ ਬੁਰਜਵਾਜ਼ੀ ਲੋਕਾਂ ਦੀ ਇਸ ਤਾਕਤ ਉਤੇ ਛਾਪਾ ਮਾਰੀ ਬੈਠੀ ਹੈ। ਇਸ ਸਾਰੀ ਤਾਕਤ ਦੀ ਨਕੇਲ ਉਸ ਦੇ ਹੱਥ ਵਿਚ ਹੈ ਅਤੇ ਉਹ ਇਸ ਨੂੰ ਕਾਮਯਾਬੀ ਨਾਲ ਆਪਣੇ ਹਿੱਤੀ ਜੋਈ ਫਿਰਦੀ ਹੈ। ਇਸ ਤਾਕਤ ਦਾ ਪਰੋਲਤਾਰੀ ਦੇ ਪੈਂਤੜੇ ਦੇ ਹਿੱਤੀ ਹੋਣ ਵਾਸਤੇ ਰਾਹ ਕਿਹੜਾ ਹੈ? ਇਸ ਤਾਕਤ ਤਕ ਪਾਰਟੀ ਦੀ ਪਹੁੰਚ ਕਿਸ ਤਰ੍ਹਾਂ ਮੁਮਕਿਨ ਹੈ? ਸਾਫ਼ ਹੀ, ਮੇਹਨਤਕਸ਼ ਤਬਕੇ ਦੀ ਬੁਰਜਵਾ ਨਜ਼ਰੀਏ ਤੇ ਬੁਰਜਵਾ ਕਲਚਰ ਦੇ ਫੰਧੇ ਵਿਚੋਂ ਬੰਦ ਖਲਾਸੀ ਵਿਚ। ਆਪਣੇ ਜਮਾਤੀ ਹਿੱਤ ਤੋਂ ਜਾਣੂ ਹੋਣ ਵਿਚ। ਜਮਾਤੀ ਚੇਤਨਤਾ ਗ੍ਰਹਿਣ ਕਰਨ ਵਿਚ। ਮਾਰਕਸਵਾਦੀ ਚੇਤਨਤਾ ਵਰ ਕੇ ਉਸ ਦੇ ਆਧਾਰ 'ਤੇ ਜਥੇਬੰਦ ਹੋਣ ਵਿਚ। ਬੁਰਜਵਾਜ਼ੀ ਦੇ ਨਜ਼ਰੀਏ ਤੇ ਕਲਚਰ ਦੇ ਫੰਧੇ ਵਿਚੋਂ ਨਿਕਲਣ ਦਾ ਤੇ ਮਾਰਕਸਵਾਦੀ ਚੇਤਨਤਾ ਵਰਨ ਦਾ ਲੋਕਾਂ ਵਾਸਤੇ ਵਸੀਲਾ ਕਿਹੜਾ ਹੈ? ਸਿਰਫ਼ ਇੱਕੋ ਅਤੇ ਉਹ ਹੈ ਬੁਰਜਵਾਜ਼ੀ ਦੇ ਵਿਰੁਧ ਲਗਾਤਾਰ ਆਰਥਕ, ਸਿਆਸੀ ਤੇ ਵਿਚਾਰਧਾਰਕ ਜਮਾਤੀ ਜਦੋ-ਜਹਿਦ। ਇਸ ਤੋਂ ਬਗੈਰ ਨਾ ਹੋਰ ਕੋਈ ਰਾਹ ਹੈ ਅਤੇ ਨਾ ਹੀ ਹੋ ਸਕਦਾ ਹੈ। ਹੋਰ ਦੱਸੀਦੇ ਸਭ ਰਾਹ ਭੁਲੇਖੇ ਹਨ, ਲੋਕਾਂ ਨੂੰ ਗੁਮਰਾਹ ਕਰਨ ਦੇ, ਟੋਆ ਵਿਖਾਉਣ ਦੇ ਵਸੀਲੇ ਹਨ।

ਚੂੰਕਿ ਜਮਾਤੀ ਜਦੋ-ਜਹਿਦ ਤੋਂ ਬਿਨਾਂ ਹੋਰ ਕੋਈ ਰਾਹ ਹੀ ਨਹੀਂ, ਇਥੇ ਦੋ ਤੱਥ ਸਾਹਮਣੇ ਆਉਂਦੇ ਹਨ ਜਿਨ੍ਹਾਂ ਦੀ ਅਹਿਮੀਅਤ ਨੂੰ, ਜਿਨ੍ਹਾਂ ਦੇ ਰੋਲ ਨੂੰ ਸਮਝਣਾ ਜ਼ਰੂਰੀ ਹੈ। ਨਿਜਾਤ ਜਮਾਤੀ ਜਦੋ-ਜਹਿਦ ਵਿਚ ਹੈ। ਜਮਾਤੀ ਜਦੋ-ਜਹਿਦ ਅੰਤ ਜਮਾਤ ਨੇ, ਮੇਹਨਤਕਸ਼ ਤਬਕੇ ਨੇ, ਲੋਕਾਂ ਨੇ ਕਰਨੀ ਹੈ। ਜਮਾਤੀ ਜਦੋ-ਜਹਿਦ ਕਰਨ ਵਿਚ ਉਹਨਾਂ ਦੀ ਥਾਂ ਪਾਰਟੀ ਜਾਂ ਹੋਰ ਕਿਸੇ ਨੇ ਤਾਂ ਲੈ ਨਹੀਂ ਲੈਣੀ। ਸੋ ਨਿਜਾਤ ਲੋਕਾਂ ਦੇ ਆਪ ਕਰਤਾ ਬਣਨ ਵਿਚ ਹੈ। ਇਤਿਹਾਸਕ ਜ਼ਿਮੇਂਵਾਰੀ ਸੰਭਾਲਣ ਵਿਚ, ਉਸ ਦੇ ਯੋਗ ਹੋਣ ਵਿਚ ਹੈ। ਜਿਸ ਤਰ੍ਹਾਂ ਅਸੀਂ ਮੁੜ ਮੁੜ ਸਪੱਸ਼ਟ ਕਰਦੇ ਆਏ ਹਾਂ ਕਿ ਬੁਰਜਵਾ ਸਮਾਜ ਵਿਚ ਪਰੋਲਤਾਰੀ ਦੀ ਪੁਜ਼ੀਸ਼ਨ ਡਾਇਲੈਕਟਿਕ ਹੈ। ਇਸ ਨੂੰ ਆਪਣੀ ਇਤਿਹਾਸਕ ਜ਼ਿਮੇਂਵਾਰੀ ਦੀ ਚੇਤਨਤਾ ਸਨਅਤੀ ਕੰਮ ਦੇ ਵੇਗ ਵਿਚੋਂ, ਪੈਦਾਵਾਰ ਦੇ ਬੁਰਜਵਾ ਰੂਪ ਦੇ ਕੰਮ ਵਿਚੋਂ ਨਹੀਂ ਆ ਸਕਦੀ। ਉਥੋਂ ਸਿਰਫ਼ ਟਰੇਡ ਯੂਨੀਅਨੀ ਜਦੋ-ਜਹਿਦ ਦੀ ਚੇਤਨਤਾ ਹੀ ਆ ਸਕਦੀ ਹੈ। ਇਸ ਨੂੰ ਇਸ ਦੀ ਇਤਿਹਾਸਕ ਜ਼ਿਮੇਂਵਾਰੀ ਦੀ ਚੇਤਨਤਾ, ਇਨਕਲਾਬੀ ਮਾਰਕਸਵਾਦੀ ਚੇਤਨਤਾ ਦੇਣੀ ਪੈਂਦੀ ਹੈ। ਲੋ ਇਹ ਚੇਤਨਤਾ ਆਪਣੇ ਅਮਲ ਤੋਂ, ਆਪਣੇ ਅਨੁਭਵ ਤੋਂ ਹੀ ਸਕਦੀ ਹੈ। ਸੋ ਇਸ ਨੂੰ ਚੇਤਨਤਾ ਦੇਣੀ ਪੈਂਦੀ ਹੈ ਇਸ ਦੇ ਆਪਣੇ ਕੋਲੋਂ ਸਿਆਸੀ, ਵਿਚਾਰਧਾਰਕ ਜਮਾਤੀ ਜਦੋ-ਜਹਿਦ ਕਰਵਾ ਕੇ, ਉਸ ਦੇ ਰਾਹੀਂ। ਇਥੇ ਦੋ ਧਿਰਾਂ ਤੇ ਉਹਨਾਂ ਦਾ ਆਪਸ ਵਿਚ ਪੈਂਦਾ ਵਾਸਤਾ, ਉਹਨਾਂ ਦਾ ਆਪਸ ਵਿਚ ਮੇਲ ਆਉਂਦਾ ਹੈ। ਇਕ ਪਾਸੇ ਤੋਂ ਪਾਰਟੀ ਤੇ ਉਸ ਦਾ ਕਾਡਰ, ਅਤੇ ਕਾਡਰ ਦਾ ਰੋਲ ਤੇ ਦੂਸਰੇ ਪਾਸੇ ਤੋਂ ਲੋਕਾਂ,

ਮੇਹਨਤਕਸ਼ ਤਬਕਾ ਤੇ ਉਸ ਦੀ ਆਰਥਕ, ਸਿਆਸੀ, ਵਿਚਾਰਧਾਰਕ ਦਸ਼ਾ ।

ਪਾਰਟੀ ਦੇ ਸਾਹਮਣੇ ਮਸਲਾ ਕੀ ਹੈ ? ਲੋਕਾਂ ਕੋਲੋਂ ਆਰਥਕ, ਸਿਆਸੀ ਤੇ ਵਿਚਾਰਧਾਰਕ ਜਮਾਤੀ ਜਦੋਜਹਿਦ ਕਰਵਾਉਣਾ ਤੇ ਉਹਨਾਂ ਦੀ ਜ਼ੋਰ ਵਗਦੀ, ਨਿਰਬਲ ਹੋਈ ਜੁਜ਼ ਨੂੰ ਪ੍ਰਬਲ ਬਣਾਉਣਾ। ਉਸ ਦੇ ਵਾਸਤੇ ਉਸ ਨੂੰ ਚਾਹੀਦਾ ਕੀ ਹੈ ? ਚਾਹੀਦਾ ਇਹ ਹੈ ਕਿ ਲੋਕੀਂ ਉਸ 'ਤੇ **ਇਤਬਾਰ ਕਰਨ, ਉਸ ਦੀ ਸਿਆਸੀ ਤੇ ਵਿਚਾਰਧਾਰਕ ਅਗਵਾਈ ਮੰਨਣ।** ਲੋਕਾਂ ਨੂੰ ਕਿਸੇ ਦਾ ਚੰਮ ਨਹੀਂ ਮਿੱਠਾ ਹੁੰਦਾ, ਕੰਮ ਮਿੱਠਾ ਹੁੰਦਾ ਹੈ। ਜਿੰਨਾਂ ਚਿਰ ਚਲਦੀ ਡਾਇਲੈਕਟਿਕ ਵਿਚ ਬੁਰਜਵਾ ਜੁਜ਼ ਪ੍ਰਬਲ ਹੈ ਤੇ ਮੇਹਨਤਕਸ਼ ਤਬਕੇ ਦੀ ਜੁਜ਼ ਨਿਰਬਲ ਹੈ, ਓਨਾਂ ਚਿਰ ਲੋਕਾਂ ਦੇ ਸਾਹਮਣੇ ਮਸਲਾ ਕੀ ਹੈ ? ਰੋਜ਼-ਬਰੋਜ਼ੀ ਜੀਊਣ ਦੀਆਂ ਲੋੜਾਂ ਕਿਥੋਂ ਤੇ ਕਿਸ ਤਰ੍ਹਾਂ ਪੂਰੀਆਂ ਹੋਣੀਆਂ ਹਨ। ਉਹਨਾਂ ਉਤੇ ਗੁਲੀ ਜੁਲੀ ਕੁਲੀ ਦਾ ਮਸਲਾ ਹੀ ਭਾਰੂ ਹੋਇਆ ਰਹਿੰਦਾ ਹੈ। ਇਹ ਹੀ ਕਿਸੇ ਪਾਸੇ ਉਹਨਾਂ ਨੂੰ ਸਾਹ ਨਹੀਂ ਲੈਣ ਦੇਂਦਾ। ਸਭ ਕਿਸਮ ਦੀਆਂ ਅਣਹੋਂਦਾਂ ਹੀ ਉਹਨਾਂ ਨੂੰ ਮਾਰੀ ਜਾ ਰਹੀਆਂ ਹੁੰਦੀਆਂ ਨੇ। ਇਹ ਮਸਲਾ ਹੀ ਉਹਨਾਂ ਦਾ ਐਸ ਤਰ੍ਹਾਂ ਸਾਹ ਪੀਤੀ ਰਖਦਾ ਹੈ ਕਿ ਸਿਆਸੀ ਸਟੇਜ 'ਤੇ ਆਉਣ ਦੀ ਉਹਨਾਂ ਨੂੰ ਹੋਸ਼ ਹੀ ਨਹੀਂ ਆਉਣ ਦੇਂਦਾ। ਉਹਨਾਂ ਨੂੰ **ਤਾਂ ਉਹ ਹੀ ਆਪਣਾ ਬਣਦਾ ਮਹਿਸੂਸ ਹੋਵੇਗਾ ਤੇ ਪਿਆਰਾ ਲਗੇਗਾ ਜੋ ਉਹਨਾਂ ਨੂੰ ਇਸ ਮਸਲੇ ਦੇ ਹੱਲ ਦਾ ਰਾਹ ਵਿਖਾਵੇ, ਉਸ ਦੇ ਹੱਲ ਵਿਚ ਮਦਦ ਕਰੇ।** ਸੋ ਪਾਰਟੀ ਵਾਸਤੇ ਲਾਜ਼ਮੀ ਹੈ ਕਿ ਉਸ ਦਾ ਕਾਡਰ ਲੋਕਾਂ ਵਿਚ ਵਿਚਰੇ ਅਤੇ ਉਹ ਲੋਕਾਂ ਦੀ ਰੋਜ਼-ਬਰੋਜ਼ੀ ਜ਼ਿੰਦਗੀ ਦੀਆਂ ਲੋੜਾਂ ਦੇ ਮਸਲੇ ਨੂੰ ਆਪਣਾ ਸਮਝ ਕੇ ਉਹਨਾਂ ਨਾਲ ਫਾਟਾਂ ਭੰਣਾਵੇ ਤਾਕਿ ਲੋਕ ਉਸ ਨੂੰ ਆਪਣਾ ਤਨਦੇਹੀ ਮਹਿਸੂਸ ਕਰਨ।

ਲੋਕਾਂ ਦੀ ਰੋਜ਼-ਬਰੋਜ਼ੀ ਜ਼ਿੰਦਗੀ ਦੀਆਂ ਲੋੜਾਂ ਦੇ ਮਸਲੇ ਵਿਚ ਕਾਡਰ ਦੇ ਪੈਣ ਨੂੰ ਮਜਬੂਰੀ ਸਮਝਣਾ ਕਿਉਂਕਿ ਇਸ ਦੇ ਬਗ਼ੈਰ ਕਾਡਰ ਦੀ ਲੋਕਾਂ ਤਕ ਪਹੁੰਚ ਹੀ ਮੁਮਕਿਨ ਨਹੀਂ—ਇਕ ਬੜੀ ਅਧੂਰੀ ਤੇ ਗ਼ਲਤ ਸਮਝ ਹੈ। ਜੇ ਪਾਰਟੀ ਤੇ ਉਸ ਦੇ ਕਾਡਰ ਨੇ ਲੋਕਾਂ ਕੋਲੋਂ ਆਰਥਕ, ਸਿਆਸੀ ਤੇ ਵਿਚਾਰਧਾਰਕ ਜਮਾਤੀ ਜਦੋ-ਜਹਿਦ ਕਰਵਾਉਣੀ ਹੈ ਤਾਂ ਉਸ ਨੇ ਲਾਜ਼ਮੀ ਉਸ ਸਟੇਜ ਤੋਂ ਸ਼ੁਰੂ ਕਰਨਾ ਹੈ ਜਿਸ ਸਟੇਜ ਉਤੇ ਜਮਾਤੀ ਜਦੋ-ਜਹਿਦ ਹੈ। ਲੋਕਾਂ ਦਾ ਆਪਣੀ ਰੋਜ਼-ਬਰੋਜ਼ੀ ਜ਼ਿੰਦਗੀ ਦੀਆਂ ਲੋੜਾਂ ਦਾ ਮਸਲਾ—ਜੋ ਉਹਨਾਂ ਨੂੰ ਮਿਲਦਾ ਹੈ, ਜੋ ਨਹੀਂ ਮਿਲਦਾ—ਜਮਾਤੀ ਜਦੋ-ਜਹਿਦ ਵਿਚ ਉਹਨਾਂ ਦੀ ਪੁਜ਼ੀਸ਼ਨ ਦਾ ਅਕਸ ਹੈ, ਉਸ ਦਾ ਨਤੀਜਾ ਹੈ। ਜਮਾਤੀ ਸਮਾਜ ਵਿਚ, ਦੂਸਰੇ ਲਫ਼ਜ਼ਾਂ ਵਿਚ ਜਮਾਤੀ ਜਦੋ-ਜਹਿਦ ਵਿਚ ਜੋ ਵੀ ਕਿਸੇ ਜਮਾਤ ਨੂੰ ਮਿਲਦਾ ਹੈ ਉਸ ਦੀ ਤਾਕਤ ਦੇ ਆਧਾਰ 'ਤੇ, ਉਸ ਦਾ ਦਵਾਇਆ ਹੀ ਮਿਲਦਾ ਹੈ। ਮੁਫ਼ਤ ਮੁੱਲਾ ਨਾ ਕੁਝ ਮਿਲਦਾ ਹੈ ਨਾ ਮਿਲ ਹੀ ਸਕਦਾ ਹੈ। ਕਿਸੇ ਖ਼ਾਸ ਪ੍ਰਸੰਗ ਵਿਚ ਜਿੱਥੇ ਲੋਕ ਹੈਨ ਉਹ ਇਸ ਵਾਸਤੇ ਹੈਨ ਕਿ ਜਮਾਤੀ ਜਦੋ-ਜਹਿਦ ਵਿਚ ਤਾਕਤ ਦਾ ਤਵਾਜ਼ਨ ਉਹਨਾਂ ਨੂੰ ਉਥੇ ਰਖ ਰਿਹਾ ਹੈ। ਜੋ ਉਹਨਾਂ ਦੀਆਂ ਅਣਹੋਂਦਾਂ ਹਨ ਉਹ ਜਮਾਤੀ ਜਦੋ-ਜਹਿਦ ਵਿਚ ਤਾਕਤ ਦੇ ਤਵਾਜ਼ਨ ਦੀ ਕਿਰਤ, ਉਸਦੀਆਂ ਪੈਦਾ ਕੀਤੀਆਂ ਹੋਈਆਂ ਹਨ। ਜੇ ਮੇਹਨਤਕਸ਼ ਤਬਕੇ ਨੇ, ਜੋ ਕੁਛ ਮਿਲ ਰਿਹਾ ਹੈ ਉਸ ਨਾਲੋਂ ਵਧੇਰੇ ਲੈਣਾ ਹੈ ਤਾਂ ਜਮਾਤੀ ਜਦੋ-ਜਹਿਦ ਵਿਚ ਤਾਕਤ ਦੇ ਤਵਾਜ਼ਨ ਨੂੰ ਆਪਣੇ ਹੱਕੀ ਕਰਨ ਤੋਂ ਬਗ਼ੈਰ, ਉਸ ਤਵਾਜ਼ਨ ਨੂੰ ਬਦਲਣ ਤੋਂ ਬਗ਼ੈਰ ਨਹੀਂ ਮਿਲ ਸਕਦਾ। ਜਮਾਤੀ ਜਦੋ-ਜਹਿਦ ਭਾਵੇਂ ਟਰੇਡ ਯੂਨੀਅਨੀ ਹੀ ਕਿਉਂ ਨਾ ਹੋਵੇ ਉਸ ਦੇ ਕੀਤਿਆਂ, ਉਸ ਵਿਚ ਕਾਮਯਾਬ ਹੋਇਆਂ ਬਗ਼ੈਰ ਨਹੀਂ ਮਿਲ ਸਕਦਾ। ਹਾਕਮ ਜਮਾਤ ਮੇਹਨਤਕਸ਼ ਤਬਕੇ ਨੂੰ ਜੋ ਦੇਂਦੀ ਹੈ ਉਹ ਇਸ



ਵਾਸਤੇ ਦੇਂਦੀ ਹੈ ਕਿ ਜਮਾਤੀ ਜਦੋ-ਜਹਿਦ ਵਿਚ ਤਾਕਤ ਦੇ ਤਵਾਜ਼ਨ ਦੇ ਪ੍ਰਸੰਗ ਵਿਚ ਓਨਾ ਦੇਣ ਤੋਂ ਬਗ਼ੈਰ ਗੁਜ਼ਾਰਾ ਨਹੀਂ। ਉਹ ਵੀ ਨਾ ਦਿੱਤਾ ਤਾਂ 'ਤੰਗ ਆਇਤ ਬਜੰਗ ਆਇਤ', ਹੋਰ ਵੱਢਿਆ ਚੱਕ ਪੁਠਾ ਪੈ ਸਕਦਾ ਹੈ। ਜੋ ਉਹ ਨਹੀਂ ਦੇਂਦੀ ਉਹ ਇਸ ਵਾਸਤੇ ਨਹੀਂ ਦੇਂਦੀ ਕਿਉਂਕਿ ਆਪਣੀ ਤਾਕਤ 'ਤੇ ਉਸ ਨੂੰ ਭਰੋਸਾ ਹੁੰਦਾ ਹੈ। ਉਹ ਜਾਣਦੀ ਹੈ ਕਿ ਜੇ ਨਹੀਂ ਦਿਆਂਗੇ ਤਾਂ ਮੇਹਨਤਕਸ਼ ਤਬਕਾ ਸਾਡਾ ਕੀ ਖੋਹ ਲਵੇਗਾ।

ਸਾਡੇ ਲਈ ਇਥੇ ਸਮਝਣ ਵਾਲੀ ਗੱਲ ਇਹ ਹੀ ਹੈ ਕਿ ਲੋਕਾਂ ਦੀ ਰੋਜ਼-ਬਰੋਜ਼ੀ ਜ਼ਿੰਦਗੀ ਦੀਆਂ ਲੋੜਾਂ ਦਾ ਮਸਲਾ ਉਤੋਂ ਐਵੇਂ ਪਿਆ ਮਸਲਾ ਨਹੀਂ। ਜਿਸ ਸਟੇਜ 'ਤੇ ਜਮਾਤੀ ਜਦੋ-ਜਹਿਦ ਅਸਲ ਵਿਚ ਹੈ, ਇਹ ਉਸ ਦਾ ਇਜ਼ਹਾਰ ਹੈ। ਇਹਨਾਂ ਲੋੜਾਂ ਦੇ ਪੂਰਿਆਂ ਹੋਣ ਵਾਸਤੇ ਲੜਨਾ, ਜਮਾਤੀ ਜਦੋ-ਜਹਿਦ ਨੂੰ ਅਸਲੀਅਤ ਦੀ ਪੱਧਰ ਤੋਂ ਚੁਕਣਾ ਹੈ। ਜੋ ਲੋਕਾਂ ਦੀ ਜ਼ਿੰਦਗੀ ਦਾ ਅਮਲੀ ਮਸਲਾ ਹੈ ਉਹ ਹੀ ਉਹਨਾਂ ਦੇ ਨੁਕਤੇ ਤੋਂ ਉਸ ਸਟੇਜ 'ਤੇ, ਆਰਥਕ ਪੱਧਰ 'ਤੇ ਜਮਾਤੀ ਜਦੋ-ਜਹਿਦ ਦਾ ਮਸਲਾ ਹੈ। ਉਹਨਾਂ ਦੇ ਮਸਲੇ ਦਾ ਤਸੱਲੀਬਖ਼ਸ਼ ਹੱਲ, ਜਾਂ ਕਾਡਰ ਦਾ ਉਸ ਦੇ ਹੱਲ ਵਾਸਤੇ ਆਪਣਾ ਪੂਰਾ ਤਾਣ ਲਾਉਣਾ ਲੋਕਾਂ ਦਾ ਆਪਣੇ 'ਤੇ ਇਤਬਾਰ ਜਮਾਉਣ ਦਾ ਰਾਹ ਹੈ। ਕਾਡਰ ਦਾ ਮਤਲਬ ਹੀ ਇਹ ਹੁੰਦਾ ਹੈ ਕਿ ਉਸ ਦੀ ਕਰਨੀ ਦੇ ਆਧਾਰ 'ਤੇ ਲੋਕਾਂ ਨੂੰ ਆਪਣੀ ਹੱਡਬੀਤੀ ਤੋਂ ਇਹ ਯਕੀਨ ਹੋ ਜਾਵੇ ਕਿ ਉਸ ਨੇ ਉਹਨਾਂ ਦੇ ਹਿੱਤ ਨੂੰ ਆਪਣਾ ਹਿੱਤ ਬਣਾ ਲਿਆ ਹੈ। ਉਹਨਾਂ ਨਾਲ ਉਸ ਨੇ ਆਪਣੇ ਮਰਨ ਜੀਊਣ ਦੀ ਸਾਂਝ ਪਾ ਲਈ ਹੈ ਅਤੇ ਕੁਝ ਵੀ ਹੋਵੇ ਉਹ ਉਹਨਾਂ ਦਾ ਹੋਇਆ ਮਰਦਾ ਹੈ। ਜਦੋਂ ਲੋਕ ਆਪਣੇ ਨਾਲ ਬੀਤਦੀ ਤੋਂ ਆਪਣੀ ਅੱਖੀਂ ਵੇਖ ਲੈਣ ਕਿ ਕਮਿਊਨਿਸਟ ਪਾਰਟੀ ਦਾ ਕਾਡਰ ਤਾਂ ਉਹਨਾਂ ਦੇ ਦੁਖ ਪੀੜ ਦਾ ਹਰ ਤਰ੍ਹਾਂ ਖ਼ਿਆਲ ਹੈ ਅਤੇ ਬੁਰਜਵਾ ਪਾਰਟੀਆਂ ਤੇ ਉਹਨਾਂ ਦੇ ਵਰਕਰ ਅੰਦਰੋਂ, ਦਿਲੋਂ ਉਹਨਾਂ ਦੇ ਨਹੀਂ ਤੇ ਅੰਤ ਉਹਨਾਂ ਨਾਲ ਪਤਰਾਜ਼ੀ ਕਰਦੇ ਹਨ, ਤਾਂ ਮਾਰਕਸੀ ਪਾਰਟੀ ਦੇ ਕਾਡਰ ਦਾ ਸਮਝੋ ਰਾਹ ਖੁਲ੍ਹ ਗਿਆ। **ਮਾਰਕਸੀ ਕਾਡਰ ਲੋਕਾਂ ਨੂੰ ਸਿਰਫ਼ ਸਲਾਹ ਹੀ ਨਹੀਂ ਦੇਂਦਾ। ਉਹ ਉਹਨਾਂ ਨੂੰ ਸਿਰਫ਼ ਇਹ ਹੀ ਨਹੀਂ ਦਸਦਾ ਕਿ ਇਹ ਕੰਮ ਕਰਨ ਵਾਲਾ ਹੈ। ਉਹ ਉਹਨਾਂ ਨਾਲ ਰਲਕੇ ਕੰਮ ਨੂੰ ਨੇਪਰੇ ਚੜ੍ਹਾਉਣ ਦਾ ਤਰੀਕਾ ਲਭਦਾ ਹੈ।** ਉਹਨਾਂ ਨਾਲ ਬੈਠ ਕੇ ਵਿਚਾਰ ਕਰਦਾ ਹੈ। ਫ਼ੈਸਲੇ ਕਰਦਾ ਹੈ। ਅਮਲੀ ਕਦਮ ਉਠਾਉਂਦਾ ਹੈ। ਹੋਏ ਜਾਂ ਰਹਿ ਗਏ ਕੰਮ ਦਾ ਜਾਇਜ਼ਾ ਲੈਂਦਾ ਹੈ। ਨਿੱਕੀ ਮੋਟੀ ਗੱਲ 'ਤੇ ਅੱਖ ਰਖਦਾ ਹੈ। ਜ਼ਿਮੇਵਾਰੀ ਨੂੰ ਤਨ-ਦੇਹੀ ਨਾਲ ਨਿਭਾਉਂਦਾ ਹੈ। ਇਕ ਗੱਲ ਦਾ ਖ਼ਾਸ ਖ਼ਿਆਲ ਰਖਦਾ ਹੈ ਕਿ **ਬੁਰਜਵਾ ਪਾਰਟੀਆਂ ਦੇ ਕਾਡਰਾਂ ਦੀ ਕਰਨੀ ਨਾਲੋਂ ਉਸਦੀ ਕਰਨੀ ਬਤੌਰ ਕਿਸਮ ਵਖਰੀ ਹੋਵੇ। ਉਸ ਵਿਚ ਪਤਰਾਜ਼ੀ ਦਾ, ਮੂੰਹ ਰਖਣੀ ਦਾ ਸੁਪਨੇ ਵਿਚ ਵੀ ਰਲਾ ਨਾ ਪਵੇ।** ਬੁਰਜਵਾ ਰਾਜ-ਪ੍ਰਬੰਧ ਦੇ ਪੁਰਜ਼ਿਆਂ ਦੇ ਕੰਮ ਕਰਨ ਤੇ ਕਰਾਉਣ ਦੇ ਤਰੀਕੇ ਦਾ ਅਸਲਾ ਲਾਜ਼ਮੀ ਅਫ਼ਸਰਾਨਾ ਹੁੰਦਾ ਹੈ। ਇਹ ਕਾਡਰ ਉਸ ਤਰੀਕੇ ਦੇ ਐਨ ਉਲਟ ਸਬਰ ਨਾਲ ਸਮਝਣ ਤੇ ਸਮਝਾਉਣ ਦੇ ਤਰੀਕੇ ਤੋਂ ਹੀ ਕੰਮ ਲੈਂਦਾ ਹੈ। ਲੋਕਾਂ ਨਾਲ ਸਹੀ ਅਰਥਾਂ ਵਿਚ ਭਾਈਵਾਲੀ ਪਾਉਂਦਾ ਹੈ।

ਮਾਰਕਸੀ ਪਾਰਟੀ ਤੇ ਉਸ ਦੇ ਕਾਡਰ ਨੇ ਲੋਕਾਂ ਨੂੰ ਪਰ ਆਰਥਕ ਜਮਾਤੀ ਜਦੋ-ਜਹਿਦ ਦੇ ਪੱਧਰ 'ਤੇ ਹੀ ਨਹੀਂ ਬਿਠਾਈ ਰਖਣਾ ਹੁੰਦਾ। ਉਹਨਾਂ ਅੰਤ ਮੇਹਨਤਕਸ਼ ਤਬਕੇ ਨੂੰ ਸਿਆਸੀ ਤੇ ਵਿਚਾਰਧਾਰਕ ਜਮਾਤੀ ਜਦੋ-ਜਹਿਦ ਦੀ ਪਟੜੀਏ ਪਾਉਣਾ ਹੁੰਦਾ ਹੈ। **ਸੋ ਆਰਥਕ ਜਮਾਤੀ ਜਦੋ-ਜਹਿਦ ਦੇ ਦੌਰਾਨ ਉਹ ਲੋਕਾਂ ਨੂੰ ਸਿਆਸੀ ਤੇ ਵਿਚਾਰਧਾਰਕ ਮਸਲਿਆਂ ਦੀ ਚੇਟਕ**

ਵੀ ਲਾਉਂਦੇ ਹਨ। ਉਹਨਾਂ ਦੀ ਆਰਥਕ ਦਸ਼ਾ ਇਹ ਕਿਉਂ ਹੈ ਇਹ ਵੀ ਸਮਝਾਉਂਦੇ ਹਨ। ਕਿਉਂਕਿ ਲੋਕਾਂ ਦਾ ਇਤਬਾਰ ਉਹਨਾਂ ਉਤੇ ਜੰਮਦਾ ਜਾ ਰਿਹਾ ਹੁੰਦਾ ਹੈ, ਜੰਮ ਗਿਆ ਹੁੰਦਾ ਹੈ ਲੋਕ ਉਹਨਾਂ ਦੀ ਗੱਲ ਨੂੰ ਸੁਟ ਨਹੀਂ ਪਾਉਂਦੇ। ਉਸ ਵਲ ਧਿਆਨ ਦੇਂਦੇ ਹਨ। ਸਿਆਸੀ ਤੇ ਵਿਚਾਰਧਾਰਕ ਖੇਤਰ ਵਿਚ ਉਹਨਾਂ ਦੀ ਅਗਵਾਈ ਮੰਨਣ ਦੇ ਰਾਹੇ ਪੈਂਦੇ ਹਨ। ਲੋਕਾਂ ਦਾ ਕਾਡਰ ਉਤੇ ਇਤਬਾਰ ਇਕ ਤਾਂ ਉਸ ਦੀ ਅਕਲ ਉਤੇ ਜੰਮਦਾ ਹੈ, (ਜੋ ਕਿ ਮਾਰਕਸਵਾਦ ਦੀ, ਪਰੋਲਤਾਰੀ ਦੇ ਪੈਂਤੜੇ ਦੀ ਅਕਲ ਹੁੰਦੀ ਹੈ। ਅਕਲ 'ਤੇ ਇਤਬਾਰ ਇਸ ਵਾਸਤੇ ਜੰਮਦਾ ਹੈ ਕਿ ਮਾਰਕਸਵਾਦੀ ਹੋਣ ਕਰਕੇ ਉਸ ਦੀ ਅਕਲ ਉਨ੍ਹਾਂ ਦੇ ਅਮਲੀ ਜ਼ਿੰਦਗੀ ਦੇ ਮਸਲਿਆਂ ਦੇ ਹੱਲ ਨੂੰ ਸੂਤ ਬਹਿੰਦੀ ਹੈ) ਅਤੇ ਦੂਸਰੇ ਉਹ ਨਿਰੀ ਜ਼ਬਾਨੀ ਜਮ੍ਹਾਂ-ਖ਼ਰਚ ਹੀ ਨਹੀਂ ਹੁੰਦੀ, ਅਮਲ ਨਾਲ ਉਸ ਦੀ ਏਕਤਾ ਹੁੰਦੀ ਹੈ। ਕਾਡਰ ਨੂੰ ਕੰਮ ਦਾ ਭੇਤ ਹੁੰਦਾ ਹੈ ਅਤੇ ਉਸ ਨੂੰ ਕਰਨ ਕਰਾਉਣ ਦੀ ਉਸ ਵਿਚ ਕਾਬਲੀਅਤ ਹੁੰਦੀ ਹੈ। ਨਾ ਉਹ ਅੱਕਦਾ ਦਿਸਦਾ ਹੈ ਅਤੇ ਨਾ ਹੀ ਥਕਦਾ। ਨਾ ਮੁਸ਼ਕਲ ਕੋਲੋਂ ਡਰਦਾ ਹੈ, ਨਾ ਕੁਰਬਾਨੀ ਕਰਨੋ ਝਿਜਕਦਾ ਹੈ। ਬਲਦੀ ਦੇ ਬੁੱਥੇ ਪੈਣ ਨੂੰ ਉਹ ਸਭ ਨਾਲੋਂ ਮੋਹਰੀ ਹੁੰਦਾ ਹੈ। ਨੀਅਤ ਉਸ ਦੀ ਲੋਕਾਂ ਅਜ਼ਮਾ ਲਈ ਹੁੰਦੀ ਹੈ ਅਤੇ ਉਹਨਾਂ ਨੂੰ ਯਕੀਨ ਹੋ ਗਿਆ ਹੁੰਦਾ ਹੈ ਕਿ ਨੀਅਤ ਉਸ ਦੀ ਸਾਫ ਹੈ ਅਤੇ ਅਮਲੋਂ ਆਚਰਨੋਂ ਉਹ ਸੁੱਚਾ ਹੈ।

ਕਾਡਰ ਆਪਣੀ ਨੀਅਤ, ਅਮਲ ਤੇ ਆਚਰਨ ਵਲੋਂ ਲੋਕਾਂ ਦੇ ਅੰਦਰ ਇਸ ਵਾਸਤੇ ਪੈ ਜਾਂਦਾ ਹੈ ਕਿ ਪਰੋਲਤਾਰੀ ਦੇ ਪੈਂਤੜੇ ਦਾ ਕੰਮ ਉਹ ਸਿਰਫ਼ ਫ਼ਰਜ਼ ਜਾਂ ਜ਼ਿਮੇਵਾਰੀ ਸਮਝ ਕੇ ਨਹੀਂ ਕਰਦਾ। ਉਹ ਫ਼ਰਜ਼ ਦੀ ਪੱਧਰ ਤੋਂ ਟੱਪ ਚੁਕਾ ਹੁੰਦਾ ਹੈ। ਉਹ ਤਨੋਂ ਮਨੋਂ ਆਪਣੇ ਆਪ ਨੂੰ ਇਸ ਪੈਂਤੜੇ ਦੇ ਅਰਪਨ ਕਰ ਚੁਕਾ ਹੁੰਦਾ ਹੈ ਅਤੇ ਇਸ ਕੰਮ ਨੂੰ ਕਰਨਾ ਉਸ ਦੀ ਆਦਤ ਹੀ ਬਣ ਚੁਕੀ ਹੁੰਦੀ ਹੈ। ਇਸ ਕੰਮ ਨੂੰ ਉਹ ਕਸੀਸ ਵੱਟ ਕੇ ਨਹੀਂ ਕਰ ਰਿਹਾ ਹੁੰਦਾ। ਪੱਕੇ ਹੋਏ ਹਾਲਾਤ ਦੇ ਪ੍ਰਸੰਗ ਵਿਚ ਸਰਮਾਏਦਾਰੀ ਦੇ ਵਿਰੁਧ ਇਨਕਲਾਬ ਨੂੰ ਲਿਆਉਣਾ ਤੇ ਉਸ ਦੇ ਮਗਰੋਂ ਸਮਾਜਵਾਦ ਨੂੰ ਉਸਾਰਨਾ ਮੁਮਕਿਨ ਹੀ ਤਾਂ ਹੈ ਜੇ ਪਾਰਟੀ ਦੀ ਸਿਆਸੀ ਲਾਈਨ ਦੇ ਸਹੀ, ਮਾਰਕਸੀ ਹੋਣ ਤੋਂ ਉਤਰ ਕੇ ਲੋਕਾਂ ਦਾ ਪਾਰਟੀ 'ਤੇ ਇਤਬਾਰ ਹੋਵੇ। ਹੋਰ ਸਭਸ ਨੂੰ ਕੱਟ ਕੇ ਇਸ 'ਤੇ ਹੀ ਇਤਬਾਰ ਹੋਵੇ। ਲੋਕਾਂ ਦਾ ਇਹ ਇਤਬਾਰ ਬਹੁਤ ਹੱਦ ਤਕ ਉਹਨਾਂ ਦੇ ਕਾਡਰ 'ਤੇ ਇਤਬਾਰ ਦਾ ਹੀ ਦੂਸਰਾ ਨਾਂ ਹੈ। ਕਾਡਰ ਦੇ ਲੋਕਾਂ ਨਾਲ ਰਿਸ਼ਤੇ ਦੀ ਅਹਿਮੀਅਤ ਐਨੀ ਹੈ ਕਿ ਇਸ ਦਾ ਜ਼ਿਕਰ ਥੋਹੜਾ ਅੱਗੇ ਜਾਕੇ ਵੀ ਕੀਤਾ ਜਾਵੇਗਾ।

ਅਸਾਂ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਲੋਕਾਂ ਦੇ ਰੋਜ਼-ਬਰੋਜ਼ੀ ਜ਼ਿੰਦਗੀ ਦੇ ਮਸਲਿਆਂ ਤੋਂ ਤੁਰਨਾ ਜਮਾਤੀ ਜਦੋ-ਜਹਿਦ ਨੂੰ ਅਸਲੀਅਤ ਦੀ ਪੱਧਰ ਤੋਂ ਚੁਕਣਾ ਹੈ। ਇਹ ਹੀ ਲੋੜ ਲੋਕਾਂ ਦੀ ਚੇਤਨਤਾ ਬਾਬਤ ਹੈ। ਇਸ ਤੱਥ ਨੂੰ ਦੁਹਰਾਉਣਾ ਬੇਲੋੜਾ ਹੈ ਕਿ ਬੁਰਜਵਾਜ਼ੀ, ਸਮਾਜ ਦੇ ਮੇਹਨਤਕਸ਼ ਤਬਕੇ ਨੂੰ ਆਪਣੇ ਅਧੀਨ ਸਿਰਫ਼ ਸਟੇਟ ਦੀ ਤਾਕਤ ਨਾਲ ਹੀ ਨਹੀਂ ਰਖਦੀ ਬਲਕਿ ਆਪਣੇ ਨਜ਼ਰੀਏ ਤੇ ਕਲਚਰ ਦੇ ਫੰਧੇ ਨਾਲ ਵੀ ਰਖਦੀ ਹੈ। ਉਸ ਦੇ ਨਜ਼ਰੀਏ ਤੇ ਕਲਚਰ ਦੇ ਫੰਧੇ ਦਾ ਹਲ ਵਿਚਾਰਧਾਰਕ ਜਮਾਤੀ ਜਦੋ-ਜਹਿਦ ਹੈ। ਇਹ ਤਾਂ ਕਿਸੇ ਕੋਲੋਂ ਭੁਲਿਆ ਹੋਇਆ ਨਹੀਂ ਕਿ ਬੁਰਜਵਾਜ਼ੀ ਦੇ ਵਿਰੁਧ ਇਨਕਲਾਬ ਤੇ ਮਗਰੋਂ ਸਮਾਜਵਾਦ ਦੀ ਉਸਾਰੀ ਲਈ ਪਰੋਲਤਾਰੀ ਤੇ ਉਸ ਦੀਆਂ ਸਕੀਆਂ ਸੋਦਰੀਆਂ ਜਮਾਤਾਂ ਦਾ ਮਾਰਕਸਵਾਦੀ ਪਾਰਟੀ ਸਿਆਸੀ ਤੇ ਵਿਚਾਰਧਾਰਕ ਅਡੰਬਰ ਹੈ। ਮਨਾਂ ਦੀ ਮਲਕੀਅਤ ਵਾਸਤੇ ਵੀ ਜਮਾਤੀ ਜਦੋ-ਜਹਿਦ ਚੁਕਣੀ ਤਾਂ ਉਸ ਦਸ਼ਾ ਤੋਂ ਹੀ ਪੈਂਦੀ ਹੈ ਜੋ ਲੋਕਾਂ ਦੀ ਚੇਤਨਤਾ ਦੀ ਦਸ਼ਾ ਹੈ। ਏਥੇ ਸਮਝਣ ਵਾਲਾ ਨੁਕਤਾ ਇਹ ਹੈ ਕਿ ਜਿਸ ਤਰ੍ਹਾਂ



ਸਮਾਜ 'ਤੇ ਕਬਜ਼ਾ ਉਸ ਜਮਾਤ ਦਾ ਹੁੰਦਾ ਹੈ ਜੋ ਸਮਾਜ ਦੇ ਆਰਥਕ ਵਸੀਲਿਆਂ ਤੇ ਸਿਆਸੀ ਤਾਕਤ, ਸਟੇਟ, ਦੀ ਮਾਲਕ ਹੋਵੇ, ਏਸੇ ਤਰ੍ਹਾਂ ਹੀ ਸਮਾਜ ਦੀ ਵਾਗ-ਡੋਰ ਉਸੇ ਜਮਾਤ ਦੇ ਹੱਥ ਹੁੰਦੀ ਹੈ ਜਿਸ ਦਾ ਨਜ਼ਰੀਆ ਤੇ ਜਿਸ ਦੀ ਕਲਚਰ, ਜਿਸ ਦੇ ਅਮਲ ਦਾ ਕਾਇਦਾ ਸਮਾਜ ਵਿਚ ਪ੍ਰਵੇਸ਼ ਕਰਦਾ ਹੋਵੇ, ਸਮਾਜ 'ਤੇ ਭਾਰੂ ਹੋਵੇ। ਇਹ ਤੱਥ ਸਮਝਣਾ ਕੋਈ ਔਖਾ ਨਹੀਂ। ਲੋਕਾਂ ਅੰਤ ਉਸ ਰਾਹੇ ਹੀ ਪੈਣਾ ਹੈ ਜਿਸ ਰਾਹੇ ਉਹਨਾਂ ਦੇ ਖ਼ਿਆਲ, ਵਿਸ਼ਵਾਸ ਤੇ ਮਨ ਦਾ ਵੇਗ ਪਾਉਣ। ਜੇ ਲੋਕਾਂ ਦੇ ਦਿਲ ਦਿਮਾਗ ਹਾਕਮ ਜਮਾਤ ਦੇ ਨਜ਼ਰੀਏ ਤੇ ਕਲਚਰ ਦੇ ਪੰਜੇ ਵਿਚ ਹਨ ਤਾਂ ਉਹ ਆਪਣੇ ਹਿੱਤ 'ਤੇ ਕਿਸ ਤਰ੍ਹਾਂ ਖੜ ਸਕਦੇ ਹਨ, ਉਸ ਵਾਸਤੇ ਪਿੜ ਬੰਨ੍ਹਕੇ ਲੜ ਕਿਸ ਤਰ੍ਹਾਂ ਸਕਦੇ ਹਨ? ਜਿਧਰ ਬੰਦੇ ਦਾ ਦਿਲ ਦਿਮਾਗ ਜਾਂਦਾ ਹੈ ਓਧਰ ਹੀ ਉਸ ਦਾ ਅਮਲ ਜਾਵੇਗਾ।

ਇਨਕਲਾਬ ਦੇ ਮਗਰੋਂ ਰੂਸੀ ਪਾਰਟੀ ਨੂੰ ਰਾਜ-ਪ੍ਰਬੰਧ ਚਲਾਉਣਾ ਪਿਆ। ਜਦੋਂ ਉਸ ਦੇ ਮੈਂਬਰ ਰਾਜ-ਪ੍ਰਬੰਧ ਵਿਚ ਕੰਮ ਕਰਦੇ ਬੁਰਜਵਾ ਪੁਰਜ਼ਿਆਂ ਦੇ ਸ਼ਿਕਾਰ ਹੋਕੇ ਭੰਬਲ ਭੂਸੇ ਖਾਣ ਲਗ ਪਏ ਤਾਂ ਬਾਵਜੂਦ ਸਟੇਟ ਉਤੇ ਪਾਰਟੀ ਦੇ ਕਬਜ਼ੇ ਦੇ, ਲੈਨਿਨ ਨੇ ਖ਼ਤਰਾ ਮਹਿਸੂਸ ਕੀਤਾ ਤੇ ਪਾਰਟੀ ਨੂੰ ਆਗਾਹ ਕਰਨ ਵਾਸਤੇ ਉਸ ਨੇ ਕਿਹਾ ਕਿ ਜੇ ਕੋਈ ਕਿਸੇ ਮੁਲਕ ਉਤੇ ਕਬਜ਼ਾ ਕਰ ਵੀ ਲਵੇ, ਤੇ ਜੇ ਜੇਤੂਆਂ ਦੀ ਕਲਚਰ ਹਾਰਿਆਂ ਹੋਇਆਂ ਦੀ ਕਲਚਰ ਨਾਲੋਂ ਨਿਰਸ ਹੈ ਤਾਂ ਜੇਤੂਆਂ ਉਤੇ ਹਾਰਿਆਂ ਹੋਇਆਂ ਦੀ ਕਲਚਰ ਭਾਰੂ ਹੋ ਜਾਵੇਗੀ। ਮਤਲਬ ਹੈ ਕਿ ਹਾਰੇ ਹੋਏ ਹੋਣ ਦੇ ਬਾਵਜੂਦ ਉਹ ਜੇਤੂਆਂ ਉਤੇ ਭਾਰੂ ਹੋ ਜਾਣਗੇ। ਲੈਨਿਨ ਆਪਣੀ ਪਾਰਟੀ ਨੂੰ ਕਹਿ ਰਿਹਾ ਸੀ ਕਿ ਪਾਰਟੀ ਦੀ ਕਲਚਰ ਬੁਰਜਵਾਜ਼ੀ ਦੀ ਕਲਚਰ ਨਾਲੋਂ ਨਿਰਸ ਹੈ, ਨੀਵੀਂ ਹੈ। ਜੇ ਇਹ ਢਿੱਲੀ ਹੀ ਰਹੀ ਤਾਂ ਪਾਰਟੀ ਉਤੇ ਬੁਰਜਵਾ ਕਲਚਰ ਗ਼ਲਬਾ ਪਾ ਜਾਵੇਗੀ, ਉਸ ਦੇ ਅਮਲ ਦਾ ਤਰੀਕਾ ਬੁਰਜਵਾ ਅਮਲ ਵਾਲਾ ਹੀ ਹੋ ਜਾਵੇਗਾ ਅਤੇ ਪਾਰਟੀ ਦਾ ਜੁੱਸਾ ਜਮਾਤੀ ਤੌਰ 'ਤੇ ਬਦਲ ਜਾਵੇਗਾ। ਅਮਲ ਦਾ ਕਾਇਦਾ ਹੀ ਰਿਸ਼ਤਿਆਂ ਦਾ ਦੂਸਰਾ ਨਾਂ ਹੈ। ਬੁਰਜਵਾ ਅਮਲ ਦੇ ਕਾਇਦੇ ਦੇ ਰਾਇਜ਼ ਹੋ ਜਾਣ ਦਾ ਅਰਥ ਬੁਰਜਵਾ ਰਿਸ਼ਤਿਆਂ ਦਾ ਬਹਾਲ ਹੋ ਜਾਣਾ, ਬਰਕਰਾਰ ਹੋ ਜਾਣਾ ਹੈ। ਲੈਨਿਨ ਨੇ ਇਸ ਗੱਲ ਉਤੇ ਵੱਖ ਵੱਖ ਲਫ਼ਜ਼ਾਂ ਵਿਚ ਬੇਅੰਤ ਜ਼ੋਰ ਦਿੱਤਾ ਹੈ। ਉਸ ਨੇ ਕਿਹਾ ਹੈ ਕਿ ਇਨਕਲਾਬੀ ਸਿਧਾਂਤ ਤੋਂ ਬਗੈਰ ਕੋਈ ਇਨਕਲਾਬੀ ਲਹਿਰ ਮੁਮਕਿਨ ਨਹੀਂ। ਪਾਰਟੀ ਅਗਵਾਈ ਤਾਂ ਹੀ ਕਰ ਸਕਦੀ ਹੈ ਜੇ ਉਸ ਦੇ ਕੋਲ ਸਹੀ ਸਿਧਾਂਤ ਹੋਵੇ। ਕੋਈ ਇਨਕਲਾਬ ਕਾਮਯਾਬ ਹੋ ਨਹੀਂ ਸਕਦਾ ਜਿੰਨਾਂ ਚਿਰ ਇਨਕਲਾਬੀ ਸਿਧਾਂਤ ਦੀ ਲੋਕਾਂ ਨੂੰ ਪਕੜ ਨਾ ਹੋਵੇ ਜਾਂ ਇਉਂ ਕਹਿ ਲਵੋ ਕਿ ਜਿੰਨਾਂ ਚਿਰ ਇਨਕਲਾਬੀ ਸਿਧਾਂਤ ਅਵਾਮਾਂ ਉਤੇ ਭੂਤ ਵਾਂਗੂੰ ਸਵਾਰ ਨਾ ਹੋਵੇ। ਜੇ ਮਨਾਂ ਦੀ ਲੜਾਈ ਵਿਚ, ਜੇ ਵਿਚਾਰਧਾਰਕ ਜਮਾਤੀ ਜਦੋ-ਜਹਿਦ ਵਿਚ ਪੈਰ ਨਾ ਲਗਦੇ ਹੋਣ, ਜੇ ਉਸ ਵਿਚ ਹਾਰ ਹੋ ਰਹੀ ਹੋਵੇ ਤਾਂ ਸਿਆਸੀ ਜਮਾਤੀ ਜਦੋ-ਜਹਿਦ ਵਿਚ ਜਿੱਤ ਹੋ ਹੀ ਨਹੀਂ ਸਕਦੀ। ਇਸ ਵਾਸਤੇ ਹੀ ਮਾਉ ਕਹਿੰਦਾ ਹੈ ਕਿ ਸਾਡੇ ਵਾਸਤੇ ਲਾਜ਼ਮੀ ਹੈ ਕਿ ਅਸੀਂ ਮੁਲਖਈਏ ਨੂੰ ਫੌਰੀ ਤੌਰ 'ਤੇ ਜੋ ਉਹਨਾਂ ਦਾ ਹਿੱਤ ਹੈ ਉਹ ਹੀ ਨਹੀਂ ਬਲਕਿ ਜੋ ਉਹਨਾਂ ਦਾ ਦੂਰ ਤਕ ਦਾ ਹਿੱਤ ਹੈ, ਸਹੀ ਜਮਾਤੀ ਹਿੱਤ ਹੈ ਉਹ ਵੀ ਉਹਨਾਂ ਦੇ ਹੱਡਾਂ ਵਿਚ ਪਾਈਏ। ਉਹ ਕਹਿੰਦਾ ਹੈ ਕਿ ਜਿੰਨਾਂ ਚਿਰ ਅਵਾਮਾਂ ਨੂੰ ਸੱਚ ਦੀ ਸੂਝ ਨਹੀਂ ਲਗਦੀ, ਉਹ ਤਨੋਂ ਮਨੋਂ ਸਾਂਝੇ ਮਨੋਰਥ ਵਾਸਤੇ ਲੜ ਨਹੀਂ ਸਕਦੇ। ਜਦੋਂ ਉਹ ਦਿਲੋਂ ਇਕ ਹੋ ਜਾਣ ਉਹਨਾਂ ਦੇ ਸਾਹਮਣੇ ਕੋਈ ਮੁਸ਼ਕਲ ਵੀ ਠਹਿਰ ਨਹੀਂ ਸਕਦੀ। ਉਹ ਕਹਿੰਦਾ ਹੈ ਕਿ ਮਾਰਕਸਵਾਦ ਦਾ ਬੁਨਿਆਦੀ ਅਸੂਲ ਹੀ ਇਹ ਹੈ ਕਿ ਅਵਾਮਾਂ ਨੂੰ ਆਪਣਾ ਹਿੱਤ ਜਾਣਨ ਵਿਚ ਉਹਨਾਂ ਦੀ ਮਦਦ ਕੀਤੀ ਜਾਵੇ ਤਾਕਿ ਉਹ ਇਕ ਮੁੱਠ ਹੋਕੇ ਆਪਣੇ

ਹਿੱਤਾਂ ਵਾਸਤੇ ਲੜ ਸਕਣ । ਉਹ ਇਸ ਗੱਲ 'ਤੇ ਜ਼ੋਰ ਦੇਂਦਾ ਹੈ ਕਿ ਵਿਚਾਰਧਾਰਕ ਵਿਦਿਆ mass line 'ਤੇ ਹੋਣੀ ਚਾਹੀਦੀ ਹੈ । ਇਸ ਤੋਂ ਬਗੈਰ ਅਵਾਮਾਂ ਦਾ ਪੈਰਖ ਤੇ ਉਹਨਾਂ ਦੀ ਉਸਾਰੂ ਇਨਕਲਾਬੀ ਸ਼ਕਤੀ ਸਿਰ ਹੀ ਨਹੀਂ ਪੁੰਗਦੀ । ਉਹ ਗੱਲ ਹੀ ਏਥੋਂ ਤੋਰਦਾ ਹੈ ਕਿ ਪਾਰਟੀ ਤੇ ਉਸ ਦੇ ਕਾਡਰ ਦਾ ਲੋਕਾਂ ਨਾਲ ਰਿਸ਼ਤਾ ਘਿਉ-ਖਿਚੜੀ ਵਾਲਾ ਹੋਣ ਤੋਂ ਬਗੈਰ ਗੱਲ ਬਣ ਹੀ ਨਹੀਂ ਸਕਦੀ । ਪਾਰਟੀ ਦੀ ਲੀਡਰਸ਼ਿਪ ਨੇ ਪਾਰਟੀ ਦੀ ਨੀਤੀ ਦੀ ਲੋਕਾਂ ਦੇ ਅਮਲ ਵਿਚ ਤਰਜਮਾਨੀ ਕਰਨੀ ਹੁੰਦੀ ਹੈ, ਅਤੇ ਉਹ ਹੋ ਹੀ ਨਹੀਂ ਸਕਦੀ ਜਿੰਨਾ ਚਿਰ ਜਦੋ-ਜਹਿਦ ਦਾ ਮੂਲ ਅਗਲਿਆਂ ਦੀ ਝੋਲੀ ਨਾ ਪਵੇ । ਮਾਰਕਸਵਾਦੀ ਲੀਡਰਸ਼ਿਪ ਦਾ ਕੰਮ ਹੀ ਇਹ ਹੈ ਕਿ ਉਹ ਗੱਲ ਨੂੰ ਅਵਾਮਾਂ ਦੇ ਪੱਲੇ ਪਾਕੇ ਉਹਨਾਂ ਨੂੰ ਆਪਣੇ ਨਾਲ ਤੋਰਨ । ਮਾਉ ਅਵਾਮਾਂ ਦੇ ਦਿਲਾਂ ਦਿਮਾਗਾਂ ਵਿਚ ਮਾਰਕਸਵਾਦ ਦੇ ਝਾੜੂ ਦੇਣ ਨੂੰ ਬੁਨਿਆਦੀ ਕਰਾਰ ਦੇਂਦਾ ਹੈ । ਉਹ ਕਹਿੰਦਾ ਹੈ ਕਿ ਗਰਦਾ ਉਥੋਂ ਹੀ ਸਾਫ਼ ਹੁੰਦਾ ਹੈ ਜਿੱਥੇ ਝਾੜੂ ਪਹੁੰਚੇ, ਜਿੱਥੇ ਝਾੜੂ ਨਾ ਪਹੁੰਚੇ ਉਥੇ ਗਰਦਾ ਉਸੇ ਤਰ੍ਹਾਂ ਹੀ ਜੰਮਿਆਂ ਰਹਿੰਦਾ ਹੈ । ਇਸ ਤਰ੍ਹਾਂ ਹੀ ਲੋਕਾਂ ਦੇ ਦਿਲਾਂ ਦਿਮਾਗਾਂ ਵਿਚ ਪੁਰਾਣੇ ਨਿਜ਼ਾਮਾਂ ਦੇ ਪਾਏ ਹੋਏ ਖ਼ਿਆਲ, ਵਿਸ਼ਵਾਸ, ਜਜ਼ਬੇ ਬਰਕਰਾਰ ਰਹਿੰਦੇ ਹਨ ਜਿੰਨਾਂ ਚਿਰ ਕਿ ਮਾਰਕਸਵਾਦ ਦੇ ਝਾੜੂ ਨਾਲ ਉਨ੍ਹਾਂ ਨੂੰ ਖ਼ਤਮ ਨਾ ਕੀਤਾ ਜਾਵੇ । ਜਿਸ ਨੂੰ ਉਹ ਅਵਾਮਾਂ ਦੇ ਦਿਲਾਂ ਵਿਚ ਮਾਰਕਸਵਾਦ ਦਾ ਝਾੜੂ ਦੇਣਾ ਕਹਿੰਦਾ ਹੈ ਉਹ ਹੀ ਵਿਚਾਰਧਾਰਕ ਜਮਾਤੀ ਜਦੋ-ਜਹਿਦ ਹੈ, ਉਸ ਵਿਚ ਜਿੱਤ ਹੈ । ਇਸ ਜਿੱਤ ਨਾਲ ਹੀ ਲੋਕਾਂ ਨੂੰ ਆਪਣੀ ਤਾਕਤ ਵਿਚ ਵਿਸ਼ਵਾਸ ਬੱਝਦਾ ਹੈ ।

ਫ਼ੀਊਡਲ ਸਮਾਜ ਨੇ ਲੋਕਾਂ ਕੋਲੋਂ ਮੁਹਾਰਨੀ ਬੁਲਵਾਈ ਹੋਈ ਸੀ ਕਿ ਰੱਬ ਦੇ ਰੰਗ ਨੇ, ਮੱਥੇ ਦੇ ਲੇਖ ਹੀ ਲੈਣੇ ਨੇ, ਆਪੋ ਆਪਣੀ ਕਿਸਮਤ ਹੈ ਕਿਸੇ ਦੀ ਚੰਗੀ ਕਿਸੇ ਦੀ ਮਾੜੀ, ਪਿਛਲੇ ਜਨਮਾਂ ਦੇ ਕੀਤੇ ਕਰਮਾਂ ਦਾ ਫਲ ਹੀ ਭੋਗਣਾ ਹੈ, ਆਪਣਾ ਕੀਤਾ ਹੀ ਪਾਉਣਾ ਹੈ । ਸਟੇਟ ਦਾ ਡਰ ਤਾਂ ਹੈ ਹੀ ਸੀ, ਪਰ ਉਸ ਤੋਂ ਇਲਾਵਾ ਇਹਨਾਂ ਤੇ ਇਹਨਾਂ ਦੇ ਹੋਰ ਸੰਗੀ ਵਿਸ਼ਵਾਸਾਂ, ਉਹਨਾਂ ਦੇ ਪਿਛੇ ਖੜੋਤੇ ਜਜ਼ਬਿਆਂ, ਤੇ ਉਨ੍ਹਾਂ ਜਜ਼ਬਿਆਂ 'ਤੇ ਆਧਾਰਤ ਅਮਲਾਂ ਤੇ ਉਹਨਾਂ ਅਮਲਾਂ ਦੀ ਹੱਦਬੰਦੀ ਦਾ ਬੱਧਾ ਸਮਾਜ ਦਾ ਮੇਹਨਤਕਸ਼ ਤਬਕਾ ਆਪਣੇ ਆਪ ਹੀ ਫ਼ੀਊਡਲ ਦਾ ਪਾਣੀ ਭਰਦਾ ਰਿਹਾ । ਅਜ ਇਹ ਤਬਕਾ ਇਕਾਨੋਮਿਜ਼ਮ ਦਾ ਸ਼ਿਕਾਰ ਹੋਇਆ ਬੁਰਜਵਾਜ਼ੀ ਦੇ ਅੱਗੇ ਵੀ ਵਗਦਾ ਆ ਰਿਹਾ ਹੈ । ਜੇ ਪਰੋਲਤਾਰੀ ਤੇ ਉਸ ਦੀਆਂ ਸੱਕੀਆਂ ਸੋਦਰੀਆਂ ਜਮਾਤਾਂ ਆਜ਼ਾਦ ਹੋਣਾ ਹੈ ਅਤੇ ਮਰਦ ਬਣ ਕੇ ਜੀਊਣਾ ਹੈ ਤਾਂ ਲਾਜ਼ਮੀ ਹੈ ਕਿ ਇਸ ਕਿਸਮ ਦਿਆਂ ਵਿਸ਼ਵਾਸਾਂ ਤੇ ਇਹਨਾਂ ਦੀ ਪਿੱਠ ਠੋਕਦਿਆਂ ਜਜ਼ਬਿਆਂ ਦਾ ਖ਼ਾਤਮਾਂ ਹੋਵੇ ਅਤੇ ਲੋਕਾਂ ਦਿਆਂ ਦਿਲਾਂ ਦਿਮਾਗ਼ਾਂ ਨੂੰ ਮਾਰਕਸਵਾਦ ਦੇ ਸਿਧਾਂਤ ਨਾਲ ਸਿੰਜਿਆ ਜਾਵੇ । ਜਿਸ ਤਰ੍ਹਾਂ ਉਹ ਫ਼ੀਊਡਲ ਨਿਜ਼ਾਮ ਵਿਚ ਕਿਸਮਤ ਤੇ ਕਰਮਾਂ ਦੀ ਮੁਹਾਰਨੀ ਬੋਲਦੇ ਸਨ, ਉਸ ਤਰ੍ਹਾਂ ਉਹ ਹੁਣ ਜਮਾਤੀ ਜਦੋ-ਜਹਿਦ ਦੀ ਮੁਹਾਰਨੀ ਪਟਾਕਣ । ਸਵਾਲ ਸੱਜਿਉਂ ਉਠੇ ਜਾਂ ਖਬਿਉਂ, ਉਹਨਾਂ ਦੇ ਦਿਲਾਂ ਦਿਮਾਗ਼ਾਂ ਵਿਚੋਂ ਨਿਕਲੇ ਹੀ ਇਹ ਕਿ ਗੱਲ ਤਾਂ ਜਮਾਤੀ ਜਦੋ-ਜਹਿਦ ਦੀ ਹੈ, ਉਸ ਵਿਚ ਤਾਕਤ ਦੇ ਤਵਾਜ਼ਨ ਦੀ ਹੈ । ਸਵਾਲ ਤਾਂ ਜਮਾਤੀ ਚੇਤਨਤਾ ਦਾ ਹੈ । ਉਸ ਦੇ ਆਧਾਰ 'ਤੇ ਜਥੇਬੰਦ ਹੋਣ ਦਾ ਹੈ । ਸਿੱਧੀਂ ਹੱਥੀਂ ਤਾਂ ਅਗਲੇ ਲਈ ਨਹੀਂ ਬੈਠੇ । ਸਾਰੀ ਗੱਲ ਤਾਂ ਸਿਆਸੀ ਤਾਕਤ ਹੱਥ ਆਉਣ ਦੀ ਹੈ । ਜਿਸ ਤਰ੍ਹਾਂ ਕਿਸਮਤ ਤੇ ਕਰਮਾਂ ਦੀ ਮੁਹਾਰਨੀ ਇਨਕਲਾਬੀ ਅਮਲ ਦਾ ਮੂੰਹ ਮੁੰਜਦੀ ਹੈ, ਏਸੇ ਤਰ੍ਹਾਂ ਜਮਾਤੀ ਜਦੋ-ਜਹਿਦ ਤੇ ਉਸ ਵਿਚ ਤਾਕਤ ਦੇ ਤਵਾਜ਼ਨ ਦੀ ਮੁਹਾਰਨੀ ਇਨਕਲਾਬੀ ਅਮਲ ਦਾ ਰਾਹ ਖੋਲ੍ਹਦੀ, ਓਧਰ ਨੂੰ ਉਡਾਉਂਦੀ



ਹੈ । ਸਹੀ ਸਿਧਾਂਤ ਸਹੀ ਅਮਲ ਦਾ ਪਰੇਰਕ ਹੁੰਦਾ ਹੈ ।

ਲੋਕਾਂ ਦੇ ਮਨਾਂ ਨੂੰ ਪਰੋਲਤਾਰੀ ਦੀ ਵਿਚਾਰਧਾਰਾ ਨਾਲ ਸਿੰਜਣਾ ਕਿਸ ਨੇ ਹੈ ? ਕਿਸ ਤਰ੍ਹਾਂ ਹੈ ? ਜੁਆਬ ਸਾਫ਼ ਹੈ ਕਿ ਪਾਰਟੀ ਨੇ, ਉਸ ਦੇ ਪ੍ਰੈਸ ਨੇ, ਉਸ ਦੇ ਟਰੇਂਡ ਕੀਤੇ ਹੋਏ, ਤਾਕ ਕੀਤੇ ਹੋਏ ਕਾਡਰ ਨੇ, ਅਤੇ ਆਪਣੀ ਅਗਵਾਈ ਹੇਠ ਕਰਵਾਏ ਹੋਏ ਲੋਕਾਂ ਕੋਲੋਂ ਅਮਲ ਰਾਹੀਂ । ਪਾਰਟੀ ਦੀ ਅਗਵਾਈ ਹੇਠ ਇਨਕਲਾਬੀ ਅਮਲ, ਪਾਰਟੀ ਦੀ ਲੀਡਰਸ਼ਿਪ ਤੇ ਉਸ ਦੇ ਕਾਡਰ ਦੀ ਮਿਸਾਲ, ਖੁਲ੍ਹਾ ਵਿਚਾਰ ਵਟਾਂਦਰਾ, ਤੇ ਕਾਡਰ ਦੀ ਹਰ ਮੌਕੇ ਕੀਤੀ ਹਾਲਾਤ ਦੀ ਵਿਆਖਿਆ — ਸਭ ਰਲਵੇਂ ਮਿਲਵੇਂ ਕੰਮ ਆਉਣਗੇ । ਜਿਵੇਂ ਜਿਵੇਂ ਲੋਕ ਇਸ ਰਾਹੇ ਪੈਣਗੇ ਉਹ ਬੁਰਜਵਾ ਅਮਲ ਤੇ ਬੁਰਜਵਾ ਰਿਸ਼ਤਿਆਂ ਦੇ ਵਿਰੁਧ ਖੜ੍ਹੇ ਹੋਣ ਦਾ ਹੀਆ ਕਰਨਗੇ । ਏਸ ਨੁਕਤੇ ਵਲ ਧਿਆਨ ਦਿਵਾਉਣਾ ਬੇਲੋੜਾ ਨਹੀਂ ਕਿ ਭਾਵੇਂ ਫ਼ੀਊਡਲ ਸੀ ਤੇ ਭਾਵੇਂ ਹੁਣ ਬੁਰਜਵਾਜ਼ੀ ਹੈ ਉਹ ਮੇਹਨਤਕਸ਼ ਤਬਕੇ ਨੂੰ ਆਪਣੇ ਜ਼ੋਰ (ਆਪਣੀ ਸਟੇਟ ਤੇ ਰਾਜ-ਪ੍ਰਬੰਧ ਤੋਂ ਇਲਾਵਾ) ਆਪਣੇ ਨਜ਼ਰੀਏ ਤੇ ਆਪਣੀ ਕਲਚਰ ਨਾਲ ਨੱਥ ਕੇ, ਉਸ ਦੀ ਨਕੇਲ ਪਾਕੇ, ਮਤਲਬ ਕਲਚਰਲ ਤੌਰ 'ਤੇ ਆਪਣੇ ਨਾਲੋਂ ਨਿਰਸ ਬਣਾ ਕੇ ਹੀ ਰਖ ਰਹੀ ਹੈ । ਸਿੱਟਾ ਸਾਫ਼ ਹੈ ਕਿ ਪਾਰਟੀ ਤੇ ਉਸ ਦਾ ਕਾਡਰ ਕੀ, ਜੇ ਸਮਾਜ ਦਾ ਮੇਹਨਤਕਸ਼ ਤਬਕਾ ਵਿਚਾਰਧਾਰਕ ਤੌਰ 'ਤੇ, ਕਲਚਰਲ ਤੌਰ 'ਤੇ ਬੁਰਜਵਾਜ਼ੀ ਨਾਲੋਂ ਨਿਰਸ ਹੀ ਰਿਹਾ, ਸਮਾਜਵਾਦ ਦੀ ਪੱਧਰ 'ਤੇ ਨਾ ਪਹੁੰਚਿਆ ਤਾਂ ਆਇਆ ਹੋਇਆ ਇਨਕਲਾਬ ਵੀ ਕੁਰਾਹੇ ਪੈ ਜਾਵੇਗਾ । ਫ਼ਰਜ਼ ਕਰੋ, ਕਿਸੇ ਕਰਾਮਾਤ ਨਾਲ (ਜੋ ਕਿ ਮੁਮਕਿਨ ਨਹੀਂ) ਸਮਾਜਵਾਦ ਸਥਾਪਤ ਹੋਇਆ ਵੀ ਹੋਵੇ, ਤਾਂ ਉਹ ਵੀ ਢਹਿ ਢੇਰੀ ਹੋ ਜਾਵੇਗਾ । ਕਾਬਜ਼ ਅੰਤ ਉਹ ਹੀ ਜਮਾਤ ਹੋਵੇਗੀ ਤੇ ਰਹੇਗੀ ਜੋ ਕਲਚਰਲ ਤੌਰ 'ਤੇ ਹਾਵੀ ਹੈ । ਇਹ ਕੋਈ ਫੋਕਾ ਡਰਾਵਾ ਨਹੀਂ । ਸਾਇੰਟਿਫ਼ਿਕ ਅਸਲੀਅਤ ਹੈ । ਕਲਚਰ ਹੈ ਕੀ ? ਵਸੋਂ ਦੇ, ਕਿਸੇ ਜਮਾਤ ਦੇ ਦਿਲਾਂ ਦਿਮਾਗਾਂ ਦਾ ਵੇਗ । ਬੰਦੇ ਦਾ ਅਮਲ ਕੁਦਰਤੀ ਉਸ ਦੇ ਦਿਲ ਦਿਮਾਗ਼ ਦੇ ਵੇਗ ਉਤੇ ਨਿਰਭਰ ਹੈ । ਜੇ ਪਾਰਟੀ ਦੇ ਕਾਡਰ ਦਾ, ਪਰੋਲਤਾਰੀ ਤੇ ਉਸ ਦੀਆਂ ਸਕੀਆਂ ਸੋਦਰੀਆਂ ਜਮਾਤਾਂ ਦਾ, ਸਮਾਜਵਾਦ ਦੇ ਮੁਦੱਈਆਂ ਦਾ ਦਿਲ ਦਿਮਾਗ, ਉਹਨਾਂ ਦਾ ਅਮਲ ਸਮਾਜਵਾਦ ਦੀ ਪੱਧਰ 'ਤੇ ਨਾ ਪਹੁੰਚਿਆ ਤਾਂ ਬੁਰਜਵਾਜ਼ੀ ਨੇ ਸਮਾਜ ਦੀ ਸਟੇਜ ਤੋਂ ਲੱਥਣਾ ਕਿਸ ਤਰ੍ਹਾਂ ਹੈ ? ਕਿਸੇ ਨਾ ਕਿਸੇ ਸ਼ਕਲ ਵਿਚ ਉਹ ਲਾਜ਼ਮੀ ਕਾਬਜ਼ ਰਹੇਗੀ । ਜੇ ਗਿਆਨ ਦੀ, ਕਲਚਰ ਦੀ ਠੇਕੇਦਾਰੀ ਬੁਰਜਵਾਜ਼ੀ ਦੇ ਹੱਥ ਵਿਚ ਹੀ ਰਹੀ ਤਾਂ ਪਰੋਲਤਾਰੀ ਉਸ ਦੀ ਭੱਠ ਹੀ ਝੋਕੇਗੀ । ਜੇ ਕਲਚਰ ਦਾ ਕਿਲ੍ਹਾ ਬੁਰਜਵਾਜ਼ੀ ਦੇ ਹੱਥ ਵਿਚ ਹੀ ਰਿਹਾ ਤਾਂ ਪਰੋਲਤਾਰੀ ਜਿੱਤ ਕੇ ਵੀ ਅੰਤ ਹਾਰ ਸਕਦੀ ਹੈ । ਜਿਹੜਾ ਜਮਾਤੀ ਪੈਂਤੜਾ ਵਸੋਂ ਦੇ ਦਿਲਾਂ ਦੀ, ਦਿਮਾਗਾਂ ਦੀ ਬਾਜ਼ੀ ਲੈ ਗਿਆ, ਉਹ ਸਮਾਜਕ ਅਮਲ ਦੀ ਬਾਜ਼ੀ ਜਿੱਤ ਗਿਆ । ਜਿਹੜਾ ਸਮਾਜਕ ਅਮਲ ਦੀ ਬਾਜ਼ੀ ਜਿੱਤ ਗਿਆ, ਉਹ ਸਮਾਜ ਦਾ ਮਾਲਕ ਹੋ ਗਿਆ ।

ਪਾਰਟੀ ਦੇ ਸਾਹਮਣੇ ਸਿਰਫ਼ ਆਪਣੇ ਕਾਡਰ ਦੇ ਹੀ ਨਹੀਂ, ਬਲਕਿ ਪਰੋਲਤਾਰੀ ਤੇ ਉਸ ਦੇ ਨਾਲ ਦੀਆਂ ਜਮਾਤਾਂ ਦੇ ਮਨਾਂ ਦੀ ਨਵਿਉਂ ਸਿਰਿਉਂ ਸਿਰਜਣਾ ਕਰਨ ਦਾ ਮਸਲਾ ਹੈ । ਮਾਰਕਸਵਾਦ ਦੀ ਬੋਲੀ ਵਿਚ ਇਸ ਦਾ ਨਾਂ ਆਰਥਕ ਤੇ ਸਿਆਸੀ ਦੇ ਨਾਲ ਨਾਲ ਵਿਚਾਰਧਾਰਕ ਜਮਾਤੀ ਜਦੋ-ਜਹਿਦ ਵਿਚ ਜਿੱਤ—ਵਿਚਾਰਧਾਰਕ ਰਿਸ਼ਤਿਆਂ ਵਿਚ ਇਕਨਲਾਬੀ ਤਬਦੀਲੀ—ਕਲਚਰਲ ਇਨਕਲਾਬ ਹੈ ।

— (ਚਲਦਾ)








ਜੇ. ਸਿੰਘ, ਲੁਧਿਆਣਾ

## ਭਾਰਤੀ ਕਮਿਊਨਿਸਟ ਲਹਿਰ ਵਿਚ ਭਰਿਸ਼ਟਾਚਾਰ

ਸਤੰਬਰ 1977 ਦੇ ਸੇਧ ਵਿਚ ਅਸੀਂ ਭਾਰਤੀ ਕਮਿਊਨਿਸਟ ਪਾਰਟੀਆਂ ਵਲੋਂ ਇਨਕਲਾਬੀ ਪਲ ਜਾਣ-ਬੁਝ ਕੇ ਖੁੰਝਾ ਦਿਤੇ ਜਾਣ ਬਾਰੇ ਵਿਚਾਰ ਕਰਦਿਆਂ ਇਸ ਦੇ ਚਾਰ ਕਾਰਨ ਦਸੇ ਸਨ। ਅਕਤੂਬਰ 1977 ਦੇ ਰਸਾਲੇ ਵਿਚ ਅਸੀਂ ਸਿਧਾਂਤਕ ਕਾਰਨ ਵਿਚ ਸਿਧਾਂਤਕ ਅਧਿਅਨ ਨੂੰ ਬੇਲੋੜਾ ਸਮਝਣ ਤੇ ਸਿਧਾਂਤ ਨੂੰ ਕੁਚੱਜੇ ਢੰਗ ਨਾਲ ਲਾਗੂ ਕਰਨ ਬਾਬਤ ਚਰਚਾ ਕੀਤੀ ਸੀ। ਨਵੰਬਰ 1977 ਦੇ ਪਰਚੇ ਵਿਚ ਅਸੀਂ ਕਮਿਊਨਿਸਟ ਪਾਰਟੀਆਂ ਦੇ ਜਮਹੂਰੀਅਤ-ਵਿਰੋਧੀ ਜਥੇਬੰਦਕ ਢਾਂਚੇ ਦਾ ਵਰਨਣ ਕੀਤਾ ਸੀ ਕਿ ਜਿਸ ਢਾਂਚੇ ਵਿਚ ਰੈਂਕ-ਐਂਡ-ਫਾਇਲ ਕਾਡਰ ਨੂੰ ਢੱਗਿਆਂ ਵਾਂਗ ਵਾਹਿਆ ਜਾਂਦਾ ਹੈ। ਅਜ ਅਸੀਂ ਕਮਿਊਨਿਸਟ ਲਹਿਰ ਅੰਦਰਲੇ ਭਰਿਸ਼ਟਾਚਾਰ ਉਤੇ ਝਾਤ ਪਾਵਾਂਗੇ।

ਭਰਿਸ਼ਟਾਚਾਰ ਬੁਰਜਵਾ ਸਮਾਜ ਦਾ ਸਮਾਨਾਰਥੀ ਹੁੰਦਾ ਹੈ। ਜਾਂ ਅਸੀਂ ਕਹਿ ਸਕਦੇ ਹਾਂ — ਪੂੰਜੀਵਾਦ, ਤੇਰਾ ਦੂਜਾ ਨਾਂ ਭਰਿਸ਼ਟਾਚਾਰ! ਪੂੰਜੀਵਾਦੀ ਸਿਧਾਂਤ ਦਾ ਇਕ ਮੁਖ ਥੀਸਸ ਇਹ ਹੈ ਕਿ ਹਰ ਇਕ ਆਦਮੀ ਦੀ ਇਕ ਕੀਮਤ ਹੁੰਦੀ ਹੈ। ਇਹ ਕੀਮਤ ਤਾਰ ਕੇ ਉਸ ਨੂੰ ਖਰੀਦਿਆ ਜਾ ਸਕਦਾ ਹੈ। ਇਸ ਥੀਸਿਸ ਅਨੁਸਾਰ ਹਰ ਇਕ ਆਦਮੀ ਜਾਨਵਰ ਵਾਂਗ ਵਿਕਾਊ ਹੁੰਦਾ ਹੈ। ਕਿਸੇ ਦਾ ਮੁੱਲ ਵੱਧ ਹੰਦਾ ਹੈ, ਕਿਸੇ ਦਾ ਘੱਟ। ਇਸ ਗੱਲ ਦਾ ਨਿਰਭਰ ਉਸ ਦੀ ਹੈਸੀਅਤ ਉਤੇ ਹੁੰਦਾ ਹੈ।

ਲੋਟੂ ਪਰਬੰਧ ਵਾਲੇ ਬੁਰਜਵਾ ਸਮਾਜ ਵਿਚ ਇਹ ਗੱਲ, ਪੂਰੀ ਤਰ੍ਹਾਂ ਤਾਂ ਭਾਵੇਂ ਨਹੀਂ, ਬਹੁਤ ਹੱਦ ਤੱਕ ਠੀਕ ਵੀ ਹੁੰਦੀ ਹੈ। ਐਸੇ ਸਮਾਜ ਵਿਚ ਬਹੁਤੇ ਆਦਮੀ ਵਿਕਾਊ ਬਣ ਜਾਂਦੇ ਹਨ। ਇਸ ਦਾ ਇਕ ਕਾਰਨ ਤਾਂ ਬੁਰਜ਼ਵਾ ਸਿਧਾਂਤ ਅਨੁਸਾਰ ਸਵੈ-ਹਿੱਤ ਨੂੰ ਪਰ-ਹਿੱਤ ਨਾਲੋਂ, ਸਮਾਜਕ ਹਿੱਤ ਨਾਲੋਂ, ਜਨਤਕ ਹਿੱਤ ਨਾਲੋਂ, ਸਮੂਹਿਕ ਹਿੱਤ ਨਾਲੋਂ ਸਰੇਸ਼ਟਤਾ ਦਾ ਹਾਸਲ ਹੋਣਾ ਹੈ। ਸਵੈ-ਹਿੱਤ ਨੂੰ ਹਾਸਲ ਇਹ ਸਰੇਸ਼ਟਤਾ ਬੰਦੇ ਨੂੰ ਇਕ ਮੁੱਲ ਦੇ ਮਾਲ, ਇਕ ਜਿਨਸ ਵਿਚ ਬਦਲ ਦਿੰਦੀ ਹੈ। ਇਸ ਦਾ ਦੂਸਰਾ ਕਾਰਨ ਭਵਿਖ ਬਾਬਤ ਬੇਵਸਾਹੀ ਹੁੰਦਾ ਹੈ। ਇਤਿਹਾਸ ਦੇ ਕਾਨੂੰਨਾਂ ਮੁਤਾਬਿਕ, ਸੰਕਟਾਂ ਵਿਚ ਉਲਝੀ ਹੋਈ ਪੂੰਜੀਵਾਦੀ ਆਰਥਕਤਾ ਦਾ ਲਗਾਤਾਰ ਨਿਘਰਦੇ ਜਾਣਾ ਨਿਸਚਿਤ ਹੁੰਦਾ ਹੈ। ਜਿਹੜਾ ਅਜ ਕੋਠੀਆਂ, ਕਾਰਾਂ ਤੇ ਨੌਕਰਾਂ-ਚਾਕਰਾਂ ਦਾ ਮਾਲਕ ਹੈ, ਉਸ ਨੂੰ ਇਹ ਭਰੋਸਾ ਨਹੀਂ ਹੁੰਦਾ ਕਿ ਭਲਕੇ ਕਿਸੇ ਕਾਰੋਬਾਰੀ ਤਬਾਹੀ ਕਾਰਨ ਉਹ ਸਭ ਕੁਝ ਤੋਂ ਹੱਥ ਨਹੀਂ ਧੋ ਬੈਠੇਗਾ। ਅਜ ਜੋ ਕਿਸੇ ਪਦਵੀ ਉਤੇ ਮੌਜਾਂ ਮਾਣ ਰਿਹਾ ਹੈ, ਭਲਕੇ ਉਸ ਹੇਠੋਂ ਕੁਰਸੀ ਖਿੱਚੀ ਜਾ ਸਕਦੀ ਹੈ। ਅਜ ਜੋ ਕਿਤੇ ਮਜ਼ਦੂਰੀ ਕਰ ਰਿਹਾ ਹੈ, ਭਲਕੇ ਫ਼ੈਕਟਰੀ ਦੇ ਬੂਹੇ ਉਸ ਲਈ ਬੰਦ ਹੋ ਸਕਦੇ ਹਨ। ਸੋ ਇਹ ਬੇ-ਵਸਾਹੀ ਕੇਵਲ ਕਿਰਤੀ-ਕਾਮਿਆਂ ਵਿਚ ਹੀ ਨਹੀਂ, ਸਗੋਂ ਖਾਂਦੇ-ਪੀਂਦੇ ਬੁਰਜਵਾ ਵਰਗ ਵਿਚ ਵੀ ਹੁੰਦੀ ਹੈ। ਇਹ ਬੇਵਸਾਹੀ ਚੰਗੇ-ਮੰਦੇ, ਸਿੱਧੇ-ਟੇਢੇ, ਜਾਇਜ਼-ਨਾਜਾਇਜ਼ ਹਰ ਇਕ ਢੰਗ ਨਾਲ ਆਪਣਾ ਘਰ ਭਰਨ ਦੀ ਰੁਚੀ ਨੂੰ ਜਨਮ ਦਿੰਦੀ ਹੈ। ਬੁਰਜਵਾ ਸਮਾਜ ਵਿਚ ਕੇਵਲ

ਵੱਡੇ ਵੱਡੇ ਬੁਧੀਮਾਨ, ਵਿਗਿਆਨੀ, ਸਿਆਸਤਦਾਨ ਤੇ ਮੰਤਰੀ ਹੀ ਨਹੀਂ ਖਰੀਦੇ ਜਾਂਦੇ, ਬਲਕਿ ਦੇਸ਼ਾਂ ਦੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਤਕ ਵੀ ਵਿਕਾਊ ਹੁੰਦੇ ਹਨ ਤੇ ਵਿਕਦੇ ਹਨ। ਦੇਸ਼-ਧਰੋਹ, ਦਲ-ਧਰੋਹ, ਬਲੈਕ, ਸਮਗਲਿੰਗ ਇਸ ਦੇ ਕੁਝ ਹੋਰ ਰੂਪ ਹੁੰਦੇ ਹਨ।

ਮਾਰਕਸਿਸਟ ਸਿਧਾਂਤ ਦਾ, ਸੋਸ਼ਲਿਸਟ ਸਿਖਿਆ ਦਾ ਆਧਾਰ ਸਾਂਝੀਵਾਲਤਾ ਹੈ। ਇਸ ਸਿਧਾਂਤ ਮੁਤਾਬਿਕ ਬੰਦਾ ਮੁੱਲ ਦਾ ਮਾਲ ਨਹੀਂ ਹੁੰਦਾ, ਬਲਕਿ ਬੰਦੇ ਦੀ ਜਾਗੀ ਹੋਈ ਜ਼ਮੀਰ ਨੂੰ ਖਰੀਦ ਸਕਣਾ ਨਾ-ਮੁਮਕਿਨ ਮੰਨਿਆ ਜਾਂਦਾ ਹੈ। ਸਵੈ-ਹਿੱਤ ਨਾਲੋਂ ਜਨਤਕ ਹਿੱਤ ਨੂੰ ਸਰੇਸ਼ਟਤਾ ਹੋਣ ਕਾਰਨ ਇਸ ਸਿਧਾਂਤ ਦਾ ਧਾਰਨੀ ਲੋਭ-ਲਾਲਚ ਤੋਂ ਉੱਚਾ ਹੁੰਦਾ ਹੈ। ਇਸ ਸਿਧਾਂਤ ਦੇ ਨਾਮ-ਲੇਵਾ ਨੂੰ ਭਵਿਖ ਦਾ ਕੋਈ ਭੈ ਨਹੀਂ ਹੁੰਦਾ, ਕਿਉਂ ਜੋ ਉਹ ਤਾਂ ਭੁੱਖ, ਦੁੱਖ, ਗਰੀਬੀ, ਕੰਗਾਲੀ, ਤੇ ਮੰਦਹਾਲੀ ਤੋਂ ਪਾਕ ਭਵਿਖ ਸਿਰਜਣ ਲਈ ਜੂਝ ਰਿਹਾ ਹੁੰਦਾ ਹੈ। ਉਸ ਲਈ ਇਹ ਗੱਲ ਪੱਕੀ ਹੁੰਦੀ ਹੈ ਕਿ ਅਜੇਹਾ ਭਵਿਖ ਆਵੇਗਾ, ਅਜੇਹਾ ਭਵਿਖ ਜ਼ਰੂਰ ਉਸਾਰਿਆ ਤੇ ਸਿਰਜਿਆ ਜਾਵੇਗਾ। ਇਸ ਕਰਕੇ ਉਹ ਭਲਕੇ ਦੀ ਬੇਵਸਾਹੀ ਕਾਰਨ ਹਾਬੜ ਕੇ ਭਰਿਸ਼ਟ ਨਹੀਂ ਬਣਦਾ। ਸਾਂਝੀਵਾਲਤਾ ਨੂੰ ਅਪਣਾਏ ਮਾਰਕਸਿਸਟ ਸਿਧਾਂਤ ਦੇ, ਸੋਸ਼ਲਿਸਟ ਸਿਖਿਆ ਦੇ ਧਾਰਨੀ ਬੰਦ ਬੰਦ ਤਾਂ ਕਟਵਾ ਲੈਂਦੇ ਹਨ, ਕਾਲ-ਕੋਠੜੀਆਂ ਦੇ ਭਿਆਨਕ ਤਸੀਹੇ ਵੀ ਝੱਲ ਲੈਂਦੇ ਹਨ, ਪਰ ਭਰਿਸ਼ਟ ਨਹੀਂ ਹੁੰਦੇ।

ਦੁਨੀਆਂ ਵਿਚ ਜਿਥੇ ਕਿਤੇ ਵੀ ਸੋਸ਼ਲਿਸਟ ਲਹਿਰ ਨੇ ਮੱਲਾਂ ਮਾਰੀਆਂ ਹਨ, ਜਿੱਤਾਂ ਜਿੱਤੀਆਂ ਹਨ, ਉਥੋਂ ਦੇ ਯੋਧੇ ਅਜਿਹੇ ਹੀ ਸਨ। ਐਸੀਆਂ ਅੰਤਰ-ਰਾਸ਼ਟਰੀ ਉਦਾਹਰਣਾਂ ਦੇ ਵਿਸਤਾਰ ਵਿਚ ਜਾਣ ਦੀ ਇਥੇ ਕੋਈ ਜ਼ਰੂਰਤ ਨਹੀਂ ਭਾਸਦੀ। ਉਹ ਤਾਂ ਹਰ ਕਿਸੇ ਸਾਹਮਣੇ ਚਿੱਟੇ ਦਿਨ ਵਾਂਗ ਪਰਤੱਖ ਹਨ। ਸੋ ਅਸੀਂ ਭਾਰਤੀ ਕਮਿਊਨਿਸਟ ਲਹਿਰ ਵੱਲ ਆਉਂਦੇ ਹਾਂ।

ਭਾਰਤੀ ਕਮਿਊਨਿਸਟ ਲਹਿਰ ਨੂੰ ਆਪਣੇ ਪਹਿਲੇ ਦੌਰ ਵਿਚ ਅਨੇਕਾਂ ਸਿਰਲੱਥ ਸੂਰਮੇ ਪੈਦਾ ਕਰਨ ਦਾ ਮਾਣ ਹੈ। ਇਸ ਬਾਰੇ ਕੋਈ ਦੋ ਰਾਵਾਂ ਹੋ ਵੀ ਨਹੀਂ ਸਕਦੀਆਂ। ਇਨਕਲਾਬ ਦਾ ਸੁਫਨਾ ਅੱਖਾਂ ਵਿਚ ਲਟਕਾ ਕੇ ਤੁਰੇ ਪਹਿਲੇ ਦੌਰ ਦੇ ਭਾਰਤੀ ਕਮਿਊਨਿਸਟਾਂ ਨੇ ਸਵਾ ਸਵਾ ਮਣ ਪੀਹਣ ਪੀਹਿਆ, ਮੁੰਜਾਂ ਕੁਟੀਆਂ, ਕੋਹਲੂ ਗੇੜੇ, ਨੀਂਦਾਂ ਕੱਟੀਆਂ, ਭੁੱਖਾਂ ਝਾਗੀਆਂ, ਗੋਲੀਆਂ ਝੱਲੀਆਂ, ਫਾਂਸੀਆਂ ਝੂਟੀਆਂ। ਇਤਿਹਾਸ ਅਤੇ ਲੋਕ ਹਮੇਸ਼ਾਂ ਹਮੇਸ਼ਾਂ ਲਈ ਉਹਨਾਂ ਯੋਧਿਆਂ ਦੇ ਰਿਣੀ ਰਹਿਣਗੇ।

ਫੇਰ ਉਹ ਦੌਰ ਆਇਆ, ਜਿਸ ਦਾ ਜ਼ਿਕਰ ਅਸੀਂ ਇਸ ਲੇਖ-ਲੜੀ ਦੇ ਦੂਜੇ ਲੇਖ ਵਿਚ ਅਕਤੂਬਰ ਦੇ ਸੇਧ ਵਿਚ ਕਰ ਚੁਕੇ ਹਾਂ। ਇਸ ਦੌਰ ਵਿਚ ਇਨਕਲਾਬ ਬਾਬਤ ਲੋਕਾਂ ਵਿਚ ਹੀ ਬੇਵਸਾਹੀ ਨਹੀਂ ਵਧੀ, ਬਲਕਿ ਨੇਤਾ ਵੀ ਸਮਝਣ ਲਗੇ ਕਿ ਇਨਕਲਾਬ ਆਉਣ ਦੀ ਕੋਈ ਸੰਭਾਵਨਾ ਨਹੀਂ ਰਹਿ ਗਈ। ਇਸ ਦੌਰ ਵਿਚ ਇਮਾਨਦਾਰ ਨੇਤਾ ਖੂੰਜੇ ਲਾਏ ਜਾਣ ਲਗੇ ਅਤੇ ਭਰਿਸ਼ਟ ਨੇਤਾ ਅਗੇ ਆ ਕੇ ਆਪਣਾ ਆਪਣਾ "ਇਨਕਲਾਬ" ਲਿਆਉਣ ਵਿਚ ਜੁਟ ਗਏ ਅਤੇ ਇੰਜ ਆਪਣੇ ਆਪਣੇ ਹੱਥ ਰੰਗਣ ਦੀ ਰੁਚੀ ਪ੍ਰਬਲ ਹੋ ਗਈ।

ਹਰੇਕ ਮਨੁੱਖੀ ਗੁਣ-ਔਗੁਣ ਦਾ ਆਪਣਾ ਤਰਕ ਹੁੰਦਾ ਹੈ। ਮਨੁੱਖ ਇਕ ਵਾਰ ਭਰਿਸ਼ਟ ਹੋਵੇ ਸਹੀ, ਫੇਰ ਕੋਈ ਹੱਦ-ਬੰਨਾ ਨਹੀਂ ਰਹਿੰਦਾ। ਨਾਲੇ ਬੁਰਜ਼ਵਾ ਪਰਬੰਧ ਵਾਲੇ ਦੇਸ਼ ਵਿਚ ਤਾਂ ਸੋਸ਼ਲਿਸਟ ਵਿਚਾਰਾਂ ਦੇ ਧਾਰਨੀਆਂ ਨੂੰ ਰਾਹੋਂ ਭਟਕਾਉਣ ਲਈ, ਉੱਚ ਚਬੂਤਰਿਉਂ ਡੇਗਣ ਲਈ ਤਤਪਰ ਤਾਕਤਾਂ ਪਹਿਲਾਂ ਹੀ ਬਹੁਤ ਸਰਗਰਮ ਹੁੰਦੀਆਂ ਹਨ। ਉਂਜ ਵੀ ਆਦਰਸ਼ਵਾਦੀ ਸਿਧਾਂਤ ਦਾ ਧਾਰਨੀ ਤਾਂ ਜ਼ਿੰਦਗੀ ਦੇ ਕਿਸੇ ਮੋੜ ਉਤੇ ਆ ਕੇ ਰੱਬ ਦੇ ਭੈ ਅਗਲੇ ਜਨਮ ਦੇ ਭੈ, ਧਰਮਰਾਜ ਦੇ ਭੈ, ਨਰਕ ਦੇ ਭੈ ਕਾਰਨ, ਪਹਾੜੋਂ ਰੁੜ੍ਹੇ ਪੱਥਰ ਦੇ ਅਟਕਣ ਵਾਂਗ, ਕਿਤੇ ਅਟਕ ਸਕਦਾ ਹੈ,



ਪਰ ਭੌਤਕਵਾਦੀ ਸਿਧਾਂਤ ਦੇ ਧਾਰਨੀ ਨੂੰ ਤਾਂ ਅਜੇਹਾ ਕੋਈ ਵੀ ਭੈ ਨਹੀਂ ਹੁੰਦਾ। ਉਹ ਤਾਂ ਜੇ ਤਿਲ੍ਹਕ ਗਿਆ, ਤਾਂ ਰੁੜ੍ਹਿਆ ਹੀ ਰੁੜ੍ਹਿਆ। ਖ਼ੈਰ, ਇਹ ਇਕ ਵੱਖਰੀ ਅਕਾਦਮਿਕ ਬਹਿਸ ਮੰਗਦਾ ਵਿਸ਼ਾ ਹੈ। ਅਸੀਂ ਇਸ ਦੇ ਵਿਸਤਾਰ ਵਿਚ ਨਹੀਂ ਜਾਵਾਂਗੇ। ਪਰ ਇਹ ਇਕ ਅਟੱਲ ਸੱਚ ਹੈ ਕਿ ਜੇ ਕਮਿਊਨਿਸਟ ਵਿਗੜ ਜਾਵੇ, ਨਿੱਘਰ ਜਾਵੇ, ਭਰਿਸ਼ਟ ਹੋ ਜਾਵੇ, ਉਸ ਦਾ ਕੋਈ ਟਿਕਾਣਾ ਨਹੀਂ ਰਹਿੰਦਾ। ਉਸ ਨੂੰ ਕੋਈ ਚੀਜ਼ ਠੱਲ੍ਹ ਨਹੀਂ ਸਕਦੀ।

ਭਰਿਸ਼ਟ ਹੋਏ ਬੰਦੇ ਲਈ ਭਰਿਸ਼ਟਾਚਾਰ ਦਾ ਕੋਈ ਪਹਿਲੂ ਬੁਰਾ ਨਹੀਂ ਰਹਿੰਦਾ। ਇਹ ਭਰਿਸ਼ਟਾਚਾਰ ਰਾਜਸੀ ਵੀ ਹੋ ਸਕਦਾ ਹੈ, ਇਖ਼ਲਾਕੀ ਵੀ, ਮਾਇਕ ਵੀ, ਕੈਰੀਅਰਿਜ਼ਮ ਦਾ ਵੀ ਅਤੇ ਹੋਰ ਕਿਸਮਾਂ ਦਾ ਵੀ। ਤੇ ਜਦੋਂ ਅਸੀਂ ਕਮਿਊਨਿਸਟ ਲਹਿਰ ਦੇ ਭਰਿਸ਼ਟ ਹੋਏ ਨੇਤਾਵਾਂ ਉਤੇ ਝਾਤ ਮਾਰਦੇ ਹਾਂ, ਤਾਂ ਦਿਸਦਾ ਹੈ ਕਿ ਉਹਨਾਂ ਨੇ ਭਰਿਸ਼ਟਾਚਾਰ ਦਾ ਕੋਈ ਪਹਿਲੂ ਬਾਕੀ ਨਹੀਂ ਛਡਿਆ। ਅਵਸਥਾ ਦਾ ਨਿਘਾਰ ਇਥੋਂ ਤੱਕ ਚਲਿਆ ਗਿਆ ਹੈ ਕਿ ਵੱਡੀ ਗਿਣਤੀ ਵਿਚ ਭਾਰਤੀ ਕਮਿਊਨਿਸਟ ਨੇਤਾ ਕੇਵਲ ਭਰਿਸ਼ਟ ਹੀ ਨਹੀਂ ਹੋਏ, ਬਲਕਿ ਏਨੇ ਦਲੇਰ ਤੇ ਬੇਸ਼ਰਮ ਹੋ ਗਏ ਹਨ ਕਿ ਕਮਿਊਨਿਸਟ ਲਹਿਰ ਅੰਦਰ ਭਰਿਸ਼ਟਾਚਾਰ ਨੂੰ ਉਚਿਤ ਦੱਸਣ ਤਕ ਚਲੇ ਗਏ ਹਨ। ਉਹ ਬੜੀ ਢੀਠਤਾਈ ਨਾਲ ਆਖਦੇ ਹਨ ਕਿ ਭਰਿਸ਼ਟਾਚਾਰ ਤਾਂ ਬੁਰਜਵਾ ਸਮਾਜ ਦਾ ਇਕ ਅੰਗ ਹੁੰਦਾ ਹੈ ਅਤੇ ਅਜੇਹੇ ਸਮਾਜ ਵਿਚ ਕੰਮ ਕਰ ਰਹੀ ਕਮਿਊਨਿਸਟ ਪਾਰਟੀ ਭਰਿਸ਼ਟਾਚਾਰ ਤੋਂ ਪਾਕ ਕਿਵੇਂ ਰਹਿ ਸਕਦੀ ਹੈ! ਹੈ ਨਾ ਮਾਰਕਸਵਾਦ ਨਾਲ ਸੁੱਧਾ ਧੱਕਾ !!

ਤੇ ਅਜੇਹੇ ਪਖੰਡੀ ਨੇਤਾ ਕੇਵਲ ਸਿਧਾਂਤਕ ਤੌਰ ਉਤੇ ਹੀ ਭਰਿਸ਼ਟਾਚਾਰ ਨੂੰ ਜਾਇਜ਼ ਨਹੀਂ ਠਹਿਰਾਉਂਦੇ, ਬਲਕਿ ਸ਼ਰੇ-ਆਮ ਆਪ ਭਰਿਸ਼ਟ ਬਣਦੇ ਹਨ ਅਤੇ ਭਰਿਸ਼ਟ ਲੋਕਾਂ ਦਾ ਅੰਗ ਪਾਲਦੇ ਹਨ। ਜਿਥੋਂ ਤਕ ਕਮਿਊਨਿਸਟ ਨੇਤਾਵਾਂ ਦੇ ਰਾਜਸੀ ਭਰਿਸ਼ਟਾਚਾਰ ਦਾ ਸੰਬੰਧ ਹੈ, ਇਸ ਬਾਬਤ ਅਸੀਂ ਇਸ ਲੇਖ-ਲੜੀ ਦੇ ਪਹਿਲੇ ਲੇਖਾਂ ਵਿਚ ਖੋਲ੍ਹ ਕੇ ਦਸ ਚੁਕੇ ਹਾਂ ਕਿ ਉਹ ਕਿਵੇਂ ਲੋਕ-ਹਿੱਤ ਅਤੇ ਇਨਕਲਾਬ ਦੇ ਹਿੱਤ ਵਲ ਪਿੱਠ ਕਰ ਚੁਕੇ ਹਨ। ਦੂਜੀਆਂ ਖੱਬੀਆਂ ਪਾਰਟੀਆਂ ਨੂੰ ਨਿੰਦਣਾ ਅਤੇ ਬੁਰਜਵਾਜ਼ੀ ਨਾਲ ਜੱਫੀਆਂ ਪਾਉਣਾ ਕਿਵੇਂ ਹਰ ਇਕ ਕਮਿਊਨਿਸਟ ਪਾਰਟੀ ਦਾ ਧਰਮ ਬਣ ਚੁਕਿਆ ਹੈ। ਇਹ ਸਭ ਕੁਝ ਇਨਕਲਾਬ ਨੂੰ ਨਜ਼ਦੀਕ ਲਿਆਉਣ ਲਈ ਨਹੀਂ ਕੀਤਾ ਜਾਂਦਾ, ਬਲਕਿ ਆਪਣੇ ਹਲਵੇ-ਮੰਡੇ ਲਈ ਕੀਤਾ ਜਾਂਦਾ ਹੈ। ਰਾਜਸੀ ਭਰਿਸ਼ਟਾਚਾਰ ਵਿਚ ਇਹ ਨੇਤਾ 'ਟੈਕਟਿਕਸ' ਦੇ ਨਾਂ ਹੇਠ ਮਾਰਕਸਿਸਟ ਸਿਧਾਂਤ ਦੇ ਜੋ ਪਰਖਚੇ ਉਡਾਉਂਦੇ ਹਨ ਅਤੇ ਇਨਕਲਾਬ ਦੇ ਆਸ਼ੇ ਦੀਆਂ ਜੋ ਧੱਜੀਆਂ ਉਡਾਉਂਦੇ ਹਨ, ਉਹ ਦੇਸ਼ ਦੀ ਸਿਆਸਤ ਦੇ ਹਰ ਇਕ ਜਾਣਕਾਰ ਨੂੰ ਪਤਾ ਹੀ ਹੈ।

ਜੇ ਅਸੀਂ ਕੁਝ ਕਮਿਊਨਿਸਟ ਨੇਤਾਵਾਂ ਦਾ ਇਖ਼ਲਾਕੀ ਭਰਿਸ਼ਟਾਚਾਰ ਵਿਚਾਰੀਏ, ਝੂਠ ਬੋਲਣਾ, ਤਿਗੜਮ ਕਰਨਾ, ਚੁਗਲੀ-ਨਿੰਦਿਆ ਤੇ ਬਦਖੋਈ ਇਕ ਸਾਧਾਰਨ ਗੱਲ ਹੈ। ਕਿਰਾਏਦਾਰ ਬਣ ਕੇ ਰਹਿੰਦਿਆਂ ਮਾਲਕ-ਮਕਾਨ ਦੀ ਕੁੜੀ ਉਧਾਲ ਕੇ ਲਿਜਾਣ ਵਾਲੇ ਕਾਮਰੇਡ ਪੰਜਾਬ ਵਿਚ ਲੀਡਰਸ਼ਿਪ ਦੀਆਂ ਪਹਿਲੀਆਂ ਪੰਗਤੀਆਂ ਵਿਚ ਦੇਖੇ ਜਾ ਸਕਦੇ ਹਨ। ਜਨਤਾ, ਕਾਮਰੇਡਾਂ ਦੀ ਮਾਂ ਹੁੰਦੀ ਹੈ, ਜਿਸ ਨੇ ਅੰਡਰ-ਗਰਾਊਂਡ ਲਹਿਰ ਵੇਲੇ ਵੀ ਗੁਪਤਵਾਸੀ ਕਾਮਰੇਡਾਂ ਨੂੰ ਬੁਕਲ ਵਿਚ ਲੁਕਾਉਣਾ ਹੁੰਦਾ ਹੈ, ਪਰ ਭੋਲੇ-ਭਾਲੇ ਕਾਮਰੇਡਾਂ ਦੇ ਪਰਵਾਰਾਂ ਨਾਲ ਕਹਿੰਦੇ-ਕਹਾਉਂਦੇ ਲੀਡਰਾਂ ਵਲੋਂ ਵਿਸ਼ਵਾਸਘਾਤ ਵੀ ਕੋਈ ਅਣਹੋਣੀ ਗੱਲ ਨਹੀਂ। ਇਸ ਪਹਿਲੂ ਦੇ ਜੇ ਬਹੁਤੇ ਵਿਸਤਾਰ ਵਿਚ ਨਾ ਜਾਇਆ ਜਾਵੇ, ਤਾਂ ਹੀ ਚੰਗਾ ਹੈ! (ਪਰ ਜੇ ਲੋੜ ਪਈ ਤਾਂ ਜ਼ਰੂਰ ਜਾਇਆ ਜਾਵੇਗਾ)।

ਜਿਥੋਂ ਤਕ ਮਾਇਕ ਭਰਿਸ਼ਟਾਚਾਰ ਦਾ ਸੰਬੰਧ ਹੈ, ਇਹ ਅਨੇਕਾਂ ਕਮਿਊਨਿਸਟਾਂ ਦੇ ਰੋਮ ਰੋਮ ਵਿਚ ਰਚ ਚੁਕਿਆ ਹੈ। ਇਮਾਰਤਾਂ, ਦਫ਼ਤਰਾਂ, ਕਾਨਫ਼ਰੰਸਾਂ ਅਤੇ ਚੋਣ-ਮੁਹਿੰਮਾਂ ਦਾ ਹਿਸਾਬ ਨਾ ਦੇਣਾ ਇਕ ਸਾਧਾਰਨ ਗੱਲ ਬਣ ਚੁਕੀ ਹੈ। ਪਰਤੱਖ ਤੇ ਜਾਇਜ਼ ਵਸੀਲਿਆਂ ਤੋਂ ਬਹੁਤ ਉਚੀ ਪੱਧਰ ਉਤੇ ਜੀਵਨ ਬਤੀਤ ਕਰਨਾ ਕੋਈ ਮਾੜੀ ਗੱਲ ਨਹੀਂ ਰਹਿ ਗਿਆ। ਪਾਰਟੀ ਦੀ ਵੇਜ ਉਤੇ ਜੀਵਨ ਬਤੀਤ ਕਰਨ ਦਾ ਦਾਅਵਾ ਕਰਨ ਵਾਲੇ ਨੇਤਾ ਗਜ਼ਟਿਡ ਅਫ਼ਸਰਾਂ ਨਾਲੋਂ ਸੁਖਦਾਈ ਅਤੇ ਐਸ਼ੀ ਜੀਵਨ ਬਿਤਾ ਰਹੇ ਹਨ ਅਤੇ ਇਹ ਗੱਲ ਕਿਸੇ ਨੂੰ ਵੀ ਚੁਭਦੀ ਨਹੀਂ। ਪੰਜਾਬ ਦਾ ਇਕ ਨੇਤਾ ਵੀਹ-ਪੰਝੀ ਸਾਲ ਤੋਂ ਸੋਸ਼ਲਿਸਟ ਅਮੈਬੈਸੀਆਂ ਤੋਂ ਮਹਿੰਗੇ ਮੁੱਲ ਅਨੁਵਾਦ ਲਿਆ ਕੇ ਵਫ਼ਾਦਾਰ ਅਤੇ ਆਦਰਸ਼-ਮੱਤੇ ਕਾਮਰੇਡਾਂ ਤੋਂ ਸਸਤਾ ਕਰਵਾ ਕੇ ਵਿਚਕਾਰੋਂ ਹੀ ਕੈਂਚੀ ਮਾਰ ਕੇ ਹਜ਼ਾਰਾਂ ਰੁਪਏ ਕਮਾ ਰਿਹਾ ਹੈ। ਯੂਨਾਈਟਿਡ ਪਾਰਟੀ ਵੇਲੇ ਵੀ ਕਮਾਉਂਦਾ ਸੀ, ਸਪਲਿਟ ਪਿਛੋਂ ਵੀ ਕਮਾ ਰਿਹਾ ਹੈ। ਸਭ ਨੂੰ ਪਤਾ ਹੈ, ਪਰ ਕਿਸੇ ਨੂੰ ਇਹ ਗੱਲ ਮਾੜੀ ਨਹੀਂ ਲਗਦੀ। ਇੰਜ ਇਸ ਤਰ੍ਹਾਂ ਕਰਵਾਏ ਅਨੁਵਾਦਾਂ ਦੀ ਪੱਧਰ ਕੀ ਹੋਵੇਗੀ, ਇਹ ਪਾਠਕ ਆਪ ਹੀ ਸੋਚ ਸਕਦੇ ਹਨ। ਜਦੋਂ ਕਿਸੇ ਨਫੇਦਾਇਕ ਸੰਪਤੀ ਦਾ ਮਾਲਕ ਨਾ ਹੋਣ ਵਾਲਾ ਕੋਈ ਨੇਤਾ ਦੋ-ਢਾਈ ਮੰਜ਼ਲੀ ਕੋਠੀ ਬਣਾ ਕੇ ਐਸ਼ ਦੇ ਸਭਨਾਂ ਸਾਧਨਾਂ ਨਾਲ ਮੌਜ ਉਡਾਉਂਦਾ ਹੈ ਅਤੇ ਬਾਜ਼ਾਰ ਵਿਚੋਂ ਸਭ ਤੋਂ ਮਹਿੰਗੇ ਕਪੜੇ ਖ਼੍ਰੀਦ ਕੇ ਪਹਿਣਦਾ ਹੈ, ਉਹਨੂੰ ਕੋਈ ਨਹੀਂ ਪੁਛਦਾ ਕਿ ਇਹ ਸਭ ਕੁਝ ਕਿਥੋਂ! ਜਦੋਂ ਪਾਰਟੀ ਦਾ ਕੋਈ ਨੇਤਾ ਪਾਰਟੀ ਦੇ ਨਾਂ ਉਤੇ ਕਾਰ ਖਰੀਦ ਕੇ ਜ਼ਾਤੀ ਬਣਾ ਕੇ ਵਾਹੁੰਦਾ ਹੈ ਤੇ ਕਿਸੇ ਹੋਰ ਕਾਮਰੇਡ ਨੂੰ ਉਸ ਦੇ ਨੇੜੇ ਨਹੀਂ ਫਟਕਣ ਦਿੰਦਾ, ਤਾਂ ਕੋਈ ਗਿਲਾ ਨਹੀਂ ਕਰਦਾ ਕਿ ਕਾਮਰੇਡ ਇਹ ਕਿਉਂ! ਮਾਇਕ ਭਰਿਸ਼ਟਾਚਾਰ ਦੇ ਇਕ ਸਾਧਾਰਨ ਗੱਲ ਬਣਨ ਦਾ ਇਹ ਹਾਲ ਹੈ ਕਿ ਕੁਝ ਸਮਾਂ ਪਹਿਲਾਂ ਪੰਜਾਬ ਦੀ ਇਕ ਕਮਿਊਨਿਸਟ ਪਾਰਟੀ ਨੇ ਆਪਣਾ ਦਫ਼ਤਰ-ਸਕੱਤਰ ਕਢਿਆ। ਇਸ ਬਾਬਤ ਮਾਇਕ ਘਪਲੇ ਦੀਆਂ ਗੱਲਾਂ ਬੱਚੇ ਬੱਚੇ ਦੀ ਜ਼ਬਾਨ ਉਤੇ ਹਨ। ਪਰ ਪਾਰਟੀ ਵਿਚ ਇਹ ਸਵਾਲ ਵਿਚਾਰਿਆ ਤਕ ਨਹੀਂ ਗਿਆ। ਜਾਂ ਕਹੋ ਕਿ ਨੇਤਾ ਨੇ ਵਿਜਾਹਨ ਹੀ ਨਹੀਂ ਦਿਤਾ, ਕਿਉਂਕਿ ਦੂਜੇ ਪੁੱਛਣਗੇ, ਜਦੋਂ ਏਨਾਂ ਮਾਲ ਇਧਰ-ਉਧਰ ਕਰ ਰਿਹਾ ਸੀ, ਤੂੰ ਸੁੱਤਾ ਪਿਆ ਸੈਂ। ਪਾਰਟੀ ਦੀ ਉਪਰਲੀ ਲੀਡਰਸ਼ਿਪ ਵਿਚ ਭਰਿਸ਼ਟਾਚਾਰ ਦਾ ਹਾਲ ਵੇਖੋ ਕਿ ਏਨੀ ਵੱਡੀ ਰਕਮ ਖੁਰਦ-ਬੁਰਦ ਹੋਣ ਦੇ ਬਾਵਜੂਦ ਵੀ ਹਿਸਾਬ ਜਿਉਂ-ਕਾ-ਤਿਉਂ ਹੈ, ਅਰਥਾਤ ਪਾਰਟੀ ਫੰਡ ਦੇ ਸਾਗਰ ਵਿਚੋਂ ਕੋਈ ਗਾਗਰ ਭਰ ਕੇ ਲੈ ਜਾਵੇ, ਕੋਈ ਫਰਕ ਨਹੀਂ ਪੈਂਦਾ! ਬਾਹਰਲੇ ਦੇਸ਼ਾਂ ਵਿਚੋਂ ਅਤੇ ਵਿਸ਼ੇਸ਼ ਕਰਕੇ ਇੰਗਲੈਂਡ ਵਿਚੋਂ ਪਾਰਟੀ ਦੇ ਨਾਂ ਉਤੇ ਕਮਿਊਨਿਸਟ ਨੇਤਾਵਾਂ ਵਲੋਂ ਚੰਦੇ ਇਕੱਠੇ ਕਰਕੇ ਹੜੱਪ ਕਰਨ ਦੀਆਂ ਗੱਲਾਂ ਲਗਾਤਾਰ ਕਿੰਨੇ ਹੀ ਸਾਲਾਂ ਤੋਂ ਸੁਣਦੇ ਆ ਰਹੇ ਹਾਂ। ਪਾਰਟੀ ਵਲੋਂ ਫੰਡ ਇਕੱਠਾ ਕਰਨ ਗਏ ਚੌਧਰੀ ਜਦੋਂ ਵਾਪਿਸ ਪਰਤ ਕੇ ਜੇਬ ਕੱਟੀ ਗਈ ਕਹਿ ਦਿੰਦੇ ਹਨ ਜਾਂ ਖਾਲੀ ਰਸੀਦ ਬੁੱਕ ਗੁਆਚ ਗਈ ਕਹਿ ਦਿੰਦੇ ਹਨ, ਨਾ ਉਹਨਾਂ ਨੂੰ ਹੀ ਪਾਰਟੀ ਦਾ ਮਾਲ ਹੜੱਪ ਕਰਦਿਆਂ ਝਿਜਕ ਮਹਿਸੂਸ ਹੁੰਦੀ ਹੈ ਅਤੇ ਨਾ ਹੀ ਦੂਜੇ ਉਹਨਾਂ ਨੂੰ ਕੁਛ ਆਖਦੇ ਹਨ।

ਜੇ ਕੈਰੀਅਰਿਜ਼ਮ ਬਾਬਤ ਭਰਿਸ਼ਟਾਚਾਰ ਉਤੇ ਨਜ਼ਰ ਮਾਰੀਏ, ਇਹ ਨੇਤਾ ਇਸ ਪੱਖੋਂ ਵੀ ਪਿਛੇ ਨਹੀਂ ਹਨ। ਪਾਰਟੀ ਦੀ ਲੀਡਰੀ ਨਾਲ ਸਭ ਐਸ਼ੋ-ਇਸ਼ਰਤ ਜੁੜੀ ਹੋਈ ਹੋਣ ਕਾਰਨ ਪਾਰਟੀ ਦੇ ਅੰਦਰ ਚੌਧਰ ਲਈ ਇਹ ਜੋ ਕੁਝ ਕਰਦੇ ਹਨ, ਉਹਦਾ ਜ਼ਿਕਰ ਅਸੀਂ ਇਸ ਲੇਖ-ਲੜੀ ਦੇ ਤੀਜੇ ਲੇਖ ਵਿਚ ਨਵੰਬਰ ਦੇ ਸੇਧ ਵਿਚ ਕਰ ਆਏ ਹਾਂ। ਲੀਡਰੀ ਵਿਚ ਆਪਣਾ ਕੈਰੀਅਰ ਬਣਾਉਣ ਤੋਂ ਇਲਾਵਾ ਇਹ ਨੇਤਾ ਆਪਣੇ ਸਕੇ-ਸੰਬੰਧੀਆਂ, ਪੁਤਰਾਂ-ਧੀਆਂ ਦੇ ਦੁਨਿਆਵੀ ਕੈਰੀਅਰ ਬਣਾਉਣ



ਲਈ ਜੋ ਕੁਝ ਕਰਦੇ ਹਨ, ਉਹ ਬੁਰਜਵਾ ਲੋਕ ਵੀ ਸ਼ਾਇਦ ਹੀ ਕਰਦੇ ਹੋਣ।

ਇਹ ਅਖੌਤੀ ਕਮਿਊਨਿਸਟ ਨੇਤਾ ਆਪਣੇ ਸਕੇ-ਸੰਬੰਧੀਆਂ ਨੂੰ ਬੁਰਜਵਾ ਐਸਟੈਬਲਿਸ਼ਮੈਂਟ ਵਿਚ ਚੰਗੀਆਂ ਪੁਜ਼ੀਸ਼ਨਾਂ ਉਤੇ ਜਮਾਉਣ ਲਈ ਹਰ ਇਕ ਚਾਲ ਵਰਤਦੇ ਹਨ। ਇਹ ਆਪਣੇ ਪੁੱਤਰਾਂ-ਧੀਆਂ ਨੂੰ ਆਪਣਾ ਅਸਰ-ਰਸੂਖ਼ ਵਰਤਕੇ ਬਦੇਸ਼ਾਂ ਵਿਚ ਬਦੇਸ਼ੀ ਸਰਕਾਰਾਂ ਦੇ ਖ਼ਰਚੇ ਉਤੇ ਪੜ੍ਹਾਉਂਦੇ ਹਨ। ਇਸ ਵਿਧੀ ਨਾਲ ਇਹਨਾਂ "ਲੋਕ-ਹਿਤੈਸ਼ੀ" ਕਮਿਊਨਿਸਟ ਨੇਤਾਵਾਂ ਦੇ ਬੱਚੇ ਲੋਕਾਂ ਦੇ ਸਿਰਾਂ ਉਤੇ ਪੈਰ ਰੱਖ ਕੇ ਅਗੇ ਵਧਦਿਆਂ ਸਿੱਧੇ ਉਹਨਾਂ ਕੁਰਸੀਆਂ ਉਤੇ ਬਿਰਾਜਮਾਨ ਹੋਣ ਦੇ ਰਾਹ ਪੈਂਦੇ ਹਨ, ਜਿਨ੍ਹਾਂ ਉਤੇ ਦੇਸ਼ ਦੇ ਬੁਰਜਵਾ ਵਰਗ ਦੇ ਬੱਚਿਆਂ, ਹਾਕਮ ਜਮਾਤ ਦੇ ਬੱਚਿਆਂ, ਬਲੈਕੀਆਂ ਤੇ ਸਮੱਗਲਰਾਂ ਦੇ ਬੱਚਿਆਂ ਨੇ ਵੀ ਬੈਠਣਾ ਹੁੰਦਾ ਹੈ। ਇਹਨਾਂ ਨੇਤਾਵਾਂ ਨੂੰ ਕੋਈ ਨਹੀਂ ਪੁਛਦਾ ਕਿ ਲੋਕ-ਹਿੱਤ ਦਾ ਢੋਲ ਕੁੱਟਣ ਵਾਲਿਓ ਲੀਡਰੋ, ਆਪਣੇ ਬੱਚਿਆਂ ਨੂੰ ਅੰਗਰੇਜ਼ੀ ਸਕੂਲਾਂ ਅਤੇ ਬਦੇਸ਼ੀ ਯੂਨੀਵਰਸਿਟੀਆਂ ਵਿਚ ਪੜ੍ਹਾ ਕੇ ਐਸਟੈਬਲਿਸ਼ਮੈਂਟ ਵਿਚ ਉਪਰਲੀਆਂ ਪਰਤਾਂ ਵਿਚ ਚੜ੍ਹਾਉਣ ਦੀ ਵਾਹ ਲਾ ਰਹੇ ਹੋ, ਉਹਨਾਂ ਨੂੰ ਕਮਿਊਨਿਸਟ ਕਿਉਂ ਨਹੀਂ ਬਣਾਉਂਦੇ, ਉਹਨਾਂ ਨੂੰ ਪਾਰਟੀ ਵਿਚ ਕਿਉਂ ਨਹੀਂ ਲਿਆਉਂਦੇ, ਉਹਨਾਂ ਨੂੰ ਇਨਕਲਾਬ ਦੇ ਰਾਹ ਕਿਉਂ ਨਹੀਂ ਪਾਉਂਦੇ? ਜਾਂ ਕਿ ਇਹ ਸਿਧਾਂਤ ਦੇ, ਪਾਰਟੀ ਦੇ, ਇਨਕਲਾਬ ਦੇ ਨਾਹਰੇ ਕੇਵਲ ਭੋਲੇ-ਭਾਲੇ ਤੇ ਇਮਾਨਦਾਰ ਰੈਂਕ-ਐਂਡ-ਫਾਇਲ ਕਾਮਰੇਡਾਂ ਨੂੰ ਢੱਗਿਆਂ ਵਾਂਗ ਵਾਹ ਕੇ ਆਪਣੇ ਜ਼ਾਤੀ ਹਿੱਤ ਪੂਰੇ ਕਰਨ ਦਾ ਵਸੀਲਾ ਹੀ ਹਨ?

ਕਮਿਊਨਿਸਟ ਹੋਣਾ ਅਤੇ ਭਰਿਸ਼ਟ ਹੋਣਾ ਦੋ ਬਿਲਕੁਲ ਵਿਰੋਧੀ ਗੱਲਾਂ ਹਨ। ਕਮਿਊਨਿਸਟ ਕੀ ਅਤੇ ਭਰਿਸ਼ਟਤਾ ਕੀ! ਬੁਰੀ ਗੱਲ ਤਾਂ ਇਹ ਵੀ ਹੈ ਕਿ ਬਹੁਤ ਸਾਰੇ ਕਮਿਊਨਿਸਟ ਨੇਤਾ ਭਰਿਸ਼ਟ ਹਨ ਅਤੇ ਕਮਿਊਨਿਜ਼ਮ ਦੇ ਨਾਂ ਨੂੰ ਦਾਗ਼ੀ ਕਰ ਰਹੇ ਹਨ, ਪਰ ਇਸ ਤੋਂ ਵੀ ਬੁਰੀ ਗੱਲ ਅਸਲ ਵਿਚ ਇਹ ਹੈ ਕਿ ਇਹਨਾਂ ਨੇਤਾਵਾਂ ਨੇ ਭਰਿਸ਼ਟਾਚਾਰ ਨੂੰ ਕਮਿਊਨਿਸਟਾਂ ਲਈ ਕੋਈ ਨਫ਼ਰਤਯੋਗ ਚੀਜ਼ ਨਹੀਂ ਰਹਿਣ ਦਿਤਾ। ਭਰਿਸ਼ਟਾਚਾਰ ਬਾਬਤ ਕਮਿਊਨਿਸਟ ਪਾਰਟੀਆਂ ਏਨੀਆਂ ਸਹਿੰਦੜ ਹੋ ਗਈਆਂ ਹਨ ਕਿ ਕੋਈ ਵੀ ਖਲੋ ਕੇ ਇਹ ਨਹੀਂ ਸੋਚਦਾ ਕਿ ਇਹ ਸਭ ਕੁਛ ਕਿਉਂ ਹੈ? **ਭਰਿਸ਼ਟਾਚਾਰ ਤਾਂ ਲਹਿਰ ਲਈ ਘਾਤਕ ਹੈ ਹੀ, ਪਰ ਇਹ ਸਹਿੰਦੜ ਰੁਚੀ, ਭਰਿਸ਼ਟਾਚਾਰ ਨੂੰ ਕਮਿਊਨਿਸਟ ਲਹਿਰ ਵਿਚ ਸਾਧਾਰਨ ਗੱਲ ਵਾਂਗ ਪਰਵਾਨ ਕਰਨ ਦੀ ਇਹ ਰੁਚੀ ਹੋਰ ਵੀ ਬਹੁਤੀ ਘਾਤਕ ਹੈ।**

ਇਨਕਲਾਬ ਦਾ ਰੋਸ਼ਨ ਭਵਿਖ ਵਲ ਜਾਂਦਾ ਰਾਹ ਛੱਡ ਕੇ ਭਰਿਸ਼ਟਾਚਾਰ ਦੇ ਸੜਹਾਂਦ-ਭਰੇ ਅਤੇ ਨਫ਼ਰਤਯੋਗ ਰਾਹ ਉਤੇ ਪੈਣ ਵਿਚ ਇਹਨਾਂ ਭਰਿਸ਼ਟੇ ਭਾਰਤੀ ਕਮਿਊਨਿਸਟ ਨੇਤਾਵਾਂ ਦੀ ਹਾਕਮ ਜਮਾਤਾਂ ਨਾਲ ਯਾਰੀ ਅਤੇ ਲੋਕ-ਹਿੱਤ ਤੋਂ ਦੂਰੀ ਨੇ ਬਹੁਤ ਭਾਰੀ ਭੂਮਿਕਾ ਨਿਭਾਈ ਹੈ। ਇਸ ਬਾਬਤ ਅਸੀਂ ਅਗਲੇ ਲੇਖ ਵਿਚ ਦੇਖਾਂਗੇ।

---

ਨੋਟ : ਸੇਧ ਦੇ ਲੇਖਾਂ ਵਿਚ ਪੇਸ਼ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ। ਸੰਪਾਦਕ ਸੇਧ ਦਾ ਉਹਨਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

●

ਨੋਟ : ਡਾਇਰੈਕਟਰ ਸਿਖਿਆ ਵਿਭਾਗ ਪੰਜਾਬ ਦੀ ਚਿੱਠੀ ਨੰ: 3/63-72 ਐ: ਪੰ: ਮਿਤੀ 2-1-73 ਅਨੁਸਾਰ ਸੇਧ ਕਾਲਜਾਂ ਦੀਆਂ ਲਾਇਬਰੇਰੀਆਂ ਲਈ ਮੰਨਜ਼ੂਰ ਹੈ।

ਕੇ. ਦਾਮੋਦਰਨ

# ਇਕ ਭਾਰਤੀ ਕਮਿਊਨਿਸਟ ਦੀਆਂ ਯਾਦਾਂ-੨

**ਸਵਾਲ** : ਜਿਥੋਂ ਤਕ ਕਮਿਊਨਿਸਟ ਪਾਰਟੀ ਵਿਚ ਅੰਦਰੂਨੀ ਵਿਚਾਰ-ਵਟਾਂਦਰੇ ਤੇ ਬਹਿਸਾਂ ਦਾ ਸੰਬੰਧ ਹੈ, ਇੰਜ ਜਾਪਦਾ ਹੈ ਕਿ ਜੇਲ੍ਹ ਵਿਚਲਾ ਵਾਤਾਵਰਨ ਬਾਹਰ ਨਾਲੋਂ ਵਧੇਰੇ ਡੈਮੋਕ੍ਰੈਟਿਕ ਸੀ। ਜੋ ਕੁਝ ਤੁਸੀਂ ਕਿਹਾ ਹੈ ਉਸ ਤੋਂ ਇੰਜ ਭਾਸਦਾ ਹੈ ਕਿ ਕਮਿਊਨਿਸਟ ਪਾਰਟੀ ਦੇ ਸਾਰੇ ਮੈਂਬਰ ਭਾਵੇਂ ਉਪਰਲੀ ਜਾਂ ਹੇਠਲੀ ਜਥੇਬੰਦੀ ਦੇ ਕਾਰਕੁਨ ਸਨ, ਬਿਨਾਂ ਇਸ ਗੱਲ ਨੂੰ ਅਹਿਮੀਅਤ ਦਿਤਿਆਂ, ਇਹਨਾ ਬਹਿਸਾਂ ਵਿਚ ਖੁਲ੍ਹ ਕੇ ਭਾਗ ਲੈਂਦੇ ਸਨ ਤੇ ਕਈ ਵੇਰ ਕਈ ਵਿਸ਼ਿਆਂ 'ਤੇ ਵੋਟਾਂ ਵੀ ਲਈਆਂ ਜਾਂਦੀਆਂ ਸਨ।

**ਜਵਾਬ** : ਹਾਂ, ਇਹ ਠੀਕ ਹੈ, ਪਰ ਜੇਲ੍ਹ ਵਿਚਲੀ ਬਹਿਸ ਦੀਆਂ ਆਪਣੀਆਂ ਸੀਮਤ ਹੱਦਾਂ ਸਨ, ਜਦੋਂ ਤਕ ਬਹਿਸ ਸਿਧੇ ਤੌਰ 'ਤੇ ਪਾਰਟੀ ਲਾਈਨ ਦਾ ਵਿਰੋਧੀ ਰੁਖ਼ ਨਹੀਂ ਸੀ ਧਾਰਦੀ, ਇਹ ਚੰਗੀ ਤਰਾਂ ਚਲਦੀ ਸੀ। ਮਸਲਨ, ਯੁਧ ਦੇ ਸੰਬੰਧ ਵਿਚ ਜਦੋਂ ਪਾਰਟੀ ਲੀਡਰਸ਼ਿਪ ਤੋਂ ਸਾਡੀ ਜੇਲ੍ਹ ਕਮੇਟੀ ਨੂੰ ਪਾਰਟੀ ਲਾਈਨ ਬਾਰੇ ਸਰਕੂਲਰ ਮਿਲਿਆ, ਜਿਸ ਵਿਚ ਸਾਨੂੰ ਯੁੱਧ-ਹੱਕੀ ਲਾਈਨ (pro-war line) ਅਪਣਾਉਣ ਦੀ ਹਿਦਾਇਤ ਕੀਤੀ ਗਈ ਸੀ, ਮੈਂ ਸੁਭਾਵਿਕ (automatically) ਹੀ ਆਪਣੀਆਂ ਸਿਆਸੀ ਪੁਜ਼ੀਸ਼ਨਾਂ ਤਿਆਗ ਦਿਤੀਆਂ ਜਿਸ 'ਤੇ ਦੂਸਰੇ ਸਾਥੀਆਂ ਨੇ ਮੇਰਾ ਮਜ਼ਾਕ ਉਡਾਇਆ ਤੇ ਕਿਹਾ : "ਤੂੰ ਤਾਂ ਆਪਣੇ ਆਪ ਨੂੰ ਪਾਰਟੀ ਦੇ ਸਿਧਾਂਤਕਾਰਾਂ ਵਿਚੋਂ ਸਮਝਦਾ ਸੀ, ਪਰ ਤੂੰ ਗਲਤ ਸੀ।" ਇਹ ਵਾਕਿਆ ਦੱਸਦਾ ਹੈ ਕਿ ਸਾਨੂੰ ਕਮਿਊਨਿਸਟਾਂ ਦੇ ਤੌਰ 'ਤੇ ਕਿਵੇਂ ਟਰੇਂਡ ਕੀਤਾ ਗਿਆ ਸੀ। ਮੈਂ ਆਪਣੀ ਸਵੈ-ਪੜਚੋਲ ਕੀਤੀ ਤੇ ਮੰਨਿਆ ਕਿ ਮੈਂ ਗਲਤ ਸੀ। **ਮੈਨੂੰ ਅਜਿਹਾ ਤਾਂ ਕਰਨਾ ਪਿਆ ਕਿਉਂਕਿ ਪਾਰਟੀ ਤਾਂ ਹਮੇਸ਼ਾਂ ਹੀ ਠੀਕ ਹੁੰਦੀ ਸੀ, ਪਰ ਤਾਂ** ਵੀ ਮੇਰੇ ਮਨ ਵਿਚ ਸ਼ੰਕੇ ਬਣੇ ਰਹੇ ਤੇ ਬਾਅਦ ਵਾਲੇ ਸਾਲਾਂ ਵਿਚ ਮੈਨੂੰ ਵਿਸ਼ਵਾਸ ਦਵਾਇਆ ਗਿਆ ਕਿ ਅਸਲ ਵਿਚ ਮੈਂ ਠੀਕ ਸਾਂ। ਅਜ ਕਲ੍ਹ ਤਾਂ CPI ਅਤੇ CPI (M) ਦੋਵਾਂ ਦੇ ਲੀਡਰਾਂ ਨੂੰ ਵੀ ਇਹ ਮੰਨਣਾ ਪੈਂਦਾ ਹੈ ਕਿ 'ਕੁਝ ਕੁ ਗਲਤੀਆਂ ਕੀਤੀਆਂ ਗਈਆਂ।' ਇਸ ਫ਼ਿਕਰੇ 'ਕੁਝ ਕੁ ਗਲਤੀਆਂ ਕੀਤੀਆਂ ਗਈਆਂ' ਨਾਲ ਹੀ ਸਭ ਕਾਸੇ ਦੀ ਵਿਆਖਿਆ ਕਰ ਦਿਤੀ ਜਾਂਦੀ ਹੈ।[1] ਪਰ ਸਵੈ-ਪੜਚੋਲ ਕਰਨ ਦੇ ਬਾਵਜੂਦ ਵੀ ਅੰਗਰੇਜ਼ ਸਰਕਾਰ ਨੇ ਮੈਨੂੰ ਜੇਲ੍ਹ ਤੋਂ ਰਿਹਾਈ ਨਹੀਂ ਦਿਤੀ। ਇਹ ਸੰਭਵ ਹੈ ਕਿ ਉਹਨਾਂ ਦੀ ਸੂਹੀਆ ਪੁਲਸ ਨੇ ਇਹ ਫੈਸਲਾ ਕੀਤਾ ਹੋਵੇ ਕਿ ਮੇਰੀ ਸਵੈ-ਪੜਚੋਲ ਸੱਤਹੀ ਪੱਧਰ ਦੀ ਹੈ। ਸਰਕਾਰੀ ਚਾਰਜ-ਸ਼ੀਟ ਜੋ ਮੈਨੂੰ ਜੇਲ੍ਹ ਵਿਚ ਦਿਤੀ ਗਈ ਉਸ ਵਿਚ ਮੇਰੇ ਜੇਲ੍ਹ ਵਿਚ ਰਖੇ ਜਾਣ ਦਾ ਕਾਰਨ ਇਹ ਦਸਿਆ ਗਿਆ ਕਿ ਮੈਂ People's War ਦਾ ਵਿਰੋਧ ਕੀਤਾ ਹੈ। ਕਮਿਊਨਿਸਟ ਪਾਰਟੀ ਨੇ ਮੈਨੂੰ ਰਿਹਾ ਕਰਵਾਉਣ ਲਈ ਸਬੰਧਤ ਅਦਾਰਿਆਂ ਉਪਰ ਕਾਫ਼ੀ ਜ਼ੋਰ ਪਾਇਆ, ਪਰ ਇਸ ਦਾ ਕੋਈ ਨਤੀਜਾ ਨਾ ਨਿਕਲਿਆ। ਮੈਨੂੰ ਅਕਤੂਬਰ 1945 ਤਕ ਰਿਹਾ ਨਹੀਂ ਕੀਤਾ ਗਿਆ।

**ਸਵਾਲ** : ਤਾਂ ਤੁਸੀਂ ਉਸ ਵੇਲੇ ਵੀ ਜੇਲ੍ਹ ਵਿਚ ਸੀ ਜਦੋਂ ਕਾਂਗਰਸ ਨੇ ਅਗਸਤ 1942 ਵਿਚ 'ਭਾਰਤ ਛੱਡੋ' ਦਾ ਨਾਹਰਾ ਲਾਇਆ। ਕੀ ਕਾਂਗਰਸ ਵਲੰਟੀਅਰਾਂ ਤੇ ਲੀਡਰਾਂ, ਜਿੰਨਾ ਨੇ ਉਸ ਲਹਿਰ ਵਿਚ ਸ਼ਾਮਿਲ ਹੋ ਕੇ ਜੇਲ੍ਹਾਂ ਭਰ ਦਿਤੀਆਂ ਸਨ, ਦੇ ਦਿਲਾਂ ਵਿਚ ਕਮਿਊਨਿਸਟ ਪਾਰਟੀ ਪ੍ਰਤੀ ਰੋਸ-ਭਰਿਆ ਵਤੀਰਾ ਸੀ ?

**ਜਵਾਬ** : People's War ਦੇ ਹਕ ਵਿਚ ਹੋਣ ਵਾਲੇ ਕੁਝ ਕੁ ਬੰਦਿਆਂ ਵਲੋਂ ਇਕ ਵਿਚਾਰ ਪੇਸ਼ ਕੀਤਾ ਗਿਆ ਹੈ ਜਿਸ ਦੀ ਦਲੀਲ ਇਹ ਹੈ ਕਿ ਕਮਿਊਨਿਸਟ ਪਾਰਟੀ ਦੇ 'ਵਹਾ ਦੇ ਉਲਟ ਪਾਸੇ ਤਰਨ' ਦੇ ਨਤੀਜੇ ਵਜੋਂ ਬਹੁਤ ਸਾਰੀ ਮਦਦ ਹਾਸਿਲ ਹੋਈ। ਮੈਂ ਇਸ ਵਿਚਾਰ ਨੂੰ ਸਵੀਕਾਰ ਨਹੀਂ ਕਰਦਾ। ਇਹ ਠੀਕ ਹੈ ਕਿ ਪਾਰਟੀ ਨੇ ਬਰਤਾਨਵੀ ਸਾਮਰਾਜ ਵਲੋਂ ਇਸ ਨੂੰ ਦਿਤੀ ਗਈ ਕਾਨੂੰਨੀ ਆਜ਼ਾਦੀ (legality) ਦਾ ਲਾਭ ਉਠਾ ਕੇ ਮੈਂਬਰਾਂ ਦੀ ਭਰਤੀ ਵਿਚ ਵਾਧਾ ਕੀਤਾ ਤੇ ਆਪਣੀ ਟਰੇਡ ਯੂਨੀਅਨ ਤਾਕਤ ਵੀ ਵਧਾ ਲਈ। ਪਰ ਅਸਲ ਨੁਕਤਾ ਇਹ ਹੈ ਕਿ ਪਾਰਟੀ ਨੂੰ ਲੋਕ ਲਹਿਰ ਦੇ ਵਹਾਅ ਦੇ ਉਲਟ ਪਾਸੇ ਤਰਨ ਕਾਰਨ ਬਰਤਾਨਵੀ ਸਾਮਰਾਜ ਦਾ ਸਾਥੀ ਸਮਝਿਆ ਗਿਆ। ਕਮਿਊ-ਨਿਸਟ ਹੋਣਾ ਸਤਿਕਾਰਿਆ ਜਾਣ ਲਗ ਪਿਆ। ਕਈ ਨੌਜਵਾਨ ਕਮਿਊਨਿਸਟ 'ਰੂਸ ਦਾ ਬਚਾਅ ਕਰਨ ਲਈ' ਇਟਲੀ ਤੇ ਉਤਰੀ ਅਫਰੀਕਾ ਵਿਚ ਜਾ ਕੇ ਲੜਨ ਲਈ ਬਰਤਾਨਵੀ ਫੌਜ ਵਿਚ ਭਰਤੀ ਹੋ ਗਏ। ਉਹਨਾਂ ਵਿਚੋਂ ਜਲਦੀ ਹੀ ਕਈਆਂ ਨੇ ਆਪਣਾ "ਕਮਿਊਨਿਜ਼ਮ" ਵਗਾਹ ਮਾਰਿਆ; ਲੜਾਈ ਤੋਂ ਪਿਛੋਂ ਵੀ ਫੌਜ ਵਿਚ ਹੀ ਰਹੇ ਤੇ ਗੁਪਤ ਰਹਿ ਕੇ ਪਾਰਟੀ ਦਾ ਕੰਮ ਕਰਨ ਤੋਂ ਇਨਕਾਰ ਕਰ ਦਿਤਾ। ਇਹ ਸਚਾਈ ਹੈ ਕਿ ਪਾਰਟੀ ਦੀ ਮੈਂਬਰਸ਼ਿਪ ਜੁਲਾਈ 1942 ਵਿਚ 4500 ਤੋਂ ਵਧ ਕੇ ਮਈ 1943 ਵਿਚ ਪਹਿਲੀ ਪਾਰਟੀ ਕਾਨਫਰੰਸ ਸਮੇਂ 15,500 ਤੋਂ ਉਪਰ ਹੋ ਗਈ। ਜਨਤਕ ਜਥੇਬੰਦੀਆਂ ਦੀ ਮੈਂਬਰਸ਼ਿਪ ਵਿਚ ਵੀ ਵਾਧਾ ਹੋਇਆ। **ਪਰ ਇਹਨਾਂ ਨਵੇਂ ਮੈਂਬਰਾਂ ਵਿਚੋਂ ਬਹੁਤਿਆਂ ਨੂੰ ਖਾੜਕੂ ਜਨਤਕ ਜਦੋਂ-ਜਹਿਦਾਂ ਜਾਂ ਪੁਲਸ ਤਸ਼ੱਦਦ ਸਹਿਣ ਦਾ ਕੋਈ ਤਜਰਬਾ ਨਹੀਂ ਸੀ। ਬਸ ਤਜਰਬਾ ਸੀ ਤਾਂ ਕੇਵਲ ਸ਼ਾਂਤਮਈ ਲਹਿਰਾਂ ਦਾ ਜੋ ਪਾਰਟੀ ਨੇ "ਵਧੇਰੇ ਅਨਾਜ ਉਗਾਓ" — "ਪੈਦਾਵਾਰ ਵਧਾਓ" — "ਕੌਮੀ ਨੇਤਾ ਰਿਹਾ ਕਰੋ" — "ਕੌਮੀ ਸਰਕਾਰ ਬਣਾਓ" — "ਜਪਾਨੀ ਹਮਲੇ ਤੋਂ (ਜਿਹੜਾ ਨਹੀਂ ਹੋਇਆ) ਮਾਤਰ-ਭੂਮੀ ਦੀ ਰਖਿਆ ਕਰੋ" — ਆਦਿ ਨਾਹਰਿਆਂ ਹੇਠ ਚਲਾਈਆਂ। ਹੜਤਾਲਾਂ ਨੂੰ ਭੰਨਤੋੜ ਦੀ ਕਾਰਵਾਈ** (sabotage) **ਕਹਿ ਕੇ ਭੰਡਿਆ ਗਿਆ।** 1943 ਵਿਚ ਬੰਗਾਲ ਦੇ ਕਾਲ ਸਮੇਂ ਚੇਚਕ ਤੇ ਹੈਜ਼ੇ ਦੀ ਮਾਰ ਹੇਠ ਆਏ ਲੋਕਾਂ ਨੂੰ ਬਚਾਉਣ ਲਈ ਪਾਰਟੀ ਮੈਂਬਰਾਂ ਨੇ ਸਮਾਜ ਸੇਵਾ ਦੇ ਕੰਮਾਂ ਵਿਚ ਭਾਗ ਲਿਆ। ਭਾਰਤ ਵਰਗੇ ਦੇਸ਼ ਵਿਚ ਜਿਥੇ ਜ਼ਿੰਦਗੀ ਦੀ ਐਨੀ ਬੇਕਦਰੀ ਹੈ, ਅਜਿਹੇ ਸਮਾਜ ਸੇਵਾ ਦੇ ਕੰਮਾਂ ਦਾ ਵੀ ਪਾਰਟੀ ਨੂੰ ਲਾਭ ਹੋਇਆ। ਪਰ ਅਸੀਂ ਆਪਣੇ ਮੁਖ ਕੰਮ (basic task) — ਲੋਕਾਂ ਦੇ ਸਾਹਮਣੇ ਪੇਸ਼ ਸਾਰੀਆਂ ਸਮਸਿਆਵਾਂ ਦੀਆਂ ਜੜ੍ਹਾਂ ਦੀ ਮੂਲ ਵਿਆਖਿਆ ਕਰਨ ਦੇ ਕੰਮ ਵਿਚ ਕਾਮਯਾਬ ਨਹੀਂ ਹੋਏ।

ਦੂਸਰੇ ਪਾਸੇ 'ਭਾਰਤ ਛਡੋ' ਦੀ ਜਦੋ-ਜਹਿਦ ਤੋਂ ਬਾਅਦ ਕਾਂਗਰਸ ਦੀ ਤਾਕਤ ਵਿਚ ਬਹੁਤ ਵਾਧਾ ਹੋਇਆ। ਹਜ਼ਾਰਾਂ ਮਰਦ ਤੇ ਔਰਤਾਂ, ਖਾਸ ਕਰ ਨੌਜਵਾਨ, ਇਸ ਲਹਿਰ ਜਿਸ ਨੂੰ ਕਿ ਸਾਮਰਾਜਵਾਦ ਦੇ ਖਿਲਾਫ਼ ਇਨਕਲਾਬ ਸਮਝਿਆ ਗਿਆ, ਵਲ ਖਿੱਚੇ ਗਏ ਅਤੇ radicalise ਹੋਏ। ਇਹ ਸੱਚ ਹੈ ਕਿ ਅਸੀਂ ਗ੍ਰਿਫ਼ਤਾਰ ਕਾਂਗਰਸੀ ਨੇਤਾਵਾਂ ਦੀ ਰਿਹਾਈ ਲਈ ਤੇ ਅਸਥਾਈ ਕੌਮੀ ਸਰਕਾਰ ਜੋ People's War ਦਾ ਕਾਰਜ ਆਪਣੇ ਹੱਥ ਲਵੇ, ਦੇ ਬਣਨ ਲਈ ਮੁਹਿੰਮ ਸ਼ੁਰੂ ਕੀਤੀ, ਪਰ ਨਾਲ ਹੀ ਅਸੀਂ ਕਾਂਗਰਸੀ ਸੋਸ਼ਲਿਸਟਾਂ, ਬੋਸ ਦੇ ਸਾਥੀਆਂ ਅਤੇ ਹੋਰ ਰੈਡੀਕਲਜ਼ ਜਿਨ੍ਹਾਂ ਨੇ ਪੁਲਸ ਦਾ ਜ਼ੁਲਮ ਝਲਿਆ ਤੇ ਗ੍ਰਿਫ਼ਤਾਰੀਆਂ ਦਿਤੀਆਂ ਨੂੰ fifth columnists ਅਤੇ ਭੰਨਤੋੜ ਕਰਨ ਵਾਲੇ ਕਰਾਰ ਦਿਤਾ।

ਅਸੀਂ ਗਾਂਧੀ ਨੂੰ ਤੇ ਹੋਰ ਕਾਂਗਰਸੀ ਲੀਡਰਾਂ ਨੂੰ ਅਪੀਲ ਕੀਤੀ ਕਿ ਉਹ ਇਹਨਾਂ ਲੋਕਾਂ ਦੁਆਰਾ ਕੀਤੀ ਜਾਣ ਵਾਲੀ ਹਿੰਸਾ ਦੀ ਨਿਖੇਧੀ ਕਰਨ। ਪਰ ਰਿਹਾਈ ਤੋਂ ਪਿਛੋਂ ਨਾ ਕੇਵਲ ਨਹਿਰੂ ਨੇ ਸਗੋਂ

ਅਹਿੰਸਾ ਦੇ ਪੈਰੋਕਾਰਾਂ ਨੇ ਉਹਨਾਂ ਦੀ ਨਿਖੇਧੀ ਕਰਨ ਦੀ ਬਜਾਏ ਉਹਨਾਂ ਨੂੰ ਅਸਲੀ ਸਾਮਰਾਜ-ਵਿਰੋਧੀ ਦੇਸ਼ ਭਗਤ ਕਹਿ ਕੇ ਉਹਨਾਂ ਦੀ ਪ੍ਰਸੰਸਾ ਕੀਤੀ । ਸੁਭਾਸ਼ ਬੋਸ, ਜੈ ਪ੍ਰਕਾਸ਼ ਨਰਾਇਣ, ਅਰੂਨਾ ਆਸਿਫ਼ ਅਲੀ ਤੇ ਇਥੋਂ ਤਕ ਕਿ ਕਰਨਲ ਲਕਸ਼ਮੀ ਵਰਗੇ ਬਿਲਕੁਲ ਅਣਜਾਣੇ ਲੋਕ ਕੌਮੀ ਨਾਇਕ ਤੇ ਨਾਇਕਾਵਾਂ ਬਣ ਗਏ ।

ਅਸਲ ਵਿਚ ਇਕ ਦਹਾਕੇ ਦੇ ਵਿਚ ਵਿਚ ਹੀ ਕਮਿਊਨਿਸਟ ਪਾਰਟੀ ਦੂਸਰੀ ਵਾਰ ਕੌਮੀ ਲਹਿਰ ਦੀ ਮੁਖ ਧਾਰਾ ਤੋਂ ਅਡਰੀ ਹੋ ਗਈ । ਮੇਰੇ ਖਿਆਲ ਵਿਚ ਪਾਰਟੀ ਦੀ ਅਜਿਹੀ ਪਾਲਸੀ ਨੇ ਆਪਣੇ ਆਪ ਹੀ ਸਾਰੀ ਸਾਮਰਾਜ-ਵਿਰੋਧੀ ਲਹਿਰ ਨੂੰ ਕਾਂਗਰਸ ਅਤੇ ਭਾਰਤੀ ਬੁਰਜ਼ੁਆਜ਼ੀ ਦੇ ਹਵਾਲੇ ਕਰ ਦਿਤਾ । ਉਸ ਵਕਤ ਜੇਕਰ ਕਮਿਊਨਿਸਟ ਪਾਰਟੀ ਨੇ ਠੀਕ ਲਾਈਨ ਅਪਣਾਈ ਹੁੰਦੀ ਤਾਂ ਇਸ ਗੱਲ ਦੀ ਸੰਭਾਵਨਾ ਸੀ ਕਿ ਕਾਂਗਰਸ ਦਾ ਇਕ ਮਹਤਵ-ਪੂਰਨ ਭਾਗ ਕਮਿਊਨਿਜ਼ਮ ਵਲ ਜਿਤਿਆ ਜਾਂਦਾ । 1936-42 ਦੇ ਸਮੇਂ ਦੌਰਾਨ ਨਹਿਰੂ ਖ਼ੁਦ ਵੀ ਆਪਣੀ ਸਭ ਤੋਂ ਵਧ ਰੈਡੀਕਲ ਫੇਜ਼ (radical phase) ਵਿਚੋਂ ਦੀ ਗੁਜ਼ਰਿਆ ਅਤੇ ਕਾਂਗਰਸ ਵਿਚ ਹੋਰ ਵੀ ਖਬੇ-ਪੱਖ ਦੀਆਂ ਕਈ ਧਾਰਾਵਾਂ ਸਨ ਜਿਵੇਂ ਕਾਂਗਰਸ ਸੋਸ਼ਲਿਸਟਸ ਤੇ ਸੁਭਾਸ਼ ਦੇ ਪੈਰੋਕਾਰ । ਮੇਰੀ ਜੇਲ੍ਹ ਤੋਂ ਰਿਹਾਈ ਬਾਅਦ ਮੈਨੂੰ ਖਬੇ-ਪੱਖੀ ਕੌਮਵਾਦੀਆਂ ਦੇ ਗੁਸੇ ਦਾ ਉਸ ਵੇਲੇ ਤਜਰਬਾ ਹੋਇਆ ਜਦੋਂ ਉਹ ਸਾਡੀਆਂ ਮੀਟਿੰਗਾਂ ਵਿਚ ਇਹ ਨਾਹਰਾ ਲਾਉਂਦੇ ਸਨ : "ਬਰਤਾਨਵੀ ਸਾਮਰਾਜ ਦੇ ਹਿਮਾਇਤੀ, ਮੁਰਦਾਬਾਦ !" ਸੋ ਉਸ ਵੇਲੇ ਵਹਾ ਦੇ ਉਲਟੇ ਪਾਸੇ ਤਰਨ ਦਾ ਸਿੱਟਾ, ਜਦੋਂ ਵਹਾ ਠੀਕ ਦਿਸ਼ਾ ਵਲ ਸੀ ਇਹ ਨਿਕਲਿਆ ਕਿ ਸਹੀ ਕਿਸਮ ਦੀ ਆਜ਼ਾਦੀ ਤੇ ਸਮਾਜਵਾਦੀ ਤਬਦੀਲੀ ਵਿਚੇ ਹੀ ਡੁੱਬ ਗਈਆਂ । ਭਾਰਤੀ ਬੁਰਜੁਆਜ਼ੀ ਸਾਨੂੰ ਫੇਰ ਭੁਆਟਣੀ ਦੇ ਗਈ ਤੇ ਦਾਅ ਪੇਚਾਂ ਵਿਚ ਸਾਥੋਂ ਤੇਜ਼ ਨਿਕਲੀ ।

ਜੇਕਰ ਪਾਰਟੀ ਨੇ ਆਪਣੇ ਆਪ ਨੂੰ ਮੁੜ ਸੁਰਜੀਤ ਕੀਤਾ ਤਾਂ ਇਸ ਦਾ ਕਾਰਨ ਵਧੇਰੇ ਦੂਸਰੇ ਸੰਸਾਰ ਯੁਧ ਤੋਂ ਬਾਅਦ 1946-47 ਦੇ ਦੌਰਾਨ ਵਿਚ ਉਠੀ ਮਿਲੀਟੈਂਟ ਹੜਤਾਲ ਲਹਿਰ ਸੀ ਜਿਸ ਵਿਚ ਅਸੀਂ ਆਪਣੇ ਪੂਰੇ ਜ਼ੋਰ ਨਾਲ ਕੁਦ ਪਏ ਸਾਂ ਹਾਲਾਂਕਿ ਸਾਡੀ ਸਿਆਸੀ ਲਾਈਨ ਵਿਚ ਅਜੇ ਵੀ ਨੁਕਸ ਸਨ । ਉਦਾਹਰਨ ਲਈ ਅਸੀਂ ਪਾਕਿਸਤਾਨ ਬਣਨ ਦੀ ਹਿਮਾਇਤ ਕੀਤੀ । ਇਹ ਕਮਿਊ-ਨਿਸਟ ਪਾਰਟੀ ਹੀ ਸੀ ਜਿਸ ਨੇ ਬੰਬਈ ਵਿਚ 1946 ਵਿਚ ਨੇਵੀ ਦੀ ਬਗ਼ਾਵਤ ਦੀ ਹਿਮਾਇਤ ਕੀਤੀ ਤੇ ਇਸ ਤੋਂ ਵੀ ਸਾਨੂੰ ਇਸੇ ਗੱਲ ਦਾ ਅਹਿਸਾਸ ਹੋਇਆ ਕਿ ਕਾਂਗਰਸ-ਮੁਸਲਮ ਲੀਗੀ ਏਕਤਾ ਦੀ ਹਿਮਾਇਤ ਦੀ ਸਾਡੀ ਸਿਆਸੀ ਲਾਈਨ ਕਿਸੇ ਵੀ ਅਸਲੀ ਏਕੇ ਦੇ ਰਾਹ ਵਿਚ ਰੋੜਾ ਬਣੀ ਹੋਈ ਸੀ ਕਿਉਂਕਿ ਨੇਵੀ ਦੀ ਬਗ਼ਾਵਤ ਨੂੰ ਤੋੜੇ ਜਾਣ ਦੀ ਕਸ਼ਿਸ਼ ਉਨੀ ਬਰਤਾਨਵੀ ਸਾਮਰਾਜ ਵਲੋਂ ਨਹੀਂ ਸੀ ਕੀਤੀ ਜਾ ਰਹੀ ਜਿੰਨੀ ਕਾਂਗਰਸ ਅਤੇ ਲੀਗ ਦੇ ਲੀਡਰਾਂ ਵਲੋਂ ਕੀਤੀ ਜਾ ਰਹੀ ਸੀ । ਉਹ ਆਪਣੇ ਖਬੇ ਪਾਸਿਉਂ ਉਠੀ ਇਸ ਨਵੀਂ ਧਮਕੀ, ਜਿਸ ਦੀਆਂ ਕੁਝ ਘਟਨਾਵਾਂ ਰੂਸੀ ਇਨਕਲਾਬ ਨਾਲ ਮਿਲਦੀਆਂ ਜੁਲਦੀਆਂ ਸਨ, ਦਾ ਮੁਕਾਬਲਾ ਕਰਨ ਲਈ ਥੋੜੇ ਚਿਰ ਲਈ ਇਕ ਹੋ ਗਏ ਸਨ । ਸਾਡੇ ਵਿਚੋਂ ਬਹੁਤ ਸਾਰਿਆਂ, ਜਿਨ੍ਹਾਂ ਵਿਚ ਮੈਂ ਵੀ ਸ਼ਾਮਿਲ ਸਾਂ, ਨੂੰ ਇਕ ਵਾਰ ਫੇਰ ਜਮਾਤੀ ਜਦੋ-ਜਹਿਦਾਂ ਭੜਕਾਉਣ ਦੇ ਦੋਸ਼ ਵਿਚ ਗ੍ਰਿਫਤਾਰ ਕਰ ਲਿਆ ਗਿਆ । ਸਾਨੂੰ ਆਜ਼ਾਦੀ ਤੋਂ ਕੇਵਲ 24 ਘੰਟੇ ਪਹਿਲਾਂ, 13 ਅਗਸਤ, 1947 ਨੂੰ ਹੀ ਰਿਹਾ ਕੀਤਾ ਗਿਆ ।

**ਸਵਾਲ** : ਰੰਧੀਵੇ ਥੀਸਸਾਂ (notorious Ranadive theses) ਪਿਛੇ ਕਿਹੜੀ ਦਲੀਲ ਕੰਮ ਕਰ ਰਹੀ ਸੀ ਜਿਸ ਨੇ ਕਮਿਊਨਿਸਟ ਪਾਰਟੀ ਨੂੰ ਆਜ਼ਾਦੀ ਦੇ ਬਾਅਦ ਦੇ ਸਮੇਂ ਫਿਰ ਅਤ-ਖੱਬੇ



ਰਾਹ ਵਲ ਧੱਕ ਦਿਤਾ ?

**ਜਵਾਬ** : ਮੇਰੇ ਖਿਆਲ ਵਿਚ ਇਥੇ ਸਾਨੂੰ ਪਹਿਲਾਂ ਬਹੁਤ ਸਾਰੇ ਅੰਤਰ-ਸੰਬੰਧਤ ਪੱਖਾਂ ਨੂੰ ਇਕ ਦੂਸਰੇ ਤੋਂ ਧਿਆਨ ਨਾਲ ਅੱਲਗ ਕਰਨਾ ਹੋਵੇਗਾ । ਇਸ ਵਿਚ ਕੋਈ ਸ਼ੱਕ ਨਹੀਂ ਕਿ ਰੰਧੀਵੇ ਦੁਆਰਾ ਤਿਆਰ ਕੀਤੇ ਤੇ 1948 ਵਿਚ ਕਲਕਤੇ ਵਿਚ ਦੂਸਰੀ ਕਾਂਗਰਸ ਵਲੋਂ ਅਪਣਾਏ ਗਏ ਇਹ ਥੀਸਸ ਅਤ-ਖਬੂ (ultra-left) ਸਨ । ਪਰ ਪੰਜਾਹਵਿਆਂ ਵਿਚ ਤੇ ਇਥੋਂ ਤਕ ਕਿ ਅਜ ਕਲ੍ਹ ਵੀ ਬਹੁਤ ਸਾਰੇ ਕਮਿਊਨਿਸਟਾਂ ਤੇ ਖ਼ੱਬੇ ਕਾਂਗਰਸੀਆਂ ਵਲੋਂ ਕੀਤੀ ਜਾਣ ਵਾਲੀ ਇਹਨਾਂ ਦੀ ਆਲੋਚਨਾ ਕੁਝ ਕੁ ਖੋਖਲੀ ਹੋਣ ਦਾ ਪ੍ਰਭਾਵ ਦਿੰਦੀ ਹੈ ਕਿਉਂਕਿ ਇਹ ਸੁਧਾਰਵਾਦੀ ਚੌਖਟੇ ਤੋਂ ਕੀਤੀ ਜਾਂਦੀ ਹੈ ।

ਰਾਜ ਸੱਤਾ ਦੀ ਤਬਦੀਲੀ ਤੋਂ ਬਾਅਦ ਦੇਸ਼ ਦੇ ਕਈ ਭਾਗਾਂ ਵਿਚ, ਜਿਵੇਂ ਕਿ ਆਸ ਕੀਤੀ ਜਾਂਦੀ ਸੀ, ਜਦੋ-ਜਹਿਦਾਂ ਫੁੱਟ ਨਿਕਲੀਆਂ, ਇਹਨਾਂ ਜਦੋ-ਜਹਿਦਾਂ ਦਾ ਸੁਭਾਅ ਦੂਹਰਾ ਸੀ : ਉਹ ਇਕ ਪਾਸੇ ਤਾਂ ਕਾਂਗਰਸ ਨੂੰ ਮਿਲੀ ਰਾਜ ਸੱਤਾ ਦੀ ਤਬਦੀਲੀ ਨੂੰ ਮਨਾਉਂਦੀਆਂ (celebrated) ਸਨ ਤੇ ਆਸ ਕਰਦੀਆਂ ਸਨ ਕਿ ਕਾਂਗਰਸ ਆਪਣੇ ਸਾਰੇ ਰੈਡੀਕਲ ਵਾਹਦੇ ਪੂਰੇ ਕਰੇ । ਅਜਿਹੀਆਂ ਹੀ ਜਦੋ-ਜਹਿਦਾਂ ਨੇ 1937 ਵਿਚ ਬਣੀਆਂ ਪ੍ਰਾਂਤਿਕ ਕਾਂਗਰਸ ਸਰਕਾਰਾਂ ਨੂੰ ਜੀ ਆਇਆਂ ਕਿਹਾ ਸੀ, ਜਦੋਂ ਕਿ ਬਰਤਾਨਵੀ ਸਾਮਰਾਜ ਅਜੇ ਵੀ ਭਾਰਤ ਵਿਚ ਕਾਇਮ ਸੀ । ਇਹ ਜਦੋ-ਜਹਿਦਾਂ ਜੋ ਸਾਨੂੰ ਦਸਦੀਆਂ ਹਨ ਉਹ ਇਹ ਕਿ ਬੁਰਜਵਾ ਸਿਆਸਤ ਦੇ ਘੇਰੇ ਅੰਦਰ ਹੋਈਆਂ ਮਹੱਤਵ-ਪੂਰਣ ਜਿੱਤਾਂ ਅਤੇ ਪਾਰਲੀਮੈਂਟ ਤੋਂ ਬਾਹਰਲੀਆਂ ਲੋਕ-ਲਹਿਰਾਂ ਵਿਚ ਆਪਸੀ ਸੰਬੰਧ ਹੈ । ਤਲੰਗਨਾ (ਹੈਦਰਾਬਾਦ) ਦੀ ਜਦੋ-ਜਹਿਦ ਅਜ਼ਾਦੀ ਤੋਂ ਪਹਿਲਾਂ ਸ਼ੁਰੂ ਹੋਈ । ਇਹ ਹੈਦਰਾਬਾਦ ਦੇ ਨਿਜ਼ਾਮ, ਉਸ ਦੇ ਰਾਜ-ਪ੍ਰਬੰਧ ਅਤੇ ਪਿੰਡਾਂ ਵਿਚ ਉਸ ਦੀ ਹਿਮਾਇਤ ਨਾਲ ਖੜੇ ਜਗੀਰਦਾਰਾਂ ਦੇ ਖਿਲਾਫ਼ ਲੜੀ ਗਈ ਸੀ । ਇਥੇ ਵੀ ਭਾਰਤੀ ਫੌਜ ਨੇ ਦਖਲ ਦੇਕੇ ਸਾਰੀ ਸਥਿਤੀ ਬਦਲ ਦਿਤੀ ਕਿਉਂਕਿ ਇਕ ਪਾਸੇ ਤਾਂ ਇਸ ਨੇ ਪ੍ਰਭਾਵਸ਼ਾਲੀ ਢੰਗ ਨਾਲ ਨਿਜ਼ਾਮ ਨੂੰ ਤਾਕਤ ਤੋਂ ਅਲੱਗ ਕਰ ਦਿਤਾ ਤੇ ਨਾਲ ਹੀ ਖੱਬੀਆਂ ਤਾਕਤਾਂ ਦੇ ਵਿਕਾਸ ਦਾ ਰਾਹ ਰੋਕ ਦਿਤਾ ।

ਆਜ਼ਾਦੀ ਤੋਂ ਬਾਅਦ ਵਿਚ ਉਠੇ ਚੜ੍ਹਾਅ ਵਿਚ ਮਜ਼ਦੂਰਾਂ ਕਿਸਾਨਾਂ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਭਾਗ ਲਿਆ । ਕਾਂਗਰਸ ਦੇ ਖੱਬੇ ਵਿੰਗ ਦੇ ਬਹੁਤ ਸਾਰੇ ਹਿਮਾਇਤੀਆਂ ਨੇ ਵਧੇਰੇ ਟਰੇਡ ਯੂਨੀਅਨ ਅਧਿਕਾਰਾਂ ਲਈ, ਜਗੀਰਦਾਰੀ ਦੇ ਖਾਤਮੇ ਲਈ, ਤੇ ਵਧੇਰੇ ਆਜ਼ਾਦੀ ਲਈ ਇਹਨਾਂ ਲਹਿਰਾਂ ਹੀ ਹਿਮਾਇਤ ਕੀਤੀ । ਇਹਨਾਂ ਲਹਿਰਾਂ ਦਾ ਸੁਭਾਅ ਮੁਖ ਰੂਪ ਵਿਚ ਕਾਂਗਰਸ ਉਪਰ ਦਬਾਅ ਪਾ ਕੇ ਉਸ ਨੂੰ ਖੱਬੇ ਪਾਸੇ ਵਲ ਤੋਰਨ ਦਾ ਸੀ । ਜੇਕਰ ਕਮਿਊਨਿਸਟ ਪਾਰਟੀ ਨੇ ਪਹਿਲੇ ਸਾਲਾਂ ਵਿਚ ਭਾਰਤੀ ਹਲਾਤਾਂ ਦੇ ਵਿਸ਼ਲੇਸ਼ਣ 'ਤੇ ਅਧਾਰਤ ਠੀਕ ਯੁਧ-ਨੀਤੀ ਵਿਕਸਤ ਕੀਤੀ ਹੁੰਦੀ ਤਾਂ ਇਹਨਾਂ ਜਦੋ-ਜਹਿਦਾਂ ਨੂੰ ਲੀਡਰਸ਼ਿਪ ਦੇਣ ਵਿਚ ਇਸ ਨੇ ਮਹੱਤਵਪੂਰਨ ਰੋਲ ਅਦਾ ਕਰ ਸਕਣਾ ਸੀ । ਉਸ ਪ੍ਰਸੰਗ ਵਿਚ ਰੰਧੀਵੇ ਥੀਸਸਾਂ ਦਾ ਯਥਾਰਥ ਦੀ ਸਹੀ ਪਕੜ ਵਲੋਂ ਕਟੇ ਗਏ ਤਿੱਖੇ ਟੇਡੇ ਮੋੜਾਂ ਕਾਰਨ 1948 ਦੀ ਪਾਰਟੀ ਕਾਂਗਰਸ ਦਾ ਅੱਤ ਖੱਬਵਾਦ ਤਬਾਹਕੁਨ ਸਾਬਤ ਹੋਇਆ । ਲੋਕ, ਨਹਿਰੂ ਸਰਕਾਰ ਨੂੰ ਪਰਾਂਹ ਵਗਾਹ ਮਾਰਨ ਲਈ ਤਿਆਰ ਨਹੀਂ ਸਨ । ਇਸ ਦੇ ਉਲਟ ਉਹਨਾਂ ਵਿਚੋਂ ਬਹੁਤ ਸਾਰੇ ਨਹਿਰੂ ਸਰਕਾਰ ਦੇ ਅਜੇ ਪੱਖ ਵਿਚ ਸਨ । ਕਮਿਊਨਿਸਟ ਪਾਰਟੀ ਦਾ ਇਹ ਨਾਹਰਾ : ਇਹ ਆਜ਼ਾਦੀ ਝੂਠੀ ਆਜ਼ਾਦੀ ਹੈ ਕੇਵਲ ਲੋਕਾਂ ਨਾਲੋਂ ਕਮਿਊਨਿਸਟਾਂ ਨੂੰ ਨਿਖੇੜਨ ਵਿਚ ਹੀ ਕਾਮਯਾਬ ਹੋਇਆ । ਇਸ ਨਾਹਰੇ ਦੇ ਨਾਲ ਸ਼ੁਰੂ ਕੀਤੀ ਹਥਿਆਰਬੰਦ ਜਦੋ-ਜਹਿਦ ਕਾਰਨ ਸਾਰੇ ਦੇਸ਼ ਵਿਚ ਬਹੁਤ ਸਾਰੇ ਵਰਕਰਾਂ ਦੀਆਂ ਮੌਤਾਂ ਹੋਈਆਂ,

ਕੈਦਾਂ ਕੀਤੀਆਂ ਗਈਆਂ ਤੇ ਤਸੀਹੇ ਦਿਤੇ ਗਏ। ਨਹਿਰੂ ਸਰਕਾਰ ਦਾ ਸਾਮਰਾਜ ਦੀ ਦਲਾਲ ਸਰਕਾਰ ਹੋਣ ਦਾ ਵਿਸ਼ਲੇਸ਼ਣ ਇਕ ਹੋਰ ਗਲਤੀ ਸੀ ਕਿਉਂਕਿ ਇਸ ਪਿਛੇ ਛੁਪਿਆ ਵਿਚਾਰ ਇਹ ਸੀ ਕਿ ਬਸਤੀਵਾਦੀ ਬਰਤਾਨਵੀ ਰਾਜ-ਪ੍ਰਬੰਧ ਅਤੇ ਬਸਤੀਵਾਦ ਉਪਰੰਤ (post-colonial) ਬਣੀ ਨਹਿਰੂ ਸਰਕਾਰ ਵਿਚ ਕੋਈ ਫ਼ਰਕ ਨਹੀਂ ਸੀ। ਜਿਵੇਂ ਕਿ ਅਜ ਕਲ੍ਹ ਆਮ ਤੌਰ 'ਤੇ ਮਾਰਕਸਵਾਦੀਆਂ ਵਲੋਂ ਇਹ ਸਵੀਕਾਰਿਆ ਜਾਂਦਾ ਹੈ ਕਿ ਭਾਰਤੀ ਰਾਜਕਰੂ ਸ਼ਰੇਣੀ ਸ਼ਬਦ ਦੇ ਅਸਲੀ ਅਰਥ ਕਦੀ ਵੀ ਦਲਾਲ ਸ਼ਰੇਣੀ ਨਹੀਂ ਸੀ। ਬਸਤੀਵਾਦੀ ਰਾਜ ਦੇ ਦੌਰਾਨ ਵੀ ਭਾਰਤੀ ਬੁਰਜੁਆਜ਼ੀ ਦੀ ਮੁਕਾਬਲਤਨ ਖੁਦ-ਮੁਖਤਾਰੀ (relative autonomy) ਬਣੀ ਰਹੀ। ਅਜ਼ਾਦੀ ਤੋਂ ਬਾਅਦ ਵੀ ਇਹ ਦਲੀਲ ਦੇਈ ਜਾਣਾ ਕਿ ਭਾਰਤੀ ਰਾਜਕਰੂ ਜਮਾਤ ਦਲਾਲ ਸਰਮਾਏਦਾਰੀ ਹੈ, ਨਾ ਕੇਵਲ ਇਸ ਰੂਪ ਵਿਚ ਅਤਿ-ਖੱਬਵਾਦ ਸੀ ਕਿ ਇਹ ਯੁਧ-ਨੀਤੀ ਦੀ ਗਲਤ ਲਾਈਨ 'ਤੇ ਜ਼ੋਰ ਦਿੰਦੀ ਸੀ ਸਗੋਂ ਇਹ ਭਾਰਤੀ ਕਮਿਊਨਿਜ਼ਮ ਦੇ ਸਿਧਾਂਤਕ ਪੱਖ ਤੋਂ ਵੀ ਨਾਕਾਫ਼ੀ ਹੋਣ ਦਾ ਸਬੂਤ ਸੀ। ਇਹਨਾਂ ਥੀਸਸਾਂ ਦੇ ਬਹੁਤ ਸਾਰੇ ਥੀਮ ਬਾਅਦ ਵਿਚ ਸਠਵਿਆਂ ਦੇ ਅਖੀਰ ਵਿਚ ਨਕਸਲਬਾੜੀ ਵਿਚ ਅਤੇ ਭਾਰਤ ਦੇ ਹੋਰ ਭਾਗਾਂ ਵਿਚ ਮਾਓਵਾਦੀ ਇਨਕਲਾਬੀਆਂ ਵਲੋਂ ਮੁੜ ਜ਼ਿੰਦਾ ਕੀਤੇ ਗਏ ਤੇ ਅਸੀਂ ਜਾਣਦੇ ਹਾਂ ਇਸ ਦੇ ਕਿੰਨੇ ਖ਼ਤਰਨਾਕ ਨਤੀਜੇ ਨਿਕਲੇ।[2] ਸੈਂਕੜੇ ਲੋਕ ਮਾਰੇ ਗਏ, ਹਜ਼ਾਰਾਂ ਨੂੰ ਤਸੀਹੇ ਦਿਤੇ ਗਏ ਤੇ ਲਹਿਰ ਕਮਜ਼ੋਰ ਤੋਂ ਕਮਜ਼ੋਰ ਪੈਂਦੀ ਗਈ। ਅਜ ਵੀ ਰਾਜਕਰੂ ਜਮਾਤ ਵਲੋਂ ਹਜ਼ਾਰਾਂ ਸਿਆਸੀ ਕੈਦੀ ਜੇਲ੍ਹਾਂ ਵਿਚ ਡਕੇ ਹੋਏ ਹਨ। ਸਭ ਤੋਂ ਵੱਡਾ ਦੁਖਾਂਤ ਇਹ ਕਿ ਇਹਨਾ ਕੈਦੀਆਂ ਨੂੰ ਕਿਸੇ ਵੀ ਜਨਤਕ ਲਹਿਰ ਦੀ ਹਿਮਾਇਤ ਪ੍ਰਾਪਤ ਨਹੀਂ।

ਆਓ ਫਿਰ 1948 ਵਲ ਮੁੜੀਏ। ਇਕ ਵਾਰ ਫੇਰ ਬਹੁਤ ਸਾਰੇ ਕਮਿਊਨਿਸਟਾਂ ਨੂੰ ਜਿੰਨਾਂ ਵਿਚ ਮੈਂ ਵੀ ਸ਼ਾਮਿਲ ਸਾਂ, ਜੇਲ੍ਹ ਵਿਚ ਡਕ ਦਿਤਾ ਗਿਆ। ਇਸ ਵਾਰ ਫੇਰ ਜੇਲ੍ਹ ਵਿਚ ਰੰਧੀਵੇ ਥੀਸਸਾਂ 'ਤੇ ਬਹਿਸਾਂ ਸ਼ੁਰੂ ਹੋਈਆਂ। ਨਵੀਂ ਲਾਈਨ ਬਾਰੇ ਕਾਫ਼ੀ ਬੇਪ੍ਰਤੀਤੀ ਸੀ। ਟਰੇਡ-ਯੂਨੀਅਨਾਂ ਵਿਚ ਕੰਮ ਕਰਨ ਵਾਲੇ ਕਾਮਰੇਡ ਤੇਜ਼ੀ ਨਾਲ ਪਾਰਟੀ ਲੀਡਰਸ਼ਿਪ ਦੇ ਖਿਲਾਫ਼ ਹੁੰਦੇ ਜਾ ਰਹੇ ਸਨ। ਪਾਰਟੀ ਲੀਡਰਸ਼ਿਪ ਨੇ ਕੌਮੀ ਪੱਧਰ 'ਤੇ ਰੇਲਵੇ ਦੀ ਹੜਤਾਲ ਦਾ ਡੰਕਾ ਵਜਾ ਦਿਤਾ, ਜਿਹੜੀ ਕਿ ਨਾਕਾਮਯਾਬ ਰਹੀ। ਇਸ ਨੇ ਸਿਰਫ ਰੇਲਵੇ ਯੂਨੀਅਨ ਵਿਚ ਕਮਿਊਨਿਸਟਾਂ ਦੇ ਹਿਮਾਇਤੀਆਂ ਨੂੰ ਬਾਕੀਆਂ ਨਾਲੋਂ ਨਿਖੇੜਨ ਦਾ ਹੀ ਕੰਮ ਕੀਤਾ ਤੇ ਉਹਨਾਂ ਵਿਚੋਂ ਬਹੁਤ ਸਾਰਿਆਂ ਨੂੰ ਗਿਫਤਾਰ ਕਰ ਲਿਆ ਗਿਆ। ਫੇਰ ਪਾਰਟੀ ਲੀਡਰਾਂ ਨੇ ਇਹ ਕਿਹਾ ਕਿ ਹੜਤਾਲ ਇਸ ਕਰਕੇ ਨਹੀਂ ਹੋ ਸਕੀ ਕਿ ਕਮਿਊਨਿਸਟ ਜਿਹੜੇ ਟਰੇਡ ਯੂਨੀਅਨ ਦੇ ਲੀਡਰ ਸਨ — ਉਹ ਸੋਧਵਾਦੀ ਤੇ ਸੁਧਾਰਵਾਦੀ ਸਨ। ਪਰ ਇਸ ਬਹਿਸ ਦਾ ਵੀ ਬੜੀ ਤੇਜ਼ੀ ਨਾਲ ਇਕ ਖ਼ਾਸ ਢੰਗ ਨਾਲ ਵਿਕਾਸ ਹੋਇਆ। ਭਾਰਤ ਵਿਚ ਉਸ ਸਮੇਂ ਵਿਚਰ ਰਹੀਆਂ ਹਾਲਤਾਂ ਦਾ ਵਿਸ਼ਲੇਸ਼ਣ ਕਰਨ ਦਾ ਕੋਈ ਵੀ ਯਤਨ ਨਹੀਂ ਕੀਤਾ ਗਿਆ। ਇਹ ਇਕ ਅਜਿਹਾ ਸੈਸ਼ਨ ਸਾਬਤ ਹਇਆ ਜਿਸ ਵਿਚ ਇਕ ਧਿਰ 'ਦਲੀਲ' ਦਿੰਦੀ ਸੀ : 'ਸਟਾਲਿਨ ਨੇ ਕਿਹਾ ਸੀ...', ਜਿਸ ਦੇ ਜਵਾਬ ਵਿਚ ਵਿਰੋਧੀ ਧਿਰ ਦਾ ਉਤਰ ਹੁੰਦਾ ਸੀ : 'ਪਰ ਮਾਉ ਇਸਦੇ ਉਲਟ ਇਹ ਕਹਿੰਦਾ ਹੈ...' ਰੰਧੀਵੇ ਲਾਈਨ ਦਾ ਸਹੀ ਮੁਲਾਂਕਣ ਤੇ ਸਾਰੇ ਝਗੜਿਆਂ ਦੇ ਨਤੀਜੇ ਦਾ ਫੈਸਲਾ ਪਾਰਟੀ ਅੰਦਰ ਭਰਵੀਂ ਬਹਿਸ ਛੇੜਕੇ ਪਾਰਟੀ ਕਾਂਗਰਸ ਰਾਹੀਂ ਨਹੀਂ ਕੀਤਾ ਗਿਆ।

ਸਟਾਲਿਨਵਾਦ ਦੀ ਠੁੱਕ ਬੱਝੀ ਪਰੰਪਰਾ ਅਨੁਸਾਰ ਪਾਰਟੀ ਲੀਡਰਸ਼ਿਪ ਨੇ ਇਕ ਡੈਲੀਗੇਸ਼ਨ



ਮਾਸਕੋ ਭੇਜ ਕੇ ਸਟਾਲਿਨ ਨੂੰ ਮਿਲਣ ਦਾ ਫੈਸਲਾ ਕੀਤਾ। ਇਸ ਅਦੁਤੀ ਮਾਣ ਲਈ ਜਿਨ੍ਹਾਂ ਚਾਰ ਨੇਤਾਵਾਂ ਦੀ ਚੋਣ ਹੋਈ, ਉਹ ਸਨ : ਅਜੈ ਘੋਸ਼, ਰਾਜੇਸ਼ਵਰ ਰਾਓ, ਐਸ. ਏ. ਡਾਂਗੇ ਤੇ ਬਸਾਵਾ ਪੁੰਨਿਆ। ਰੰਧੀਵੇ ਦਾ ਸਿਤਾਰਾ ਗ੍ਰਹਿਣਿਆ ਗਿਆ। ਉਹ ਇਕ ਨਵੀਂ ਦਾਅ-ਪੇਚ ਦੀ ਲਾਈਨ ਤੇ ਨਵਾਂ ਡਰਾਫ਼ਟ ਪਰੋਗਰਾਮ ਲੈ ਕੇ ਘਰ ਪਰਤੇ ਜੋ 1951 ਵਿਚ ਕਲਕਤੇ ਵਿਚ ਪਾਰਟੀ ਦੀ ਖ਼ਾਸ ਕਾਨਫਰੰਸ ਸੱਦ ਕੇ ਅਪਣਾਇਆ ਗਿਆ। ਸਟਾਲਿਨ, ਮੋਲੋਟੋਵ ਅਤੇ ਸੁਸਲੋਵ ਦੀਆਂ ਹਿਦਾਇਤਾਂ ਹੇਠ ਤਿਆਰ ਕੀਤੀ ਨਵੀਂ ਲਾਈਨ ਅਨੁਸਾਰ ਕਾਂਗਰਸ ਸਰਕਾਰ ਬਰਤਾਨਵੀ ਸਾਮਰਾਜ ਦੀ ਸਹਿਮਤੀ ਨਾਲ ਬਿਠਾਈ ਗਈ ਸੀ, ਭਾਰਤ ਵਿਚ ਅਜੇ ਵੀ ਬਸਤੀਵਾਦੀ ਰਾਜ ਪ੍ਰਬੰਧ ਕਾਇਮ ਸੀ ਤੇ ਹੁਣ ਸਾਮਰਾਜਵਾਦੀਆਂ ਆਪਣੇ ਰਾਜ ਨੂੰ ਕਾਂਗਰਸ ਸਰਕਾਰ ਦੇ ਪਰਦੇ ਨਾਲ ਢੱਕ ਦਿੱਤਾ ਸੀ, ਕਾਂਗਰਸ ਸਰਕਾਰ ਜਿਹੜੀ ਬਿਲਕੁਲ ਹੀ ਸਾਮਰਾਜਵਾਦ ਦੇ ਥਲੇ ਵਗਦੀ ਸੀ। ਇਸ ਲਈ ਕਮਿਊਨਿਸਟ ਪਾਰਟੀ ਅਗੇ ਫੌਰੀ ਕੰਮ ਇਸ ਭਾਰਤੀ ਸਟੇਟ ਦਾ ਤਖਤਾ ਉਲਟਣਾ ਸੀ ਤਾਕਿ ਇਸ ਦੀ ਜਗ੍ਹਾ ਲੋਕ ਜਮਹੂਰੀ ਸਟੇਟ (people's democratic state) ਕਾਇਮ ਕੀਤੀ ਜਾ ਸਕੇ। ਇੰਜ ਰਾਜ ਸੱਤਾ ਦੀ ਤਬਦੀਲੀ ਤੋਂ ਚਾਰ ਸਾਲ ਬਾਅਦ ਵੀ ਸਟਾਲਿਨ ਅਤੇ ਸੋਵੀਅਤ ਯੂਨੀਅਨ ਦੇ ਦੂਸਰੇ ਨੇਤਾ ਭਾਰਤ ਨੂੰ ਬਰਤਾਨਵੀ ਸਾਮਰਾਜ ਦੇ ਹੇਠ ਇਕ ਬਸਤੀਵਾਦੀ ਦੇਸ਼ ਹੀ ਸਮਝਦੇ ਰਹੇ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਪਾਰਟੀ ਕਾਨਫਰੰਸ ਨੇ ਇਸ ਨਵੀਂ ਲਾਈਨ ਨੂੰ ਮਾਨਤਾ ਦੇ ਦਿਤੀ ਕਿਉਂਕਿ ਇਸ ਲਾਈਨ ਨੂੰ 'ਸਭ ਤੋਂ ਵਡੇ ਮਾਰਕਸਵਾਦੀ ਲੈਨਿਨਵਾਦੀ ਅਤੇ ਸੰਸਾਰ ਇਨਕਲਾਬ ਦੇ ਨੇਤਾ' ਦੀ ਅਸ਼ੀਰਵਾਦ ਹਾਸਿਲ ਸੀ। ਘਟੋ ਘੱਟ 1956 ਤਕ ਸਾਡੇ ਬਹੁ-ਸੰਮਤੀ ਸਾਥੀਆਂ ਦੀ ਇਹੀ ਸੋਚਣੀ ਸੀ। ਮੈਂ ਵੀ ਕੁਝ ਦੇਰ ਲਈ ਇਸ ਬੇਤੁਕੇ ਵਿਚਾਰ ਨੂੰ ਸਵੀਕਾਰ ਕਰ ਲਿਆ ਪਰ ਛੇਤੀ ਹੀ ਮੇਰੇ ਮਨ ਵਿਚ ਸ਼ੰਕੇ ਖੜੇ ਹੋਣ ਲਗੇ ਤੇ ਮੈਂ ਇਹ ਦਲੀਲ ਦੇਣੀ ਸ਼ੁਰੂ ਕਰ ਦਿਤੀ ਕਿ ਭਾਰਤ ਰਾਜਨੀਤਕ ਤੌਰ 'ਤੇ ਆਜ਼ਾਦ ਸੀ।

ਪਰ ਅਮਲ ਵਿਚ ਨਵੀਆਂ ਗੱਲਾਂ ਹੀ ਹੋਈਆਂ। 1951 ਵਿਚ ਨਵਾਂ ਪ੍ਰੋਗਰਾਮ ਅਪਨਾਉਣ ਦੇ ਨਾਲ ਹੀ ਪਾਰਟੀ ਨੇ ਆ ਰਹੀਆਂ ਆਮ ਚੋਣਾਂ ਵਿਚ ਭਾਗ ਲੈਣ ਦਾ ਫ਼ੈਸਲਾ ਵੀ ਕਰ ਲਿਆ। ਆਪਣੇ ਆਪ ਵਿਚ ਤਾਂ ਇਹ ਗੱਲ ਠੀਕ ਸੀ ਪਰ ਚੋਣਾਂ ਤੋਂ ਬਾਅਦ ਪਾਰਟੀ ਵਲੋਂ ਅਪਣਾਈਆਂ ਗਈਆਂ ਪਾਲਸੀਆਂ ਨੇ ਤਾਂ ਇਸ ਨਵੇਂ ਕੱਟੇ ਮੋੜ ਨੂੰ ਵਧੇਰੇ ਸਪੱਸ਼ਟ ਤੌਰ 'ਤੇ ਸਾਹਮਣੇ ਲੈ ਆਂਦਾ। ਅੱਤ-ਖੱਬਵਾਦ ਵਲੋਂ ਹੱਟ ਕੇ ਪਾਰਟੀ ਹੁਣ ਹੋਰ ਰਾਹ ਵਲ ਤੁਰ ਪਈ ਸੀ ਜਿਸ ਨੂੰ ਕੇਵਲ ਪਾਰਲੀਮੈਂਟਰੀ ਰੋਗ ਹੀ ਆਖਿਆ ਜਾ ਸਕਦਾ ਹੈ। ਈਲੈਕਸ਼ਨ ਮੈਨੀਫ਼ੈਸਟੋ ਤੇ 1951 ਦੇ ਨਵੇਂ ਪ੍ਰੋਗਰਾਮ ਵਿਚ ਇਹ ਪ੍ਰਗਟਾਇਆ ਗਿਆ ਕਿ ਪਾਰਟੀ ਦਾ ਨੇੜਲਾ ਉਦੇਸ਼ ਸਮਾਜਵਾਦ ਨਹੀਂ ਹੈ ਕਿਉਂਕਿ ਭਾਰਤ ਤਾਂ ਅਜੇ ਤਕ ਇਕ ਪਛੜਿਆ ਹੋਇਆ ਬਸਤੀਵਾਦੀ ਦੇਸ਼ ਹੈ। ਫੌਰੀ ਕੰਮ ਤਾਂ ਐਂਟੀ-ਡੈਮੋਕ੍ਰੈਟਿਕ ਤੇ ਨਾ-ਹਰਮਨ ਪਿਆਰੀ ਨਹਿਰੂ ਸਰਕਾਰ ਨੂੰ ਗੱਦੀਓਂ ਲਾਹ ਕੇ ਲੋਕ ਜਮਹੂਰੀ ਸਰਕਾਰ (Peoples' democracy) ਸਥਾਪਤ ਕਰਨਾ ਹੈ ਜਿਹੜੀ ਕਿ ਸਾਰੇ ਸਾਮਰਾਜ-ਵਿਰੋਧੀ, ਜਗੀਰੂਵਾਦ-ਵਿਰੋਧੀ ਪਾਰਟੀਆਂ ਤੇ ਤਾਕਤਾਂ ਦੇ ਸਾਂਝੇ ਇਕੱਠ (coalition) 'ਤੇ ਅਧਾਰਿਤ ਹੋਵੇਗੀ। ਇੰਜ ਸ਼ਬਦ 'ਜਮਾਤ' ਸ਼ਬਦ 'ਪਾਰਟੀ' ਵਿਚ ਅਤੇ ਸ਼ਬਦ 'ਸਟੇਟ', ਸ਼ਬਦ 'ਸਰਕਾਰ' ਵਿਚ ਤਬਦੀਲ ਕਰ ਦਿੱਤਾ ਗਿਆ। ਇਹ ਤਬਦੀਲੀਆਂ ਕੇਵਲ ਸ਼ਬਦਾਵਲੀ ਦੀਆਂ ਹੀ ਨਹੀਂ ਸਨ। 1948-51 ਤਕ ਪਾਰਟੀ ਕਹਿੰਦੀ ਰਹੀ ਕਿ ਇਸ ਦਾ ਉਦੇਸ਼ ਲੋਕ ਜਮਹੂਰੀ ਸਟੇਟ ਕਾਇਮ ਕਰਨਾ ਹੈ, ਜਿਹੜਾ ਕਿ ਪ੍ਰੋਲਤਾਰੀ ਦੀ ਸਰਦਾਰੀ ਦਾ ਸ਼ੁਰੂਆਤੀ ਨੁਕਤਾ

ਹੋਣਾ ਸੀ। ਲੋਕ ਜਮਹੂਰੀਅਤ ਦੇ ਫਾਰਮੂਲੇ ਵਿਚਲੀਆਂ ਅਸੀਂ ਕੁਝ ਕੁ ਧੁੰਧਲੀਆਂ ਗੱਲਾਂ ਨੂੰ ਜੇਕਰ ਛੱਡ ਵੀ ਦੇਈਏ ਤਾਂ ਇਹ ਉਦੇਸ਼ ਕਾਫ਼ੀ ਸਪੱਸ਼ਟ ਤੇ ਸਾਫ਼ ਸੀ। ਮਦੂਰਾਏ ਵਿਚ ਹੋਈ ਪਾਰਟੀ ਦੀ ਤੀਜੀ ਕਾਂਗਰਸ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਕਾਂਗਰਸ ਸਰਕਾਰ ਨੂੰ ਜਮਹੂਰੀ ਏਕਤਾ ਦੀ ਲੋਕਾਂ ਦੀ ਸਰਕਾਰ (peoples' government of democratic unity) ਨਾਲ ਬਦਲਣ ਲਈ ਜਦੋ-ਜਹਿਦ ਕਰਨਾ ਹੈ, ਤੇ ਇਥੇ ਸਪੱਸ਼ਟ ਤੌਰ 'ਤੇ ਭਾਵ ਇਹ ਸੀ ਕਿ 'ਲੋਕ ਜਮਹੂਰੀਅਤ' ਦੇ ਸੰਕਲਪ ਦਾ ਭਾਵ 'ਪ੍ਰੋਲਤਾਰੀ ਦੀ ਸਰਦਾਰੀ' ਦੇ ਸੰਕਲਪ ਵਾਲਾ ਨਹੀਂ ਸੀ। ਇਸ ਨੂੰ ਕਮਿਊਨਿਸਟ ਪਾਰਟੀ ਤੇ ਕਾਂਗਰਸ ਵਿਰੋਧੀ 'ਡੈਮੋਕ੍ਰੇਟਿਕ' ਪਾਰਟੀਆਂ ਦੇ ਜੋੜ (alliance) ਦੇ ਰੂਪ ਵਿਚ ਸਮਝਿਆ ਗਿਆ। ਹੁਣ ਪਾਰਟੀ ਦਾ ਉਦੇਸ਼ ਪਾਰਲੀਮੈਂਟ ਵਿਚ ਬਹੁਸੰਮਤੀ ਪ੍ਰਾਪਤ ਕਰਨਾ ਹੋ ਗਿਆ ਤੇ ਸਰਕਾਰ ਬਣਾਉਣ ਲਈ ਲੋੜੀਂਦੇ ਮਿੱਤਰਾਂ ਦੀ ਭਾਲ ਸ਼ੁਰੂ ਹੋ ਗਈ। ਵੱਖ ਵੱਖ ਭੇਖਾਂ ਵਿਚ CPI ਅਤੇ CPI (M) ਦੀ ਪਾਲਿਸੀ ਅੱਜ ਵੀ ਇਹੋ ਹੈ।

**ਸੁਆਲ :** ਕੀ ਤੁਸੀਂ ਇਸ ਗੱਲ ਦੀ ਵਿਆਖਿਆ ਕਰ ਸਕਦੇ ਹੋ ਕਿ ਕਿਵੇਂ ਤੰਗ ਨਜ਼ਰੀਏ ਕਾਰਨ ਹੋਈਆਂ ਗ਼ਲਤੀਆਂ (sectarian mistakes) ਦੇ ਬਾਵਜੂਦ ਕਮਿਊਨਿਸਟ ਪਾਰਟੀ 1951 ਦੀਆਂ ਚੋਣਾਂ ਵਿਚ ਕਾਫ਼ੀ ਕਾਮਯਾਬ ਰਹੀ। ਇਸ ਨੇ ਤਸ਼ੱਦਦ ਦਾ ਸਾਹਮਣਾ ਕੀਤਾ ਸੀ, ਸਾਮਰਾਜ-ਵਿਰੋਧੀ ਤਾਕਤਾਂ ਤੋਂ ਨਿਖੜੀ ਹੋਈ ਸੀ ਤੇ ਚੋਣਾਂ ਵਿਚ ਭਾਗ ਲੈਣ ਦਾ ਫ਼ੈਸਲਾ, ਜੋ ਕਿ ਠੀਕ ਸੀ, ਇਸ ਨੇ ਆਖ਼ਰੀ ਪਲ 'ਤੇ ਕੀਤਾ ਸੀ ?

**ਜੁਆਬ :** ਮੇਰੇ ਖ਼ਿਆਲ ਵਿਚ ਚੋਣ ਨਤੀਜਿਆਂ ਨੇ ਸਾਨੂੰ ਸਭ ਨੂੰ ਹੀ ਹੈਰਾਨ ਕਰ ਦਿੱਤਾ ਸੀ। ਸਾਨੂੰ ਪਾਰਲੀਮੈਂਟ ਵਿਚ 26 ਜਾਂ 27 ਸੀਟਾਂ ਪ੍ਰਾਪਤ ਹੋਈਆਂ ਤੇ ਅਸੀਂ ਪਾਰਲੀਮੈਂਟ ਵਿਚ ਕਾਂਗਰਸ ਤੋਂ ਬਾਅਦ ਸਭ ਤੋਂ ਵੱਡੀ ਪਾਰਟੀ ਹੋਣ ਕਾਰਨ ਸਰਕਾਰ ਦੇ ਵਿਰੋਧ ਦੀ ਮੁੱਖ ਪਾਰਟੀ ਬਣ ਗਏ। ਕਿਤੇ ਕਿਤੇ ਤਾਂ ਸਾਡੇ ਨੁਮਾਇੰਦਿਆਂ ਨੂੰ ਨਹਿਰੂ ਨਾਲੋਂ ਵੀ ਵਧੇਰੇ ਵੋਟਾਂ ਹਾਸਿਲ ਹੋਈਆਂ। ਰਾਤੋ ਰਾਤ ਹੀ ਬਹੁਤ ਸਾਰੇ ਸਾਥੀ, ਜਿਹੜੇ ਕਿ ਗੁਪਤਵਾਸ ਦਾ ਜੀਵਨ ਬਤੀਤ ਕਰ ਰਹੇ ਸਨ ਜਾਂ ਜੇਲ੍ਹਾਂ ਵਿਚ ਸਨ, ਪਾਰਲੀਮੈਂਟ ਦੇ ਜਾਂ ਪ੍ਰਾਂਤਿਕ ਅਸੈਂਮਬਲੀਆਂ ਦੇ ਮੈਂਬਰ ਬਣ ਗਏ। ਇਸ ਕਾਮਯਾਬੀ ਲਈ ਲੋਕਾਂ ਨੇ ਸਾਨੂੰ ਵੋਟਾਂ ਇਸ ਕਰਕੇ ਨਹੀਂ ਪਾਈਆਂ ਸਨ ਕਿ ਸਾਡੀ ਤੰਗ-ਨਜ਼ਰ ਲਾਈਨ ਠੀਕ ਸੀ। ਮੁੱਖ ਕਾਰਨ ਇਹ ਸੀ ਕਿ ਪਾਰਟੀ ਦਾ ਕਾਡਰ ਲੋਕ-ਲਹਿਰ ਨਾਲ ਜੁੜਿਆ ਹੋਇਆ ਤੇ ਇਸ ਵਿਚ ਗੁਝਿਆ ਹੋਇਆ ਸੀ। ਸਾਡੇ ਸਾਥੀ ਟ੍ਰੇਡ-ਯੂਨੀਅਨਾਂ ਤੇ ਕਿਸਾਨ ਜਥੇਬੰਦੀਆਂ ਵਿਚ ਕੰਮ ਕਰ ਰਹੇ ਸਨ ਅਤੇ ਉਨ੍ਹਾਂ ਵਿਚੋਂ ਬਹੁਤ ਸਾਰੇ ਆਪਣੇ ਹੌਸਲੇ ਤੇ ਈਮਾਨਦਾਰੀ ਕਾਰਨ ਸਤਿਕਾਰੇ ਜਾਂਦੇ ਸਨ। ਇਸ ਲਈ 1951 ਦੀਆਂ ਚੋਣਾਂ ਵਿਚ ਕਮਿਊਨਿਸਟ ਪਾਰਟੀ ਨੂੰ ਪਾਈ ਵੋਟ ਸਪੱਸ਼ਟ ਤੌਰ 'ਤੇ ਜਮਾਤੀ ਵੋਟ (class vote) ਸੀ। ਇੰਜ ਇਸ ਨੇ ਉਸ ਵੇਲੇ ਦੀਆਂ ਮੌਜੂਦ ਸੰਭਾਵਨਾਵਾਂ ਨੂੰ ਵੀ ਉਜਾਗਰ ਕਰ ਦਿੱਤਾ ਸੀ। ਇਹ ਤੱਥ ਕਿ ਇਹ ਸੰਭਾਵਨਾਵਾਂ ਸਾਕਾਰ ਨਾ ਹੋ ਸਕੀਆਂ, ਇਸ ਗੱਲ ਤੋਂ ਵੀ ਸਪੱਸ਼ਟ ਹੋ ਜਾਂਦਾ ਹੈ ਕਿ ਪਾਰਲੀਮੈਂਟ ਵਿਚ ਪਾਰਟੀ ਦੀ ਪ੍ਰਤੀਨਿਧਤਾ ਅੱਜ ਵੀ ਲਗਭਗ ਉਨੀ ਹੀ ਹੈ ਜਿੰਨੀ ਕਿ 1951 ਵਿਚ ਸੀ।

**ਸੁਆਲ :** ਪਾਰਲੀਮੈਂਟਵਾਦ ਵਲ ਮੋੜ ਕੱਟਣ ਤੋਂ ਬਾਅਦ ਕੀ ਪਾਰਟੀ ਵਿਚ ਇਸ ਗੱਲ 'ਤੇ ਕੋਈ ਬਹਿਸ ਛਿੜੀ ਕਿ ਪਾਰਲੀਮੈਂਟ ਤੋਂ ਬਾਹਰ ਕਿਹੋ ਜਿਹੇ ਦਾਅ-ਪੇਚ ਅਪਣਾਏ ਜਾਣ ? ਯਕੀਨਨ ਹੀ ਪਾਰਟੀ ਮੈਂਬਰਾਂ ਦਾ ਲੋਕ-ਲਹਿਰਾਂ ਵਿਚ ਗੁੱਥੇ ਹੋਣ ਦੇ ਰਾਹ ਤੋਂ ਇਕਦਮ ਇੰਜ ਕਿਨਾਰਾ ਕਰਨਾ ਮੁਸ਼ਕਲ ਸੀ।



**ਜੁਆਬ :** ਹਾਂ, ਪਾਰਟੀ ਕਮੇਟੀਆਂ ਵਿਚ ਬਹਿਸਾਂ ਛਿੜੀਆਂ ਸਨ। ਕੋਰੀਆ ਦੀ ਲੜਾਈ ਤੋਂ ਬਾਅਦ ਇਕ ਵੇਰ ਫੇਰ ਸੋਵੀਅਤ ਯੂਨੀਅਨ ਸਰਮਾਏਦਾਰੀ ਤਾਕਤਾਂ ਨਾਲ ਸ਼ਾਂਤੀ ਤੇ ਸਾਂਝ (peace and collaboration) ਦੇ ਰਾਹ 'ਤੇ ਚਲ ਪਿਆ ਸੀ, ਜਿਸ ਦਾ ਬਾਅਦ ਵਿਚ ਖ਼ਰੁਸ਼ਚੇਵ ਨੇ 'ਸ਼ਾਂਤਮਈ ਸਹਿ-ਹੋਂਦ' ਵਿਚ ਸਿਧਾਂਤੀਕਰਨ ਕੀਤਾ। ਸੋਵੀਅਤ ਯੂਨੀਅਨ ਅਤੇ ਲੋਕ ਜਮਹੂਰੀ ਚੀਨ ਦੀਆਂ ਦੋਵਾਂ ਸਰਕਾਰਾਂ ਨੇ ਭਾਰਤੀ ਸਰਕਾਰ ਦੀਆਂ ਇਸ ਤਰ੍ਹਾਂ ਦੀਆਂ 'ਅਗਾਂਹਵਧੂ' ਪਾਲਸੀਆਂ, ਖ਼ਾਸ ਤੌਰ 'ਤੇ non-alignment 'ਤੇ ਆਧਾਰਤ ਇਸ ਦੀ ਬਦੇਸ਼ੀ ਪਾਲਿਸੀ ਦੀ, ਪਰਸੰਸਾ ਸ਼ੁਰੂ ਕਰ ਦਿੱਤੀ। ਚਾਓ ਇਨ ਲਾਈ ਤੇ ਖ਼ਰੁਸ਼ਚੇਵ ਦੀਆਂ ਭਾਰਤੀ ਫੇਰੀਆਂ ਦੇ ਦੌਰਾਨ ਉਨ੍ਹਾਂ ਦਾ ਲੋਕਾਂ ਦੀਆਂ ਵੱਡੀਆਂ ਭੀੜਾਂ ਵਲੋਂ ਸੁਆਗਤ ਹੋਇਆ। ਤੇ ਨਹਿਰੂ 'ਬੰਡੁੰਗ ਸਪਿਰਟ' ਦੇ ਸਾਜ਼ਗਾਰਾਂ ਵਿਚੋਂ ਇਕ ਬਣ ਗਿਆ। ਇਹ ਅਜਿਹਾ ਪਿਛੋਕੜ ਸੀ ਜਿਸ ਦੀ ਪਿਠ-ਭੂਮੀ ਵਿਚ ਸਾਡੀ ਪਾਰਟੀ ਅੰਦਰ ਬਹਿਸ ਸ਼ੁਰੂ ਹੋ ਰਹੀ ਸੀ। ਕੀ ਭਾਰਤ ਅਸਲੀਅਤ ਵਿਚ ਆਜ਼ਾਦ ਹੈ ਜਾਂ ਅਜੇ ਵੀ ਬਰਤਾਨਵੀ ਸਾਮਰਾਜ ਦੇ ਹੇਠਾਂ ਵਗਦਾ ਹੈ ? ਸਿਆਸੀ ਖੇਤਰ ਵਿਚ ਸਾਨੂੰ ਕਿੰਨ੍ਹਾਂ ਨਾਲ ਜੋੜ-ਮੇਲ ਕਰਨਾ ਚਾਹੀਦਾ ਹੈ ? ਮੈਨੂੰ ਕਮਿਊਨਿਸਟ ਪਾਰਟੀ ਦੀ ਮਾਲਾਬਾਰ ਸੂਬਾਈ ਕਮੇਟੀ, ਜਿਸ ਦਾ ਮੈਂ ਸਕੱਤਰ ਸੀ ਵਿਚ ਹੋਈਆਂ ਤੇ ਕਾਂਗਰਸ ਤੋਂ ਪਹਿਲਾਂ ਹੋਈ ਮਾਲਾਬਾਰ ਕਾਨਫਰੰਸ ਵਿਚ ਹੋਈਆਂ ਬਹਿਸਾਂ ਯਾਦ ਹਨ। ਕਈ ਸਾਥੀ ਕਾਂਗਰਸ-ਕਮਿਊਨਿਸਟ ਸਾਂਝੇ ਗੱਠਜੋੜ ਦੀ ਸਰਕਾਰ ਚਾਹੁੰਦੇ ਸਨ, ਦੂਜਿਆਂ ਨੇ ਕਾਂਗਰਸ-ਵਿਰੋਧੀ ਫਰੰਟ ਬਣਾਉਣ ਦੀਆਂ ਦਲੀਲਾਂ ਪੇਸ਼ ਕੀਤੀਆਂ ਤੇ ਆਪਣਾ ਸਾਰਾ ਗ਼ੁੱਸਾ ਤੇ ਰੋਹ ਕਾਂਗਰਸ ਲੀਡਰਸ਼ਿਪ ਦੇ ਹੇਠਲੀ ਇੰਡੀਅਨ ਨੈਸ਼ਨਲ ਟਰੇਡ ਯੂਨੀਅਨ ਕਾਂਗਰਸ 'ਤੇ ਕੇਂਦਰਿਤ ਕੀਤਾ। ਪਰ ਦੋਵੇਂ ਧਿਰਾਂ ਨੇ ਸਮੱਸਿਆ ਨੂੰ ਮੁਖ ਤੌਰ 'ਤੇ ਕੇਵਲ ਚੋਣਾਂ ਜਿਤਣ ਦੇ ਦ੍ਰਿਸ਼ਟੀਕੋਣ ਤੋਂ ਹੀ ਵਾਚਿਆ। ਜਿਹੜੀ ਗੱਲ ਇਨ੍ਹਾਂ ਸਾਥੀਆਂ ਨੇ ਮਹਿਸੂਸ ਨਹੀਂ ਕੀਤੀ ਉਹ ਇਹ ਸੀ ਕਿ ਮਜ਼ਦੂਰ ਜਮਾਤ ਦੇ ਦੁਸ਼ਮਣਾਂ ਦੇ ਖ਼ਿਲਾਫ਼ ਜਦੋ-ਜਹਿਦ ਰਾਹੀਂ ਮਜ਼ਦੂਰ ਜਮਾਤ ਦੀ ਏਕਤਾ ਕਾਇਮ ਕਰਨ ਦੇ ਯਤਨਾਂ ਨਾਲ ਅਸੀਂ ਕਾਂਗਰਸ ਨੂੰ ਵੀ ਚੋਣਾਂ ਦੇ ਪੱਧਰ 'ਤੇ ਕਮਜ਼ੋਰ ਕਰ ਸਕਦੇ ਸੀ।

ਇਸ ਲਈ ਮੈਂ ਇਨ੍ਹਾਂ ਦੋਹਾਂ ਲਾਈਨਾਂ ਨਾਲ ਅਸਹਿਮਤੀ ਪ੍ਰਗਟ ਕੀਤੀ। ਮੇਰੀ ਪੁਜ਼ੀਸ਼ਨ ਉਸ ਵੇਲੇ ਇਹ ਸੀ ਕਿ ਜਦੋ-ਜਹਿਦ ਨੂੰ ਅਗਾਂਹ ਵਧਾਉਣ ਲਈ ਕਮਿਊਨਿਸਟ ਪਾਰਟੀ ਨੂੰ ਜਨਤਕ ਲਹਿਰ (mass line) ਅਪਣਾਉਣੀ ਚਾਹੀਦੀ ਹੈ। ਸਾਨੂੰ ਜਦੋ-ਜਹਿਦ ਨੂੰ ਮੁਖ ਤੌਰ 'ਤੇ ਜਮਾਤਾਂ ਵਿਚਕਾਰ ਹੋ ਰਹੀ ਦੇ ਤੌਰ 'ਤੇ ਵੇਖਣਾ ਚਾਹੀਦਾ ਹੈ, ਨਾ ਕਿ ਪਾਰਟੀਆਂ ਵਿਚਕਾਰ। ਇੰਜ ਸਾਨੂੰ ਮਜ਼ਦੂਰ ਸ਼੍ਰੇਣੀ ਦੀ ਏਕਤਾ ਕਾਇਮ ਕਰਨ ਲਈ ਏਟਕ ਅਤੇ ਇੰਟਕ ਅਤੇ ਹੋਰ ਯੂਨੀਅਨਾਂ ਨਾਲ ਸਰਮਾਏਦਾਰਾਂ ਦੇ ਖ਼ਿਲਾਫ਼ ਮਿਲਵੇਂ ਐਕਸ਼ਨਾਂ ਦੇ ਯਤਨਾਂ ਉਪਰ ਜ਼ੋਰ ਦੇਣਾ ਚਾਹੀਦਾ ਹੈ ਤਾਂਕਿ ਉਹੀ ਏਕਤਾ ਕਾਇਮ ਹੋ ਸਕੇ ਜੋ ਲੜਾਈ ਦੇ ਬਾਅਦ ਵਾਲੇ ਸਾਲਾਂ ਵਿਚ ਟੁਟ ਗਈ ਸੀ। ਮੇਰੀ ਦਲੀਲ ਸੀ ਕਿ ਭੂਮੀ ਸੁਧਾਰਾਂ ਨੂੰ ਲਾਗੂ ਕਰਨ, ਮਜ਼ਦੂਰ ਜਮਾਤ ਦੇ ਅਧਿਕਾਰਾਂ ਲਈ, ਵਧੇਰੇ ਜਮਹੂਰੀ ਆਜ਼ਾਦੀਆਂ ਲਈ, ਪੱਕੀ ਸਾਮਰਾਜ-ਵਿਰੋਧੀ ਬਦੇਸ਼ੀ ਨੀਤੀ ਆਦਿ ਲਈ ਸਾਨੂੰ ਜਮਾਤੀ ਏਕਤਾ ਦੇ ਆਧਾਰ 'ਤੇ ਲੋਕਾਂ ਦੇ ਸਾਰੇ ਅਗਾਂਹਵਧੂ ਸੈਕਸ਼ਨਜ਼ ਦਾ ਏਕੀਕਰਨ ਕਰਨ ਦਾ ਯਤਨ ਕਰਨਾ ਚਾਹੀਦਾ ਹੈ ਜਿਸ ਵਿਚ ਕਾਂਗਰਸ ਦੇ ਹਿਮਾਇਤੀ ਵੀ ਸ਼ਾਮਿਲ ਹੋਣ ਅਤੇ ਇਨ੍ਹਾਂ ਜਦੋ-ਜਹਿਦਾਂ ਰਾਹੀਂ ਸਾਨੂੰ ਲੋਕਾਂ ਨੂੰ ਬੁਰਜੁਆਜ਼ੀ ਦੇ ਪ੍ਰਭਾਵ ਹੇਠੋਂ ਕੱਢ ਕੇ ਮਜ਼ਦੂਰ ਜਮਾਤ ਦੀ ਸਰਦਾਰੀ ਦੀ ਉਸਾਰੀ ਕਰਨੀ ਚਾਹੀਦੀ ਹੈ। ਇਸ ਆਧਾਰ 'ਤੇ ਮੇਰੇ ਵਲੋਂ ਮਾਲਾਬਾਰ ਪਾਰਟੀ ਕਾਨਫਰੰਸ 'ਤੇ ਪੇਸ਼ ਕੀਤਾ ਮਤਾ ਬਹੁ-ਸੰਮਤੀ ਨਾਲ ਪਾਸ ਹੋਇਆ।

ਪਾਰਟੀ ਦੀ ਚੌਥੀ ਕਾਂਗਰਸ ਕੇਰਾਲਾ ਵਿਚ ਪਾਲਘਾਟ ਦੇ ਅਸਥਾਨ 'ਤੇ 1956 ਵਿਚ ਹੋਈ। ਬਹੁ-ਸੰਮਤੀ ਦਾ ਜ਼ੋਰ ਕਾਂਗਰਸ-ਵਿਰੋਧੀ ਫਰੰਟ ਉਪਰ ਸੀ। ਇਹ ਗੱਲ ਉਨ੍ਹਾਂ ਦੇ ਇਸ ਸਿਧਾਂਤ ਕਿ ਭਾਰਤੀ ਬੁਰਜੁਆਜ਼ੀ ਬਰਤਾਨਵੀ ਫਾਈਨੈਂਨਸ ਕੈਪੀਟਲ ਦੇ ਹੇਠਾਂ ਵਗਦੀ ਹੈ ਦੇ ਚੰਗੀ ਮੇਚ ਆਈ।

ਪੀ. ਸੀ. ਜੋਸ਼ੀ, ਮੈਂ ਤੇ ਭਵਾਨੀ ਸੇਨ ਨੇ ਇਸ ਤੋਂ ਵੱਖਰਾ ਮਤਾ ਵੰਡਿਆ ਜੋ ਸਾਡੇ ਵਲੋਂ ਪੀ. ਸੀ. ਜੋਸ਼ੀ ਨੇ ਪੇਸ਼ ਕੀਤਾ। ਸਾਡੇ ਮਤੇ ਵਿਚ ਇਹ ਕਿਹਾ ਗਿਆ ਸੀ ਕਿ ਕਾਂਗਰਸ ਸਰਕਾਰ ਸਾਮਰਾਜ ਦੇ ਥੱਲੇ ਲੱਗੀ ਹੋਈ ਨਹੀਂ ਹੈ ਭਾਵੇਂ ਕਿ ਕਈ ਮੌਕਿਆਂ 'ਤੇ ਇਹ ਸਾਮਰਾਜ ਨਾਲ ਸਮਝੌਤੇ ਕਰਦੀ ਹੈ। ਇਹ ਮੁਖ ਤੌਰ 'ਤੇ ਭਾਰਤੀ ਬੁਰਜੁਆਜ਼ੀ ਦੇ ਤੰਗ ਹਿੱਤਾਂ (sectional interests) ਨੂੰ ਪਹਿਲ ਦਿੰਦੀ ਹੈ, ਨਾ ਕਿ ਆਮ ਲੋਕਾਂ ਦੇ ਹਿੱਤਾਂ ਨੂੰ। ਸਾਡੇ ਲੋਕਾਂ ਨੂੰ ਦਰਪੇਸ਼ ਸਾਰੀਆਂ ਸਮੱਸਿਆਵਾਂ ਦਾ ਮੂਲ ਕਾਰਨ ਦੇਸ਼ ਦੀ ਬੁਰਜਵਾ ਲੀਡਰਸ਼ਿਪ ਸੀ ਅਤੇ ਇਨ੍ਹਾਂ ਸਮੱਸਿਆਵਾਂ ਦਾ ਅਸਲੀ ਹੱਲ ਬੁਰਜਵਾ ਡੈਮੋਕਰੈਟਿਕ ਇਨਕਲਾਬ ਮੁਕੰਮਲ ਕਰਦਿਆਂ ਪਰੋਲਤਾਰੀ ਦੀ ਅਗਵਾਈ ਕਾਇਮ ਕਰਨ ਵਿਚ ਹੈ। ਇਸ ਵਿਚ ਵੱਖ ਵੱਖ ਟਰੇਡ ਯੂਨੀਅਨਾਂ ਜਿਵੇਂ ਕਿ AITUC, INTUC, HMS ਅਤੇ UTOC ਨੂੰ ਇਕ ਸਾਂਝੇ ਟਰੇਡ ਯੂਨੀਅਨ ਸੈਂਟਰ ਵਿਚ ਇਕੱਠੇ ਹੋਣ ਦਾ ਸੱਦਾ ਦਿੱਤਾ ਗਿਆ। ਦੂਸਰੀ ਪੰਜ-ਵਰਸ਼ੀ ਯੋਜਨਾ ਨੂੰ ਲੋਕਾਂ ਅਤੇ ਦੇਸ਼ ਦੇ ਸੱਚੇ ਹਿੱਤਾਂ ਦੇ ਅਨੁਕੂਲ ਬਣਾਉਣ ਲਈ ਜਨਤਕ ਜਥੇਬੰਦੀਆਂ ਦੀ ਮਿਲਵੀਂ ਸਰਗਰਮੀ ਲਈ ਆਖਿਆ ਗਿਆ। ਇਸ ਵਿਚ ਕੌਮੀ ਜਮਹੂਰੀ ਸਾਂਝੇ ਮੋਰਚੇ (united national democratic front) ਦੀ ਉਸਾਰੀ 'ਤੇ ਜ਼ੋਰ ਦਿੱਤਾ ਜਿਹੜਾ ਕਿ ਸਾਮਰਾਜਵਾਦ ਤੇ ਫਿਊਡਲਿਜ਼ਮ ਦੀ ਰਹਿੰਦ-ਖੂੰਹਦ ਤੇ ਸੱਜੇ ਧੜੇ ਦੀਆਂ ਪਿਛਾਂਹ-ਖਿਚੂ ਪਾਲਿਸੀਆਂ ਦੇ ਖਿਲਾਫ਼, ਕਾਂਗਰਸ ਵਿਚਲੇ ਲੋਕਾਂ ਤੇ ਬਾਹਰ ਦੇ ਲੋਕਾਂ ਦੀ ਮਿਲਵੀਂ ਜਦੋ-ਜਹਿਦ ਰਾਹੀਂ ਇਕ ਸ਼ਕਤੀਸ਼ਾਲੀ ਜਨਤਕ ਲਹਿਰ ਦੇ ਰੂਪ ਵਿਚ ਉਸਾਰਨਾ ਸੀ। ਅਸੀਂ ਸੋਚਿਆ ਸੀ ਕਿ ਅਜਿਹਾ ਮਿਲਵਾਂ ਜਮਹੂਰੀ ਫਰੰਟ ਮਜ਼ਦੂਰ ਜਮਾਤ ਦੀ ਸਰਦਾਰੀ ਕਾਇਮ ਕਰਨ ਦਾ ਮਾਧਿਅਮ ਬਣੇਗਾ। ਸਾਡੇ ਮਤੇ ਨੂੰ ਹਾਰ ਹੋਈ ਪਰ ਡੈਲੀਗੇਟਾਂ ਦਾ ਚੌਥਾਈ ਹਿੱਸਾ ਇਸ ਦੇ ਹੱਕ ਵਿਚ ਸੀ। ਸਾਡੇ ਵਲੋਂ ਪੇਸ਼ ਕੀਤੀਆਂ ਕੁਝ ਕੁ ਸੋਧਾਂ ਨੂੰ ਬਹੁ-ਸੰਮਤੀ ਦੇ ਮਤੇ ਵਿਚ ਸ਼ਾਮਿਲ ਕਰ ਲਿਆ ਗਿਆ ਜਿਸ ਦਾ ਨਤੀਜਾ ਇਹ ਹੋਇਆ ਕਿ ਬਾਅਦ ਵਿਚ ਇਸ ਦੀ ਵੱਖ ਵੱਖ ਤਰ੍ਹਾਂ ਦੀ ਵਿਆਖਿਆ ਕੀਤੀ ਗਈ।

(ਚਲਦਾ)

---

1. ਅਜ ਕਲ੍ਹ ਹਰ ਸਭਾ ਵਿਚ ਐਮਰਜੈਂਸੀ ਤੋਂ ਬਾਅਦ CPI ਦੇ ਕੁਝ ਕੁ ਈਮਾਨਦਾਰੀ ਨਾਲ ਸੋਚਣ ਵਾਲੇ ਤੇ ਬਾਕੀ ਦੇ ਚਲਾਕ ਲੀਡਰਾਂ ਦਾ ਹਰ ਭਾਸ਼ਨ ਹੀ ਇਥੋਂ ਸ਼ੁਰੂ ਹੁੰਦਾ ਹੈ—'ਇੰਦਰਾ ਦੀ ਤਾਨਾਸ਼ਾਹੀ ਰਾਜ ਸੱਤਾ ਦੀ ਹਿਮਾਇਤ ਕਰਨ ਵਿਚ ਅਸੀਂ ਗਲਤੀ ਕੀਤੀ।' ਇੰਜ ਹੀ ਬਹੁਤ ਸਾਰਾ ਲੜਾਕੂ ਕਾਡਰ ਗੁਆ ਕੇ CPI (ML) ਲੀਡਰਸ਼ਿਪ ਨੇ ਮਹਿਸੂਸ ਕੀਤਾ ਕਿ 'individual annihilation' ਦੀ ਲਾਈਨ ਲਾਗੂ ਕਰਕੇ 'ਅਸੀਂ ਗ਼ਲਤੀ ਕੀਤੀ।' ਪਰ ਅਸਲ ਗੱਲ ਭਾਵ ਇਨ੍ਹਾਂ ਗਲਤੀਆਂ ਦੇ ਸਿਧਾਂਤਕ ਅਧਾਰ ਖੋਜਣ ਅਤੇ ਹਿੰਦੁਸਤਾਨ ਵਿਚ ਖੱਬੀ ਲਹਿਰ ਦੇ ਸਮੁੱਚੇ ਪ੍ਰਸੰਗ ਵਿਚ ਉਸ ਗ਼ਲਤੀ ਦਾ ਮੁਲਾਂਕਣ ਕਰਨ ਦੀ ਪਿਰਤ ਅਜੇ ਕਿਸੇ ਨਹੀਂ ਪਾਈ। —ਅਨੁਵਾਦਕ

2. ਇਹ ਗੱਲ ਦਿਲਚਸਪ ਹੈ ਕਿ ਨਕਸਲਬਾੜੀ ਦੇ ਲੀਡਰਾਂ ਨੇ ਜੋ ਕੁਝ ਕਿਹਾ ਉਸ ਵਿਚ ਮਾਉ ਅਤੇ ਲਿਨ ਪਿਆਉ ਦੇ ਨਾਵਾਂ ਤੋਂ ਸਿਵਾ ਹੋਰ ਕੁਝ ਵੀ ਨਵਾਂ ਨਹੀਂ ਸੀ। ਇਥੋਂ ਤੱਕ ਕਿ ਉਸ ਦਾ ਜੋ ਸਿੱਟਾ ਵੀ ਨਿਕਲਿਆ, ਭਾਰਤੀ ਕਮਿਊਨਿਜ਼ਮ ਉਸ ਤੋਂ ਪਹਿਲਾਂ ਹੀ ਵਾਕਿਫ਼ ਸੀ। ਪਰ ਇਤਿਹਾਸ ਦੀ ਨਾਵਾਕਫ਼ੀ ਅਤੇ ਸਿਧਾਂਤਕ ਅਗਿਆਨਤਾ ਕਾਰਨ, ਇਤਿਹਾਸ ਬਾਰ ਬਾਰ ਦੁਹਰਾ-ਇਆ ਜਾਂਦਾ ਹੈ ਤੇ ਇਸ ਦੁਹਰਾਈ ਲਈ ਜਿੰਦਾਂ ਦੀ ਕੀਮਤ ਦੇਣੀ ਪੈਂਦੀ ਹੈ। CPI(ML) ਦੇ ਨੇਤਾ ਚਾਰੂ ਮਜੂਮਦਾਰ ਅਤੇ ਕਾਨੂੰ-ਸਨਿਆਲ ਕੇਵਲ ਸਿਧਾਂਤਕ ਪੱਖ ਤੋਂ ਹੀ ਨਹੀਂ ਸਗੋਂ ਰੂਸੀ ਇਨਕਲਾਬ ਦੇ ਇਤਿਹਾਸ ਤੋਂ ਵੀ ਐਨੇ ਗੈਰ ਜਾਣਕਾਰ ਸਨ ਕਿ ਉਹ 'ਦਹਿਸ਼ਤਵਾਦ' ਅਤੇ 'ਮਾਰਕਸਵਾਦ' ਵਿਚ ਨਿਖੇੜਾ ਕਰਨ ਦੇ ਵੀ ਯੋਗ ਨਹੀਂ ਸਨ। ਵਧੇਰੇ ਵਿਸਥਾਰ ਲਈ ਵੇਖੋ ਮਾਰਚ 1974 ਦੇ 'ਫਰੰਟੀਅਰ' ਵਿਚ ਛਪਿਆ ਲੇਖ : Naxalite Politics in Punjab. —ਅਨੁਵਾਦਕ

ਹਰਚਰਨ ਸਿੰਘ ਸੋਬਤੀ

## 'ਫ਼ਾਲਤੂ ਔਰਤ' : ਰੂਹ ਦੇ ਰੱਜ ਬਿਨਾਂ

**1.** ਰੂਹ ਦੇ ਰੱਜ ਬਿਨਾਂ ਗੱਲ ਨਹੀਂ ਬਣਦੀ। ਰੂਹ ਨੂੰ ਗ਼ਜ਼ਾ ਮਿਲੇ ਬਿਨਾਂ ਇਹ ਮੁਮਕਿਨ ਨਹੀਂ। ਲਗਦੈ, ਗੀਤਾ ਦੀ ਇਹੀ ਭਟਕਣੈਂ। ਗੀਤਾ ਦੀ ਭਟਕਣ ਮੁਬਾਰਕ ਏ। ਐਤਕੀ ਉਹਦਾ ਵਾਹ ਅਜਿਹੇ ਬੰਦੇ ਨਾਲ ਪੈਂਦੇ ਜਿਨ੍ਹੂੰ ਜਦੋਂ ਔਰਤ ਦੀ ਤਲਬ ਹੁੰਦੀ ਏ ਉਹ ਗੀਤਾ ਸਾਹਵੇਂ ਪੂਛ ਹਿਲਾਉਂਦੈ, ਗਿਣੇ-ਮਿਥੇ ਅੰਦਾਜ਼ ਵਿਚ : "ਆਈ ਨੀਡ ਯੂ ਗੀਤੀ। ਆਈ ਨੀਡ ਯੂ ਡੇਸਪੇਰੇਟਲੀ' — (ਪੰਨਾ 13, 1972), ਆਈ ਹੈਵ ਬਿਨ ਡਰੀਮਿੰਗ ਫਾਰ ਯੂ, ਐਵਰੀ ਨਾਈਟ। ਡਰੀਮਿੰਗ। ਐਂਡ ਆਈ ਕੁਡੰਟ ਸਲੀਪ — (ਪੰਨਾ 29, ਉਹੀ); ਆਈ ਹੈਵ ਬਿਨ ਸਟਾਰਵਿੰਗ ਫ਼ਾਰ ਯੂ ਗੀਤੀ।' — (ਪੰਨਾ 29, ਉਹੀ) ਉਮੇਸ਼ ਦੇ ਪਿੰਡੇ ਨਾਲ ਲਗਦਿਆਂ ਹੀ ਗੀਤਾ/ਗੀਤੀ ਨੂੰ ਉਹਦੀ 'ਲੋੜ' ਦੀ ਸਮਝ ਆ ਜਾਂਦੀ — (ਪੰਨਾ 13, ਉਹੀ); 'ਅਧੇ ਮਿੰਟ ਮਗਰੋਂ' ਗੀਤੀ ਨੂੰ ਪਰ੍ਹਾਂ ਸੁਟ ਕੇ ਉਮੇਸ਼ ਇਕਦਮ ਖੜੋ ਉਠਦਾ। ਗੁਸਲਖਾਨੇ 'ਚ ਜਾਣ ਲਈ। ਕਪੜੇ ਪਾਉਣ ਲਈ। (ਪੰਨਾ 17, 27, 'ਉਹੀ') ਇਕ ਵਾਰੀ ਉਮੇਸ਼ ਗੀਤਾ ਨੂੰ 'ਇਕੋ ਚੁੰਮੀ' ਦੇਣ ਮਗਰੋਂ ਹਾਬੜਿਆ ਹੋਇਆ, ਉਠ ਖੜੋਤਾ। ਕਹਿਣ ਲਗਾ : 'ਆਈ ਗਿਵ ਯੂ ਥਰਟੀ ਸੈਕੰਡਜ਼ ਟੂ ਗੇਟ ਰੈਡੀ ਟੂ ਰਿਸੀਵ ਮੀ।' ਤੇ ਉਹ ਕਾਹਲੀ ਨਾਲ ਕਪੜੇ ਲਾਹੁਣ ਲਗਾ। — (ਪੰਨਾ 38–39, ਉਹੀ) ਅਜਿਹੀ ਦਾਅਵਤ ਨੇ ਗੀਤਾ ਦੇ ਤਿੰਨ ਟੋਟੇ ਕਰ ਦਿਤੇ। 'ਤੇ ਕੋਈ ਤੀਜੀ ਗੀਤਾ ਚੁਪ ਚਾਪ ਕਪੜੇ ਲਾਹੁਣ ਲਗਦੀ ਏ, ਗੀਤਾ ਨੂੰ ਲਗਦਾ ਏ, ਉਹ ਸਤਹ ਦੇ ਉਤੇ ਹੀ ਕਿਧਰੇ ਫਲੋਟ ਕਰ ਰਹੀ ਏ। ਮਰੀ ਹੋਈ ਇਕ ਲੱਕੜ ਵਾਂਗੂ। ਤੇ ਤੂਫ਼ਾਨ ਉਹਦੇ ਉਤੋਂ ਗੁਜ਼ਰਦਾ ਜਾ ਰਿਹਾ ਏ। ਭਿਜਦੀ ਜ਼ਰੂਰ ਏ, ਪਰ ਡੁਬਦੀ ਨਹੀਂ!' — (ਪੰਨਾ 39, ਉਹੀ) 'ਡੁਬੇ' ਬਿਨਾਂ ਰੂਹ ਦਾ ਰੱਜ ਕਿਸੇ ਨਹੀਂ ਡਿਠਾ! ਕਿਸੇ ਨਹੀਂ ਸੁਣਿਆ!!

**2.** ਇਹ ਗੀਤਾ ਕੌਣ ਏ? ਉਮੇਸ਼ ਕੌਣ? ਦਸਣ ਨੂੰ ਤਾਂ ਉਮੇਸ਼ ਪ੍ਰੋਫ਼ੈਸਰ ਏ। ਉਹਦੀ ਮਾਂ ਏ; ਉਹਦੀ ਬੀਵੀ ਏ; ਉਹਦੇ ਬੱਚੇ ਨੇ; ਉਹਦਾ ਨਿਕਾ ਭਰਾ ਏ। ਜਾਪਦੈ, ਉਮੇਸ਼ ਖ਼ੁਸ਼ੀ ਖ਼ੁਸ਼ੀ ਗ੍ਰਹਿਸਤੀ ਨਿਭਾ ਰਿਹੈ। ਦਸਣ ਨੂੰ ਤਾਂ ਗੀਤਾ ਵੀ ਵਿਆਹੀ ਹੋਈ ਏ। ਪਰ ਉਹ ਖ਼ਾਵੰਦ ਨਾਲ ਰੁਸ ਕੇ ਏਨੇ ਸਾਲਾਂ ਤੋਂ ਆਪਣੀ ਮਾਂ, ਭਰਾ, ਭਰਜਾਈ ਤੇ ਬਾਲ-ਭਤੀਜੇ ਨਾਲ ਪੇਕੇ ਘਰ ਰਹਿ ਰਹੀ ਏ। '...ਪਰ ਗੀਤਾ ਨੂੰ ਕਦੇ ਵੀ ਕਿਸੇ ਨੂੰ ਕੁਝ ਕਹਿਣ ਦੀ ਹਿੰਮਤ ਨਹੀਂ ਹੋਈ। ਪਿਤਾ ਦੇ ਮਰਨ ਮਗਰੋਂ ਗੀਤਾ ਇਸ ਘਰ ਵਾਸਤੇ ਪਿਉ ਵਾਂਗੂ ਕਮਾਂਦੀ ਰਹੀ ਏ। ਮਾਂ ਨੂੰ ਲਗਦਾ ਏ, ਗੀਤਾ ਦੇ ਸਾਹਮਣੇ ਉਹ ਉਸੇ ਤਰ੍ਹਾਂ ਸਹਿਮੀ ਰਹਿੰਦੀ ਏ ਜਿਸ ਤਰ੍ਹਾਂ ਆਪਣੇ ਖ਼ਾਵੰਦ ਅਗੇ ਸਹਿਮੀ ਰਹਿੰਦੀ ਸੀ।' — (ਪੰਨਾ 24–25) ਉਮੇਸ਼ ਦੇ ਰੁਝੇਵਿਆਂ, ਬਹਾਨਿਆਂ ਤੋਂ ਸਾਫ਼ ਜ਼ਹਿਰ ਏ ਕਿ ਗੀਤਾ ਉਹਦੀ ਰੂਹ ਦੀ ਗ਼ਜ਼ਾ ਨਹੀਂ। ਹੱਵਸ ਦੀ ਅਗ ਦਾ, ਵੇਲੇ-ਕੁਵੇਲੇ, ਸੇਕ ਭੋਗਣ ਲਈ, ਬਾਲਣ ਏ। ਵਸਤ ਏ, ਜਿਦਾ ਬਿਨਾਂ ਮੁਲ ਤਾਰੇ ਸਵਾਦ ਮਾਣਿਆ ਜਾ ਸਕਦੈ। ਬਿਨਾਂ ਕਿਸੇ ਜ਼ਿੰਮੇਦਾਰੀ ਨੂੰ ਨਿਭਾਉਣ ਦਾ ਤਰੱਦਦ ਕੀਤੇ, ਉਹਨੂੰ 'ਆਪਣਾ' ਕਿਹਾ ਜਾ ਸਕਦੈ। ਗੀਤਾ ਦੀ 'ਲੋੜ' ਵੀ ਤਾਂ 'ਅਨੋਖੀ' ਏ। ਉਹਨੂੰ ਬਿਸਤਰਾ ਨਹੀਂ ਚਾਹੀਦਾ, ਉਹਨੂੰ ਤਾਂ ਤੋੜ ਤਕ ਉਹਦੇ ਨਾਲ ਤੁਰਨ ਵਾਲਾ, ਇਕ ਦੋਸਤ, ਚਾਹੀਦੈ, ਇਕ ਮਹਿਬੂਬ

ਚਾਹੀਦੈ, ਇਕ ਸਾਥੀ ਚਾਹੀਦੈ ।' — (ਪੰਨਾ 13-14, ਉਹੀ) ਖ਼ਾਵੰਦ ਨਹੀਂ ਚਾਹੀਦੈ । ਗੀਤਾ ਨੂੰ ਮਹਿਸੂਸ ਵੀ ਹੁੰਦੈ ਕਿ ਉਮੇਸ਼ ਉਹਦੀ ਰੂਹ ਦੀ ਗ਼ਜ਼ਾ ਨਹੀਂ । 'ਉਮੇਸ਼ ਪਾਸ ਤਾਂ ਕਾਂਗੜੀ ਏ । ਬਸ ਇਕ ਨਿੱਕੀ ਜਿਹੀ ਕਾਂਗੜੀ, ਜਿਦਾ ਮਾੜਾ ਜਿਹਾ ਸੇਕ ਏ । ਉਹਨੂੰ ਹੀ ਝੋਲੀ ਵਿਚ ਛੁਪਾਈ ਬੈਠੈ । ਲੁਕੋ ਕੇ ਸੇਕਣ ਦਾ ਮੁਥਾਜ ਏ । — (ਪੰਨਾ 41, ਉਹੀ) ਉਮੇਸ਼ ਦੇ ਦਰੋਂ ਗੀਤਾ ਦਾ ਰੂਹ ਦੇ ਰੱਜ, ਨਹੀਂ, ਕਦੀ ਨਹੀਂ ਹੋਣਾ ।

**3.** 'ਫ਼ਾਲਤੂ ਔਰਤ' (1972) ਨਾਂ ਦੀ ਗਲਪ-ਰਚਨਾ ਦੇ ਕੇਂਦਰੀ ਪਾਤਰ ਗੀਤਾ ਦੇ ਆਲੇ ਦਵਾਲੇ ਉਣੇ ਹਾਲਾਤ ਅਤੇ ਹਾਲਾਤ ਤੋਂ ਉਪਜੇ ਖ਼ਿਆਲਾਤ ਤੋਂ ਗੀਤਾ ਇਸ ਸਿੱਟੇ 'ਤੇ ਪੁਜਦੀ ਹੈ :

'...ਖ਼ਰਚ ਕਰਕੇ ਸੌਣ ਵਾਲੀ ਤੀਵੀਂ । ਤੇ ਮੁਫ਼ਤ ਵਿਚ ਜਿਹਦੇ ਨਾਲ ਸੌਂ ਸਕੋ ਉਹ ਤੀਵੀਂ । ਮੁਫ਼ਤ ਵਾਲੀ ਤੀਵੀਂ ਬੀਵੀ ਹੁੰਦੀ ਏ । ਸਿਰਫ਼ ਰੋਟੀ ਕਪੜੇ ਤੋਂ ਨੌਕਰ । ਗੁਲਾਮ । ਪਰ ਫਿਰ ਵੀ ਬੀਵੀ ਦੀ ਪੋਜ਼ੀਸ਼ਨ ਰੈਸਪੈਕਟੇਬਲ ਏ । ਖ਼ਰਚ ਕਰਕੇ ਜਿਦੇ ਨਾਲ ਸੌਂਵੋ, ਉਹ ਪ੍ਰਾਸਟੀਚਿਊਟ ਹੁੰਦੀ ਏ, ਵੇਸ਼ਿਆ । ਤੇ ਇਹਨਾਂ ਦੋਹਾਂ ਦੇ ਵਿਚਕਾਰ ਜਿਹੜੀ ਔਰਤ ਹੁੰਦੀ ਏ, ਜਿਦ੍ਹੇ ਤੇ ਖ਼ਰਚ ਵੀ ਨਹੀਂ ਕਰਨਾ ਪੈਂਦਾ, ਰੋਟੀ ਕਪੜਾ ਦੇਣ ਦਾ ਇਕਰਾਰ ਵੀ ਨਹੀਂ ਹੁੰਦਾ, ਸਮਾਜ ਵਿਚ ਉਹਦੇ ਨਾਲ ਸੌਣ ਵਾਲੇ ਮਰਦ ਦੇ ਰੁਤਬੇ ਮੁਰਾਤਬੇ ਦੇ ਮੁਤਾਬਿਕ ਉਹਦੀ ਇਜ਼ਤ ਵੀ ਨਹੀਂ ਹੁੰਦੀ, ਚੋਰੀ ਦਾ ਰਿਸ਼ਤਾ, ਉਹ ਕੀ ਹੁੰਦੀ ਏ ?...ਫ਼ਾਲਤੂ ਔਰਤ । ਫ਼ਾਲਤੂ । ਸੁਪਰਫਲੂਅਸ ।' — (ਪੰਨਾ 27-28)

ਗੀਤਾ ਨੇ ਆਪਣੇ ਖ਼ਾਵੰਦ ਨੂੰ ਪਿੱਠ ਦੇ ਕੇ ਇਕ-ਵਿਆਹ ਦੀ ਪ੍ਰਥਾ ਦੀ ਵਲਗਣ ਨੂੰ ਉਲੰਘਿਐ । ਉਮੇਸ਼ ਦੇ ਬੂਹੇ 'ਤੇ ਦਸਤਕ ਦੇਣ ਤੋਂ ਵੀ ਪਹਿਲਾਂ ਗੀਤਾ ਨੇ ਕਈ ਹੋਰਨਾਂ ਦੇ ਬੂਹਿਆਂ 'ਤੇ ਵੀ ਬਰਾਬਰ ਦਸਤਕਾਂ ਦਿਤੀਆਂ । ਪਰ 'ਸੁੰਞੇ ਘਰਾਂ' ਚੋਂ ਉਹ ਸਖਣੀ ਝੋਲੀ ਹੀ ਪਰਤ ਆਉਂਦੀ ਰਹੀ । ਉਮੇਸ਼ ਵੀ ਤਾਂ ਇਕ-ਵਿਆਹ ਦੇ 'ਨੈਤਿਕ ਹੱਦ-ਬੰਨੇ' ਉਲੰਘਣ ਦਾ ਕਸੂਰਵਾਰ ਏ । ਫਿਰ ਵੀ ਇਕ ਪਖੋਂ ਦੋਹਾਂ ਵਿਚ ਚੋਖਾ ਅੰਤਰ ਏ । ਉਮੇਸ਼ ਬਿਸਤਰੇ ਵਿਚ ਗੀਤਾ ਨਾਲ 'ਦੋ ਘੜੀਆਂ ਰੀਲੈਕਸ ਕਰਨ ਵਾਸਤੇ ਸਾਰਾ ਤਰੱਦਦ ਕਰਦਾ ਏ । (ਪੰਨਾ 41) ਗੀਤਾ ਦੀ 'ਲੋੜ' ਦਾ ਕੋਈ ਵੀ ਉਮੇਸ਼ ਪਾਰ ਨਹੀਂ ਪਾ ਸਕਦਾ । ਬਿਸਤਰੇ ਵਿਚ ਇਨਟੈਨਸਟੀ ਨਾਲ ਮਹੁਬਤ ਕਰਨ ਵਾਲੀ ਔਰਤ ਬਿਸਤਰੇ ਤੋਂ ਬਾਹਰ ਵੀ ਉਨੀ ਹੀ ਇਨਟੈਨਸਟੀ ਨਾਲ ਜੀਣਾ ਲੋਚਦੀ ਏ ਇਸੀ ਦੀ ਉਮੇਸ਼ਾਂ ਨੂੰ ਸਾਰ ਨਹੀਂ । ਇਹੀ ਅਜੀਤ ਕੌਰ ਦੀ ਗੀਤਾ ਨੂੰ ਨਾਗਵਾਰ ਗੁਜ਼ਰਦੈ । ਰਹਿਣੀ-ਬਹਿਣੀ ਦੀ 'ਵੰਡ' ਦੇ ਇਸ ਪਹਿਲੂ ਤੋਂ ਹੀ ਗੀਤਾ ਨਾਬਰ ਏ ।

**4.** ਗੀਤਾ ਨੇ ਔਰਤ ਦੇ ਤਿੰਨ ਰੂਪਾਂ — ਬੀਵੀ, ਵੇਸ਼ਿਆ ਤੇ 'ਫ਼ਾਲਤੂ' ਔਰਤ — 'ਤੇ ਗਲ ਮੁਕਾਈ ਏ । ਬੀਵੀ, ਬੇਸ਼ਕ ਗੁਲਾਮ ਏ ਪਰ ਉਹਦੀ ਪੁਜ਼ੀਸ਼ਨ ਰੈਸਪੈਕਟੇਬਲ ਏ । 'ਏਹੁ ਹਮਾਰਾ ਜੀਵਣਾ' (ਸੇਧ ਨਵੰਬਰ, 1977) ਉਪਰ ਚਰਚਾ ਕਰਦਿਆਂ ਇਕ-ਵਿਆਹ ਦੇ ਜਮਾਤੀ ਚਰਿਤਰ ਦੀ ਲੋੜੀਂਦੀ ਤਸ਼ਰੀਹ ਕੀਤੀ ਸੀ । ਅਸਲ ਵਿਚ, ਨਿਜੀ ਜਦੈਦ ਦੀ ਸੰਸਥਾ ਦੀ ਉਮਰ ਵਧਾਉਣ ਖ਼ਾਤਰ ਹੀ ਵਿਆਹ ਦੀ ਅਜਿਹੀ ਪ੍ਰਥਾ ਨੂੰ ਅਮਲ ਵਿਚ ਲਿਆਇਆ ਗਿਆ । ਔਰਤ ਨੂੰ ਇਕ-ਵਿਆਹ ਦੀ ਪ੍ਰਥਾ ਨਾਲ ਬੀੜ ਕੇ ਰਖੇ ਬਿਨਾਂ ਸਰਨਾ ਨਹੀਂ ਸੀ । ਗੁਲਾਮ (ਰੰਨ) ਬਣ ਕੇ ਰਹਿਣ ਦੇ ਇਵਜ਼ ਵਿਚ, ਬੀਵੀ ਦਾ 'ਰੁਤਬਾ-ਮੁਰਾਤਬਾ,' ਔਰਤ ਦੀ ਝੋਲੀ 'ਚ ਪਾਇਆ ਗਿਆ । ਗੁਲਾਮੀ ਨੂੰ ਰੈਸਪੈਕ-ਟੈਬਿਲਟੀ ਦੇ ਰੁਮਾਲੇ ਨਾਲ ਢਕ ਦਿਤਾ ਗਿਆ । ਰਹੀ ਗਲ ਵੇਸ਼ਿਆ ਦੀ । ਇਕ-ਵਿਆਹ (ਜਮਾਤੀ-ਹਿੱਤ ਦੇ ਸੱਚੇ ਅਨੁਸਾਰ ਢਲਿਆ ਹੋਇਆ) ਵੇਸਵਾ-ਜੀਵਨ ਦਾ ਹੀ ਬਦਲਿਆ / ਸੰਵਰਿਆ ਹੋਇਆ ਰੂਪ ਏ । 'ਵੇਸ਼ਿਆ 'ਚ ਸਾਧਾਰਨ ਬੀਵੀ ਨਾਲੋਂ ਬਸ ਇਹਨਾਂ ਕੁਝ ਈ ਫ਼ਰਕ ਏ ਕਿ ਬੀਵੀ ਦਿਹਾੜੀ



ਦਾਰ ਵਾਂਗੂ ਠੇਕੇ ਦਾ ਕੰਮ ਕਰਨ ਲਈ ਆਪਣਾ ਤਨ ਭਾੜੇ 'ਤੇ ਨਹੀਂ ਦੇਂਦੀ, ਬਲਕਿ ਉਮਰ ਭਰ ਲਈ, ਆਪਣੇ ਤਨ ਨੂੰ, ਗੁਲਾਮੀ ਵਿਹਾਜਣ ਲਈ, ਫ਼ਰੋਖ਼ਤ ਕਰ ਦੇਂਦੀ ਹੈ ।[1] ਫ਼ੋਰੀਅਰ ਦੇ ਕਹੇ ਹੋਏ ਲਫ਼ਜ਼, ਵਿਆਹ ਦੀ ਅਜਿਹੀ ਪ੍ਰਥਾ ਬਾਰੇ ਕਿੰਨੇ ਢੁਕਵੇਂ ਨੇ : Just as in grammar two negatives make a positive, so in the morals of marriage, two prostitutions make one virtue"[2] ਜ਼ਾਹਿਰਾ ਤੌਰ 'ਤੇ 'ਫ਼ਾਲਤੂ ਔਰਤ' ਆਪਣੇ ਆਪ ਵਿਚ ਇਕ ਵਖਰੀ ਕੈਟੇਗਰੀ ਏ ਜੋ ਵਿਆਹੁਤਾ ਜੀਵਨ ਦੀ ਬੋਰੀਅਤ (ਜਿੰਨੂ ਪਰਵਾਰਕ ਅਨੰਦ ਦਸ ਕੇ ਵਡਿਆਇਆ ਜਾਂਦਾ ਏ) ਤੋਂ ਆਤੁਰ ਏ । ਵੇਸਵਾ-ਜੀਵਨ ਨੂੰ ਹਕਾਰਤ ਦੀ ਨਜ਼ਰ ਨਾਲ ਵੇਖਦਾ ਏ । 'ਫ਼ਾਲਤੂ ਔਰਤ' ਨੂੰ ਜਿਵੇਂ ਬੀਵੀ ਜਾਂ ਵੇਸ਼ਿਆ ਹੋਣ ਦਾ ਕੋਈ ਮੇਹਣਾ ਨਹੀਂ । ਉਹ ਤਾਂ ਬਸ 'ਆਜ਼ਾਦ' ਏ ! ਉਹਦੇ 'ਤੇ ਕੋਈ ਬੰਧਨ ਨਹੀਂ !! ਅਸਲ ਵਿਚ ਉਹਦੀ 'ਆਜ਼ਾਦੀ' ਹੀ ਉਹਦੇ ਲਈ ਬੰਧਨ ਏ । ਸਵਾਲ ਔਰਤ ਦੀ ਆਜ਼ਾਦੀ ਦਾ ਨਹੀਂ, ਆਜ਼ਾਦ ਔਰਤ ਦਾ ਏ ।

**5.** 'ਫ਼ਾਲਤੂ ਔਰਤ' ਵਿਚ ਸਾਰਾ ਪਵਾੜਾ ਈ ਮਰਦ ਨਾਲ 'ਸੌਣ' ਦਾ ਏ । ਮੂਲ ਸਮਸਿਆ ਔਰਤ ਤੇ ਮਰਦ ਵਿਚਲੇ ਜਿਨਸੀ ਰਿਸ਼ਤੇ ਦੀ ਪਛਾਣ ਦੀ ਏ । ਲੋੜ, ਜਿਨਸ (sex) ਦੇ ਸਮਾਜਕ ਅਰਥ ਡੀਕੋਡ ਕਰਨ ਦੀ ਏ । ਮਸਲਾ ਚੂੰਕਿ ਬੰਦੇ ਦੀ ਜਿਨਸ ਦਾ ਏ ਇਸ ਲਈ ਗਲ ਬੰਦੇ ਤੋਂ ਹੀ ਸ਼ੁਰੂ ਕਰਨੀ ਬਣਦੀ ਏ । ਕਿਉਂਕਿ ਜਿਨਸ ਦੀ ਕਿਸਮ (ਉਸ ਦਾ ਸਮਾਜਕ ਚਰਿਤਰ) ਬੰਦੇ ਦੀ ਕਿਸਮ ਦੇ ਹੀ ਅਨੁਸਾਰ ਹੋਵੇਗੀ, ਇਹ ਨਹੀਂ ਹੋ ਸਕਦਾ ਕਿ ਬੰਦਾ ਬਤੌਰ ਬੰਦਾ ਤਾਂ ਗੁਲਾਮ ਬਣਿਆ ਰਹੇ ਅਤੇ ਉਸ ਦੀ ਜਿਨਸ ਪਾਕ, ਪਵਿਤਰ ਹੋ ਜਾਵੇ । ਜਿਨਸ, ਬੰਦੇ ਦੇ ਆਜ਼ਾਦ ਹੋਣ ਨਾਲ ਹੀ ਪਾਕ, ਪਵਿਤਰ ਹੋ ਸਕਦੀ ਏ । ਸਰਮਾਏਦਾਰੀ ਦੌਰ ਵਿਚ ਬੰਦਾ ਪੈਸੇ ਦਾ ਗੁਲਾਮ ਏ । ਪੈਸਾ ਵੀ 'ਮੋਹਣੀ ਅਵਤਾਰ' ਵਾਂਗ ਅਨੇਕਾਂ ਰੂਪ ਧਾਰਦਾ ਏ । ਦੂਸਰੇ ਸ਼ਬਦਾਂ 'ਚ ਮਨੁਖ ਦੀ ਥਾਂ ਪੈਸਾ ਜ਼ਿੰਦਗੀ ਦਾ ਧੁਰਾ ਮਲ ਬੈਠੈ । ਅਜਿਹੀ ਰਹਿਤਲ 'ਚ — ਵਸਤ-ਪਾਲ ਰਹਿਤਲ — ਬੰਦਾ ਵੀ ਵਸਤ ਈ ਬਣਿਆ ਹੋਇਐ । ਵਸਤਾਂ-ਪਾਲ ਰਹਿਤਲ ਦੇ ਸੱਚੇ 'ਚ ਢਲਿਆ ਬੰਦਾ ਆਜ਼ਾਦ ਨਹੀਂ ਕਿਹਾ ਜਾ ਸਕਦਾ । ਬੰਦਾ-ਪਾਲ ਰਹਿਤਲ ਈ ਆਜ਼ਾਦ ਬੰਦਿਆਂ ਨੂੰ ਜਨਮ ਦੇ ਸਕਦੀ ਏ । ਸਰਮਾਏਦਾਰੀ ਦੌਰ 'ਚ ਵਿਕਦੀ ਹਰ ਸ਼ੈ (ਸਣੇ ਜਿਨਸ) ਤੋਂ ਇਹ ਨਤੀਜਾ ਕੱਢ ਲੈਣਾ, ਕਿ ਜੀਊਣ ਦਾ ਇਹੀ ਅੰਦਾਜ਼ ਦਰੁਸਤ ਏ, ਵਸਤ-ਪਾਲ ਰਹਿਤਲ ਦਾ ਹੀ ਅੰਗ ਬਣਨਾ ਏ, ਇਸ ਦੀ ਉਮਰ ਵਧਾਉਣਾ ਏ । ਸਰਮਾਏਦਾਰੀ ਦੌਰ 'ਚ ਵਿਕਦੀ ਜਿਨਸ (sex), ਇਸ ਦੀ ਲਪੇਟ 'ਚ ਆਏ ਬਿਉਪਾਰੀਆਂ, ਦਲਾਲਾਂ ਆਦਿ ਸਭਨਾਂ ਨੂੰ ਵਹਿਸ਼ੀ ਬਣਾਉਂਦੀ ਏ । ਜਿਨਸ, ਬਤੌਰ ਜਿਨਸ, ਆਪਣੇ ਅਸਲੀ ਰੂਪ 'ਚ ਬੜੀ ਪਾਕ, ਪਵਿਤਰ ਸ਼ੈ ਏ । ਜਿਸ 'ਚੋਂ ਬੰਦੇ ਨੇ ਜਨਮ ਲਿਆ ਹੋਵੇ, ਉਹ ਨਾਪਾਕ ਕਿਵੇਂ ਹੋ ਸਕਦੀ ਏ । ਜਿਨਸ ਆਪਣੇ ਅਸਲੀ ਰੂਪ ਨੂੰ ਤਿਆਗ ਕੇ ਹੀ ਵਹਿਸ਼ਤ ਬਣਦੀ ਏ । ਜਿਨਸ ਦਾ ਉਹੀ ਚਰਿਤਰ ਹੋਵੇਗਾ ਜੋ ਸਬੰਧਿਤ ਬੰਦੇ ਦਾ ਹੋਵੇਗਾ । ਆਜ਼ਾਦ ਜਿਨਸ ਆਜ਼ਾਦ ਬੰਦੇ ਦੇ ਪੱਲੇ ਹੀ ਹੋ ਸਕਦੀ ਏ । ਇਹ ਉਦੋਂ ਹੀ ਮੁਮਕਿਨ ਹੋ ਸਕਦੈ, ਜਦੋਂ ਜਿਨਸੀ ਜਜ਼ਬਾ ਆਜ਼ਾਦ ਬੰਦੇ ਵਾਂਗ, ਆਪ ਹੀ ਆਪਣਾ ਮਾਪ ਹੋਵੇ । ਜਿਨਸੀ ਰਿਸ਼ਤੇ ਦੀ ਬੈਹਸ ਦੇ ਦੋ ਜੁਜ਼, ਚੂੰਕਿ ਮਰਦ ਤੇ ਔਰਤ ਨੇ ਇਸ ਲਈ ਆਜ਼ਾਦ ਮਰਦ ਤੇ ਆਜ਼ਾਦ ਔਰਤ ਵਿਚਕਾਰ ਜਿਨਸੀ ਰਿਸ਼ਤਾ ਹੀ ਆਪਣੇ ਅਸਲੀ ਰੂਪ ਵਿਚ ਪ੍ਰਗਟ ਹੋਵੇਗਾ । ਸ਼ਾਹ ਹੁਸੈਨ ਦੀ ਬੋਲੀ 'ਚ ਜਦੋਂ ਹੀਰ ਆਪਣਾ ਧਰਮ-ਈਮਾਨ ਪ੍ਰਗਟ ਕਰਦੀ ਏ :

ਬਾਬਲ ਕੋਲਹੁੰ ਦਾਜ ਨ ਮੰਗਦੀ, ਮਾਊਂ ਨ ਮੰਗਦੀ ਮਾਲੋਂ ।
ਇਕਾ ਰਾਂਝਾ ਪਲ ਪਲ ਮੰਗਦੀ, ਛੁਟੇ ਹੀਰ ਜੰਜਾਲੋਂ ।

ਅਤੇ ਸ਼ਾਹ ਹੁਸੈਨ ਜਦੋਂ 'ਇਸ਼ਕ' ਦੀ ਪਰਿਭਾਸ਼ਾ ਕਰਦਿਆਂ ਫਰਮਾਉਂਦੇ ਨੇ :

ਇਸ਼ਕ ਫ਼ਕੀਰਾਂ ਦਾ ਕਾਇਮ ਦਾਇਮ ਕਬਹੂੰ ਨਾ ਥੀਵੈ ਬੇਹਾ ।
ਸੁਇਨਾ-ਰੁਪਾ ਸਭ ਛਲ ਵੈਸੀ ਇਸ਼ਕ ਨ ਲਗਦਾ ਲੇਹਾ ।

ਉਦੋਂ ਹੀਰ ਨੇ 'ਸੁਇਨੇ-ਰੁਪੇ' ਦੀ ਅਸਲੀਅਤ ਨੂੰ ਜਾਣ ਲਿਆ ਹੁੰਦਾ ਏ । ਉਹ ਇਸ 'ਜੰਜਾਲ' ਚੋਂ ਨਜਾਤ ਪਾਉਣ ਵਾਸਤੇ ਹੀ ਰਾਂਝੇ ਨੂੰ ਪਲ ਪਲ ਮੰਗਦੀ ਏ । ਗੀਤਾ, ਭਲਾ, ਕਿਹੜੇ 'ਜੰਜਾਲ' 'ਚ ਫਸੀ ਹੋਈ ਏ । ਗੀਤਾ ਨੂੰ ਉਮੇਸ਼ 'ਭਰਵਾਂ-ਭਰਵਾਂ' ਇਸ ਲਈ ਨਹੀਂ ਲਗਦਾ ਕਿ 'ਉਸ ਪਾਸ ਤਾਂ ਬਸ ਇਕ ਨਿਕੀ ਜਿਹੀ ਕਾਂਗੜੀ ਏ, ਜਿਦਾ ਮਾੜਾ ਜਿਹਾ ਸੇਕ ਏ,' (ਪੰਨਾ 41) । ਗੀਤਾ ਤਾਂ ਹੋਈ 'ਮੱਚਦੀ ਅੱਗ' । ਉਹ ਪ੍ਰੋ: ਪੂਰਨ ਸਿੰਘ ਦੀ ਲੂਣਾ ਵਾਂਗੂ 'ਅਗ ਨੂੰ ਅਗ ਨਾਲ ਠਾਰਨਾ' ਚਾਹੁੰਦੀ ਏ । ਜਿਨਸ ਦੇ ਇਸੀ ਰੂਪ ਨੂੰ ਗੁਰੂਬਾਣੀ 'ਚ 'ਕਾਮ' ਕਹਿ ਕੇ ਨਿੰਦਿਆ ਗਿਆ ਏ । 'ਜਿਹੜੀ ਤੀਵੀਂ ਬਿਸਤਰੇ ਦੀ ਘੜੀ ਅਗ ਵਾਂਗੂ ਭਖ ਕੇ ਜੀਵੇਗੀ, ਉਹਦਾ ਜੀਣ ਦਾ ਅੰਦਾਜ਼ ਹੀ ਇਹੀ ਹੋਵੇਗਾ' — (ਪੰਨਾ 42) । ਬਸ, ਗਲ ਸਾਰੀ ਇਸੀ ਅੰਦਾਜ਼ ਦੀ ਏ । ਇਹੀ ਅੰਦਾਜ਼ 'ਕਾਗੜੀ' ਨੂੰ ਨਕਾਰਦੈ, 'ਮਚਦੀ ਅਗ' ਨੂੰ ਵਿਹਾਜਣਾ ਲੋੜਦੈ । ਫ਼ਰਕ ਕਿਸਮ ਦਾ ਨਹੀਂ, ਮਾਤਰਾ ਦਾ ਏ । ਜਿਸ ਗੀਤਾ ਨੇ ਬੀਵੀ ਤੇ ਵੇਸ਼ਿਆ ਨਾਲੋਂ ਕੁਝ ਵਖਰੇ ਹੋਣ ਦੀ ਕਲਪਨਾ ਕੀਤੀ ਸੀ, ਉਹਦਾ ਦਮ ਵੀ ਇਸੀ 'ਕੋਠੜੀ' 'ਚ ਨਿਕਲੇਗਾ ।

---

1. Engles, F. : 'Origin of the Family, Private Property and State' Marx and Engles Selected Works, Vol. 3, Progress Publishers, Moscow, 1970, Page 245.
2. Quoted by Engles at page 245. (Ibid).

---


⊙ ਸਾਹਿਤ ਦੀ ਸਮਝ

ਕਿਸ਼ਨ ਸਿੰਘ ਦੇ ਤਿੰਨ ਵਿਦਵਤਾ-ਭਰਪੂਰ ਲੇਖਾਂ ਦਾ ਸੰਗ੍ਰਹਿ — ਯਥਾਰਥਵਾਦ, ਆਲੋਚਨਾ ਤੇ ਸਾਹਿਤ ਦੀ ਸਮਝ । ਇਹ ਪੁਸਤਕ ਸਾਹਿਤ ਪ੍ਰੇਮੀਆਂ ਅਤੇ ਐਮ. ਏ. ਤਕ ਦੇ ਵਿਦਿਆਰਥੀਆਂ ਲਈ ਬੇਮਿਸਾਲ ਪੁਸਤਕ ਹੈ । ਸਫ਼ੇ 340, ਪੱਕੀ ਜਿਲਦ, ਸਿਰਫ਼ ਲਾਇਬਰੇਰੀ ਐਡੀਸ਼ਨ, ਮੁਲ : ਪੰਦਰਾਂ ਰੁਪੈ ।

ਗੁਰਬਾਣੀ ਦਾ ਸੱਚ

ਪ੍ਰੋ: ਕਿਸ਼ਨ ਸਿੰਘ ਦੇ ਗੁਰਬਾਣੀ ਦੇ ਵੱਖ ਵਖ ਪੱਖਾਂ ਬਾਰੇ ਲਿਖੇ ਲੇਖਾਂ ਦਾ ਸੰਗ੍ਰਹਿ, ਜਿਸ ਵਿਚ ਗੁਰਬਾਣੀ ਦੀ ਸਮਾਜਕ ਵਸਤੂ, ਗੁਰਬਾਣੀ ਵਿਚ ਹੁਕਮ ਦਾ ਸਿਧਾਂਤ, ਗੁਰਬਾਣੀ ਵਿਚ ਵਿਜੋਗ ਦਾ ਮਸਲਾ, ਗੁਰਬਾਨੀ ਵਿਚ ਬਦੀ ਦਾ ਸੰਕਲਪ, ਗੁਰਬਾਨੀ ਅਤੇ ਸਰਬੱਤ ਦੀ ਆਜ਼ਾਦੀ ਦਾ ਪੈਂਤੜਾ ਆਦਿ ਲੇਖਾਂ ਤੋਂ ਇਲਾਵਾ ਬਾਬਰਵਾਣੀ ਅਤੇ ਗੁਰੂ ਤੇਗ ਬਹਾਦਰ ਦੀ ਬਾਨੀ ਦੀ ਵਿਆਖਿਆ ਵਾਲੇ ਲੇਖ ਵੀ ਹਨ । ਸਫ਼ੇ 200, ਸੁੰਦਰ ਦਿਖ, ਲਾਇਬਰੇਰੀ ਐਡੀਸ਼ਨ, ਪੱਕੀ ਜਿਲਦ — ਮੁਲ : ਪੰਦਰਾਂ ਰੁਪੈ, ਪੇਪਰ ਬੈਕ — ਮੁਲ : ਦਸ ਰੁਪੈ ।

(10 ਰੁਪੈ ਜਾਂ 1 ਪੌਂਡ ਜਾਂ 1.50 ਡਾਲਰ; 15 ਰੁਪੈ ਜਾਂ 1.50 ਪੌਂਡ ਜਾਂ 2 ਡਾਲਰ)






ਕਿਸ਼ਨ ਸਿੰਘ

## ਆਜ਼ਾਦ ਔਰਤ

[ਪਿਛਲੇ ਦੋ ਤਿੰਨਾਂ ਸਾਲਾਂ ਵਿਚ ਸਾਨੂੰ ਅਨੇਕਾਂ ਪਾਠਕਾਂ ਵਲੋਂ ਇਹ ਮੰਗ ਵਾਰ ਵਾਰ ਆਈ ਕਿ ਸ. ਕਿਸ਼ਨ ਸਿੰਘ ਦੇ ਅਜ਼ਾਦ ਤੇ ਗੁਲਾਮ ਔਰਤ ਤੇ ਮਰਦ ਬਾਰੇ ਲੇਖ ਦੁਬਾਰਾ ਛਾਪੇ ਜਾਣ । ਇਹ ਲੇਖ ਸੇਧ ਦੇ ਅਕਤੂਬਰ ਤੇ ਦਸੰਬਰ, 1972 ਅਤੇ ਫ਼ਰਵਰੀ ਤੇ ਮਾਰਚ, 1973 ਦੇ ਅੰਕਾਂ ਵਿਚ ਛਪੇ ਸਨ । ਉਦੋਂ ਇਹ ਲੇਖ ਸੇਧ ਦੇ ਅਜ ਦੇ ਬਹੁਤੇ ਪਾਠਕ ਨਹੀਂ ਸਨ ਪੜ੍ਹ ਸਕੇ । ਇਸ ਮੰਗ ਨੂੰ ਹੁਣ ਤਕ ਅਸੀਂ ਥਾਂ ਦੀ ਥੁੜ ਕਾਰਨ ਟਾਲਦੇ ਆਏ ਹਨ । ਇਸ ਹਥਲੇ ਅੰਕ ਵਿਚ ਜਦ ਹਰਚਰਨ ਸਿੰਘ ਸੋਬਤੀ ਨੇ "ਫਾਲਤੂ ਔਰਤ" ਬਾਰੇ ਗੱਲ ਛੋਹ ਹੀ ਦਿਤੀ ਤਾਂ ਇਸ ਨੂੰ ਮੁਨਾਸਬ ਮੌਕਾ ਸਮਝ ਕੇ ਅਸੀਂ ਸ੍ਰ: ਕਿਸ਼ਨ ਸਿੰਘ ਦਾ ਇਕ ਲੇਖ ਫਿਲਹਾਲ ਪਾਠਕਾਂ ਦੀ ਨਜ਼ਰ-ਗੋਚਰਾ ਕਰਨ ਦਾ ਫ਼ੈਸਲਾ ਲਿਆ । ਸੋਬਤੀ ਸਾਹਿਬ ਨੇ ਇਸ ਮਸਲੇ ਨੂੰ ਖ਼ੂਬਸੂਰਤ ਢੰਗ ਨਾਲ ਇਕ ਫਿਕਰੇ ਵਿਚ ਇੰਜ ਬੰਨ੍ਹਿਆ ਹੈ : "ਸੁਆਲ ਔਰਤ ਦੀ ਆਜ਼ਾਦੀ ਦਾ ਨਹੀਂ, ਆਜ਼ਾਦ ਔਰਤ ਦਾ ਏ ।"

ਔਰਤ ਦੀ ਆਜ਼ਾਦੀ ਦੀ ਗੱਲ ਪੰਜਾਬੀ ਸਾਹਿਤ ਵਿਚ ਅਤੇ ਪੰਜਾਬੀ ਪਰਚਿਆਂ ਵਿਚ ਕਈ ਵਾਰ ਚਲੀ ਹੈ ਅਤੇ ਕਈ ਵਾਰ ਦੁਹਰਾਈ ਗਈ ਹੈ । ਇਸ ਵਿਸ਼ੇ ਨੇ ਅੰਮ੍ਰਿਤਾ ਪ੍ਰੀਤਮ ਦੇ "ਔਰਤ ਲਈ ਕੀਰਨਿਆਂ" ਅਤੇ ਅਜੀਤ ਕੌਰ ਦੀ "ਔਰਤ ਦੀ ਅਵਾਰਗੀ" (ਹੋਰਨਾਂ ਲੇਖਕਾਂ ਤੋਂ ਇਲਾਵਾ) ਦਾ ਰੂਪ ਵਾਰ ਵਾਰ ਧਾਰ ਕੇ ਅਨੇਕਾਂ ਲਿਖਤਾਂ ਵਿਚ ਥਾਂ ਮਲੀ ਹੈ । ਸਾਡੇ ਲੇਖਕਾਂ ਦਾ ਇਹ ਕਾਫੀ ਹਰਮਨ ਪਿਆਰਾ ਵਿਸ਼ਾ ਰਿਹਾ ਹੈ ਅਤੇ ਅਜ ਵੀ ਹੈ । ਇਸ ਵਿਸ਼ੇ ਨੂੰ ਮੁੜ ਪੇਸ਼ ਕਰਨ, ਵਧੇਰੇ ਡੂੰਗਾਈ ਵਿਚ ਘੋਖਣ ਦੀ ਸ਼ੁਰੂਆਤ ਅਸੀਂ ਇਸ ਅੰਕ ਵਿਚ ਦਿਤੇ ਜਾ ਰਹੇ ਇਹਨਾਂ ਦੋ ਲੇਖਾਂ ਨਾਲ ਕਰਦੇ ਹਨ । ਲੇਖਕਾਂ/ਪਾਠਕਾਂ ਵਲੋਂ ਇਸ ਵਿਸ਼ੇ 'ਤੇ ਆਏ ਲੇਖਾਂ, ਪ੍ਰਤੀਕਰਮਾਂ ਨੂੰ ਯੋਗ ਥਾਂ ਦਿਤੀ ਜਾਵੇਗੀ ।

ਸਾਡੇ ਹੁਣ ਤਕ ਤਾਂ ਬੰਦੇ ਦੀ ਗੁਲਾਮੀ (ਜਿਸ ਵਿਚ ਇਸਤਰੀ ਮਰਦ ਦੋਵੇਂ ਆਉਂਦੇ ਹਨ) ਦਾ ਮਤਲਬ ਕਿਸੇ ਬਦੇਸ਼ੀ ਕੌਮ ਦਾ ਕਿਸੇ ਦੇਸ਼ ਅਤੇ ਉਥੋਂ ਦੀ ਵਸੋਂ 'ਤੇ ਰਾਜ ਹੀ ਲਿਆ ਜਾਂਦਾ ਰਿਹਾ ਹੈ; ਆਜ਼ਾਦ ਹੋਣ ਦਾ ਮਤਲਬ ਬਦੇਸ਼ੀ ਹਾਕਮਾਂ ਕੋਲੋਂ ਦੇਸ਼ ਆਜ਼ਾਦ ਕਰਾ ਲੈਣਾ ਹੀ ਸਮਝਿਆ ਜਾਂਦਾ ਰਿਹਾ ਹੈ । ਜੇ ਦੇਸ਼ ਆਜ਼ਾਦ ਹੈ, ਤਾਂ ਬੰਦਾ ਗ਼ੁਲਾਮ ਕਾਹਦਾ ?! ਤੇ ਜੇ ਬੰਦਾ, ਪੜ੍ਹਾਈ ਆਦਿ ਪਿਛੋਂ, ਕਿਸੇ ਨੌਕਰੀ 'ਤੇ ਲਗ ਜਾਵੇ, ਤਾਂ ਉਹ "ਆਪਣੇ ਪੈਰਾਂ 'ਤੇ ਖੜ੍ਹਾ ਹੋ ਗਿਆ" ਸਮਝੋ । ਉਹ ਗ਼ੁਲਾਮ ਨਹੀਂ, ਮਹਿਜ਼ ਮੁਲਾਜ਼ਮ ਹੈ ! ਆਪਨਾ ਕਮਾਉਂਦਾ ਹੈ, ਖਾਂਦਾ ਹੈ...ਆਜ਼ਾਦ ਹੀ ਆਜ਼ਾਦ ਹੈ !! ਜੇ ਕਿਤੇ ਉਹ ਕਿਸੇ ਵਿਅਕਤੀ ਦਾ ਮੁਲਾਜ਼ਮ ਨਹੀਂ, ਸਗੋਂ ਕਿਸੇ ਕੰਪਨੀ ਦਾ ਜਾਂ ਸਰਕਾਰ ਦਾ ਮੁਲਾਜ਼ਮ ਹੈ, ਤਾਂ ਫਿਰ ਬਹਾਰਾਂ ਹੀ ਬਹਾਰਾਂ ਹਨ !! ਉਹ ਨਾ ਸਿਰਫ਼ ਪੈਸੇ ਹੀ ਕਮਾਉਂਦਾ ਹੈ, ਬਲਕਿ 'ਅਫ਼ਸਰੀ' ਵੀ ਕਰਦਾ ਹੈ । ਉਸ ਨਾਲ ਗ਼ੁਲਾਮੀ ਦਾ ਸ਼ਬਦ ਜੋੜਨਾ ਕੂੜ ਤੋਲਣਾ ਹੈ !! ਤੇ ਇਸ ਤੋਂ ਵੀ ਅਗੇ : ਜੇ ਕਿਸੇ ਬੰਦੇ ਦਾ ਆਪਨਾ ਕਾਰੋਬਾਰ ਹੈ, ਚੰਗਾ ਬਿਜ਼ਨੈਸ ਹੈ ਤਾਂ ਤਾਂ ਉਹ ਆਪਨਾ ਆਪ ਮਾਲਕ ਹੈ ! ਆਪਨੀ ਨੀਂਦ ਸੌਂਦਾ ਹੈ, ਆਪਨੀ ਮਰਜ਼ੀ ਨਾਲ ਉਠਦਾ ਹੈ ! ਉਹ ਗ਼ੁਲਾਮ ਕਿਵੇਂ ? ਉਹ ਤਾਂ ਆਜ਼ਾਦ, ਸੁਤੰਤਰ ਮਨੁਖ ਹੈ !!

ਰਹੀ ਔਰਤ ਦੀ ਗੁਲਾਮੀ ਦੀ ਗੱਲ। ਹਾਂ, ਉਹ ਗੁਲਾਮ ਹੈ, ਮਰਦ ਦੀ ਗੁਲਾਮ ਹੈ। ਉਸ ਦੀ ਗੁਲਾਮੀ ਦਾ ਜ਼ਿਕਰ ਸਾਡੇ ਸਾਹਿਤਕਾਰ "ਮਰਦ ਦੀ ਗੁਲਾਮ" ਹੋਣ ਦੇ ਸੀਮਤ ਜਿਹੇ ਅਰਥਾਂ ਵਿਚ ਹੀ ਕਰਦੇ ਆਏ ਹਨ। ਪੱਛਮ ਵਿਚ ਵੀ ਇਹੋ ਹਾਲਤ ਹੈ। ਜੇ ਔਰਤ ਨੌਕਰੀ ਕਰਨ ਲਗ ਜਾਵੇ, ਹਵਾਈ ਜਹਾਜ਼ ਉਡਾਣ ਲਗ ਪਵੇ, ਘਰ ਵਿਚ ਆਪਣੇ ਮਰਦ ਜਾਂ ਬਾਲ ਬੱਚਿਆਂ ਲਈ ਰੋਟੀ ਟੁਕ ਪਕਾਉਣ ਦੇ ਕੰਮ ਤੋਂ ਉਹ ਬਰੀ ਹੋ ਜਾਵੇ, ਸਗੋਂ ਬੱਚੇ ਜੰਮਣ ਅਤੇ ਉਹਨਾਂ ਨੂੰ ਆਪਣਾ ਦੁਧ ਪਿਲਾਉਣ ਦੀ 'ਜ਼ਹਿਮਤ' ਤੋਂ ਵੀ ਜੇ ਓਸ ਦਾ ਛੁਟਕਾਰਾ ਹੋ ਜਾਵੇ...ਸਗੋਂ ਇਸ ਤੋਂ ਵੀ ਅਗਾਂਹ ਜੇ ਉਹ, ਉਹ ਸਾਰੇ ਲੁਚਪੁਣੇ ਜੋ ਮਰਦ-ਜ਼ਾਤ ਕਰਦੀ ਰਹੀ ਹੈ ਤੇ ਕਰ ਰਹੀ ਹੈ, ਕਰਨ ਲਗ ਪਵੇ ਤਾਂ ਉਹ ਆਜ਼ਾਦ ਔਰਤ ਹੈ, enlightened and modern ਔਰਤ ਹੈ !!! ਔਰਤ ਦੀ ਆਜ਼ਾਦੀ ਦੀ ਗੱਲ ਨੇ ਪੱਛਮ ਦੇ ਦੇਸ਼ਾਂ ਵਿਚ ਅਜਿਹੀਆਂ ਬੇਤੁਕ ਗੱਲਾਂ ਅਤੇ ਅਜਿਹੇ ਬੇਢਵੇ "ਕਾਰਨਾਮੇ" ਕਰਵਾਏ ਹਨ, ਕਿ ਉਹਨਾਂ ਨੂੰ ਵੇਖ, ਪੜ੍ਹ ਕੇ ਹਾਸਾ ਵੀ ਆਉਂਦਾ ਹੈ ਅਤੇ ਰੋਣਾ ਵੀ। ਪਰ ਇਹਨਾਂ ਬਾਰੇ ਫਿਰ ਕਦੀ ਸਹੀ — ਪੰਨੂੰ]

ਮਨੁੱਖ ਦੇ ਆਜ਼ਾਦ ਹੋਣ ਦਾ ਮਤਲਬ ਉਸ ਦਾ ਮਨੁੱਖੀ ਹੋਣਾ ਹੈ, ਮਾਇਆ ਦੇ ਨਿਜ਼ਾਮ ਨੇ ਮਨੁੱਖ ਦੇ ਮਨ ਵਿਚ, 'ਮੈਂ ਹੀ ਹੋਵਾਂ, ਹੋਰ ਕੋਈ ਹੋਵੇ ਹੀ ਨਾ'—ਹਉਮੈ, ਖ਼ੁਦਗਰਜ਼ੀ, ਲਾਲਚ ਆਦਿ ਦੀ ਜੋ ਵਹਿਸ਼ਤ ਪਾਈ ਹੋਈ ਹੈ ਉਸ ਤੋਂ ਪਾਕ ਹੋਣਾ ਹੈ, ਸਰਮਾਏਦਾਰੀ ਦੀ ਕੰਮ-ਵੰਡ ਨੇ ਮਨੁੱਖੀ ਸ਼ਖ਼ਸੀਅਤ ਨੂੰ ਛਾਂਗਿਆ, ਮਿਧਿਆ, ਮਰੋੜਿਆ ਤੇ ਕਾਣਾ-ਸਾਨਾ ਕੀਤਾ ਹੋਇਆ ਹੈ, ਉਸ ਦਾ ਖ਼ਤਮ ਹੋਣਾ ਤੇ ਪੂਰਨ ਸ਼ਖ਼ਸੀਅਤ ਦਾ, ਮਨੁੱਖ ਅੰਦਰਲੀਆਂ ਸਭ ਸ਼ਕਤੀਆਂ ਦਾ, ਮਨੁੱਖੀ ਹੋਏ ਕੰਮ ਰਾਹੀਂ ਵਿਕਾਸ ਹੋਣਾ ਹੈ, ਪੈਸੇ ਦੀ ਸਰਦਾਰੀ ਦੀ ਮਨ ਵਿਚ ਪਾਈ ਭਟਕਣਾ ਤੋਂ ਪਾਕ ਹੋ ਕੇ ਸੰਤੁਸ਼ਟ ਤੇ ਸਫ਼ਲ ਹੋਣਾ ਹੈ। ਗੁਰਬਾਣੀ ਦੀ ਬੋਲੀ ਵਿਚ "ਅਨੰਦੁ ਭਇਆ" ਅਵਸਥਾ ਵਿਚ ਆਉਣਾ ਹੈ। ਇਹ ਮਰਦ ਤੇ ਔਰਤ ਦੋਹਾਂ ਉਤੇ ਇਕੋ ਜਿਹਾ ਲਾਗੂ ਹੈ। **ਔਰਤ ਦੀ ਆਜ਼ਾਦੀ ਦਾ ਮਤਲਬ ਗ਼ੁਲਾਮ ਹੋਏ, ਵਹਿਸ਼ੀ ਬਣੇ ਮਰਦ ਦੇ ਬਰਾਬਰ ਵਹਿਸ਼ੀ ਬਣਨਾ ਨਹੀਂ ਹੈ।**

ਪੈਦਾਵਾਰ ਦੀ ਵੰਡ ਪੈਦਾਵਾਰ ਦੇ ਢੰਗ ਦਾ ਹੀ ਦੂਸਰਾ ਪਾਸਾ ਹੈ। ਉਸ ਦਾ ਤਨੀਂ ਅੰਗ ਹੈ। ਇਹ ਨਹੀਂ ਹੋ ਸਕਦਾ ਕਿ ਪੈਦਾਵਾਰ ਦਾ ਢੰਗ ਇਕ ਨਿਜ਼ਾਮ ਦਾ ਹੋਵੇ ਅਤੇ ਪੈਦਾਵਾਰ ਦੀ ਵੰਡ ਦੂਸਰੇ ਨਿਜ਼ਾਮ ਦੀ। ਹਰ ਨਿਜ਼ਾਮ ਦਾ ਪੈਦਾਵਾਰ ਦਾ ਢੰਗ, ਉਸ ਦੀ ਵੰਡ ਤੇ ਉਸ ਦੀ ਕਲਚਰ—ਉਸ ਵਿਚ ਮਨੁੱਖ ਦੇ ਸੋਚਣ-ਮਹਿਸੂਸਣ ਦਾ ਢੰਗ, ਉਸ ਦੀ ਕਰਨੀ, ਉਸ ਦੀ ਜ਼ਿੰਦਗੀ ਦਾ ਮਾਪ—ਇਕ ਹੀ ਕੁੱਖ ਦੇ ਜੰਮ ਪਲ ਹੁੰਦੇ ਹਨ। ਜਿੰਨਾ ਚਿਰ ਪੈਦਾਵਾਰ ਮੁਨਾਫ਼ੇ ਵਾਸਤੇ ਕੀਤੀ ਜਾਂਦੀ ਹੈ, ਓਨਾਂ ਚਿਰ ਨਾ ਪੈਦਾਵਾਰ ਦੀ ਵੰਡ ਹੀ ਮਨੁੱਖੀ ਲੋੜਾਂ ਦੇ ਅਨੁਸਾਰ ਹੋ ਸਕਦੀ ਹੈ, ਤੇ ਨਾ ਹੀ ਲੋੜਾਂ ਮਨੁੱਖੀ ਹੋ ਸਕਦੀਆਂ ਹਨ। ਜਮਾਤੀ ਸਮਾਜ ਵਿਚ ਲੋੜਾਂ ਲਾਜ਼ਮੀ ਪੈਸੇ ਦੇ ਪੈਮਾਨੇ ਦੀਆਂ ਹੀ ਹੁੰਦੀਆਂ ਹਨ। ਇਹ ਲੋੜਾਂ ਤੇ ਇਨ੍ਹਾਂ ਦੀ ਪੂਰਤੀ ਮਨੁੱਖ ਨੂੰ ਵਿਜੋਗਦੀਆਂ, ਉਸ ਨੂੰ ਗੁਲਾਮ ਬਣਾਉਂਦੀਆਂ ਹਨ ; ਉਸ ਨੂੰ ਆਜ਼ਾਦੀ ਦੇ ਰਾਹ ਨਹੀਂ ਪੈਣ ਦੇਂਦੀਆਂ।

**ਗੱਲ ਦਾ ਮੂਲ ਇਹ ਹੈ ਕਿ ਮਨੁੱਖ ਦੀ ਆਜ਼ਾਦੀ ਮਾਇਆ ਦੇ ਨਿਜ਼ਾਮ ਵਿਚ ਸੁਧਾਰ ਕਰਨ ਦਾ ਮਸਲਾ ਨਹੀਂ, ਸਰਮਾਏਦਾਰੀ ਦੇ ਪੈਦਾਵਾਰ ਦੇ ਢੰਗ, ਪੈਦਾਵਾਰ ਦੀ ਵੰਡ, ਉਸ ਦੀ ਸਾਰੀ ਕਲਚਰ ਦੇ ਵਿਰੁਧ ਇਨਕਲਾਬ ਲਿਆਉਣ ਦਾ ਹੈ; ਸਾਰੀ ਤਰਜ਼ੇ-ਜ਼ਿੰਦਗੀ ਨੂੰ ਤੋੜ ਕੇ, ਉਸ ਦੀ ਕਬਰ ਉਤੇ ਦੂਸਰੀ ਤਰਜ਼ੇ-ਜ਼ਿੰਦਗੀ ਨੂੰ ਉਸਾਰਨ ਦਾ ਹੈ।**

ਇਸੇ ਗੱਲ ਦਾ ਦੂਸਰਾ ਪਾਸਾ ਵੀ ਸਾਫ਼ ਹੋਣਾ ਚਾਹੀਦਾ ਹੈ। ਮਨੁੱਖ ਤੇ ਸਮਾਜ ਦਾ ਰਿਸ਼ਤਾ



ਡਾਇਲੈਕਟਿਕ ਹੈ। ਇਕ ਪਾਸੇ ਤੋਂ ਨਿਜ਼ਾਮ ਦੀ ਤੋਰ, ਨਿਜ਼ਾਮ ਦੇ ਸਮਾਜਕ ਰਿਸ਼ਤੇ, ਸੰਸਥਾਵਾਂ, ਕਲਚਰ ਮਨੁੱਖ ਨੂੰ ਆਪਣੇ ਸੱਚੇ ਵਿਚ ਢਾਲਦੇ ਹਨ; ਦੂਸਰੇ ਪਾਸੇ ਤੋਂ ਨਿਜ਼ਾਮ ਤੇ ਉਸ ਦੀ ਤੋਰ ਨੂੰ ਚਲਾਉਂਦਾ ਮਨੁੱਖ ਹੈ। ਮਨੁੱਖ ਆਪਣੇ ਆਚਰਨ, ਆਪਣੀ ਸਮਾਜਕ ਮਨੁੱਖੀ ਕਰਨੀ ਰਾਹੀਂ ਆਪਣਾ ਇਤਿਹਾਸ ਆਪ ਬਣਾਉਂਦਾ ਹੈ। ਜੇ ਕਿਸੇ ਇਨਕਲਾਬੀ ਵਿਚ ਮਾਇਆ ਦੇ ਸਮਾਜ ਦੀ ਪਾਈ ਖ਼ੁਦਗਰਜ਼ੀ ਅਤੇ ਆਪਣੇ ਜਮਾਤੀ ਪੈਂਤੜੇ ਦੇ ਉਤੋਂ ਦੀ ਆਪਣੇ ਵਾਸਤੇ ਤਾਕਤ ਕਾਬੂ ਕਰਨ ਦੀ ਹਵਸ ਦਾ ਬਘਿਆੜਪੁਣਾ ਹੈ, ਦੂਸਰੇ ਲਫ਼ਜ਼ਾਂ ਵਿਚ, ਜਮਾਤੀ ਪੈਂਤੜੇ ਦੇ ਵਿਰੁਧ ਜੇ ਉਸ ਨੂੰ ਨਿੱਜੀ ਲਾਭ ਦਾ ਲਾਲਚ ਹੈ, ਖ਼ੁਦਗਰਜ਼ੀ ਦੀ ਲਾਲਸਾ ਉਸ ਵਿਚ ਬਾਕੀ ਹੈ, ਤਾਂ ਲਾਜ਼ਮੀ ਉਹ ਆਦਮੀ ਇਨਕਲਾਬੀ ਲਹਿਰ ਵਿਚ ਰਲਾ ਪਾਵੇਗਾ। ਇਨਕਲਾਬੀ ਲਹਿਰ, ਸਿੱਟੇ ਵਜੋਂ ਕਮਜ਼ੋਰ ਰਹੇਗੀ, ਇਨਕਲਾਬ ਪਛੜ ਜਾਵੇਗਾ, ਆ ਕੇ ਵੀ ਕੁਰਾਹੇ ਪੈ ਜਾਵੇਗਾ। ਸਮਾਜਕ ਮਨੁੱਖੀ ਜ਼ਿੰਦਗੀ ਵਿਚ ਨਿਰਸੰਦੇਹ ਮਨੁੱਖੀ ਅੰਗ ਦਾ ਹਿੱਸਾ ਹੈ।

ਸਮਾਜ ਵਿਚ ਜੋ ਕੁਛ ਵੀ ਹੁੰਦਾ ਹੈ, ਮਨੁੱਖ ਦੇ ਰਾਹੀਂ ਹੁੰਦਾ ਹੈ। ਮਨੁੱਖ ਕਰਦਾ ਹੈ ਪਦਾਰਥਕ ਹਾਲਾਤ ਦੇ ਪਰਸੰਗ ਵਿਚ, ਮੁਖ਼ਾਤਬ ਉਹ ਹੁੰਦਾ ਹੈ ਪਦਾਰਥਕ ਹਾਲਾਤ ਦੇ ਖੜੇ ਕੀਤੇ ਮਸਲਿਆਂ ਨੂੰ। ਮਨੁੱਖ ਤੋਂ ਬਗ਼ੈਰ ਪਦਾਰਥਕ ਹਾਲਾਤ ਆਪਣੇ ਆਪ ਕੁਛ ਨਹੀਂ ਕਰ ਸਕਦੇ। ਕਰਨ ਵਾਲਾ ਕੈਸਾ ਹੈ—ਇਹ ਬੇਲੋੜਾ ਸਵਾਲ ਨਹੀਂ ਹੈ। ਆਪਣੇ ਜਮਾਤੀ ਪੈਂਤੜੇ ਦੇ ਮੁਤਾਬਕ ਮਨੁੱਖ ਸੁੱਚਾ ਹੈ ਕਿ ਨਹੀਂ—ਇਹ ਬੁਨਿਆਦੀ ਗੱਲ ਹੈ। ਇਹ ਸੱਚਾਈ ਕਦੇ ਵੀ ਅੱਖੋਂ ਓਹਲੇ ਨਹੀਂ ਹੋਣ ਦੇਣੀ ਚਾਹੀਦੀ ਕਿ **ਮਨੁੱਖ ਨੂੰ ਗ਼ੁਲਾਮ ਤੇ ਵਹਿਸ਼ੀ ਬਣਾਉਂਦੀ ਹੈ ਸਮਾਜ ਵਿਚ ਪੈਸੇ ਦੀ ਸਰਦਾਰੀ—ਸਰਮਾਏਦਾਰੀ।** ਮਨੁੱਖ ਉਤੋਂ ਪੈਸੇ ਦੀ ਸਰਦਾਰੀ, ਸਰਮਾਏਦਾਰੀ, ਦੇ ਖ਼ਤਮ ਹੋਣ ਤੋਂ ਬਗ਼ੈਰ ਮਨੁੱਖ ਦੀ ਆਜ਼ਾਦੀ ਵਾਸਤੇ ਹੋਰ ਕੋਈ ਰਾਹ ਨਹੀਂ ਹੈ। ਹੋਰ ਕੋਈ ਰਾਹ ਹੋ ਵੀ ਨਹੀਂ ਸਕਦਾ।

ਜੇ ਕੋਈ ਵਿਚਾਰਧਾਰਾ ਮਨੁੱਖ ਦੀ ਵਹਿਸ਼ਤ ਨੂੰ, ਬਦੀ ਨੂੰ ਕਿਸੇ ਹੋਰ ਦੇ ਮੱਥੇ ਮੜ੍ਹਦੀ ਹੈ ਅਤੇ ਉਸ ਤੋਂ ਪਾਕ ਹੋਣ ਦਾ, ਮਰਦ ਤੇ ਔਰਤ ਦੇ ਆਜ਼ਾਦ ਹੋਣ ਦਾ ਕੋਈ ਹੋਰ ਰਾਹ ਦਸਦੀ ਹੈ, ਸਰਮਾਏਦਾਰੀ ਨੂੰ ਇਨਕਲਾਬੀ ਤੌਰ 'ਤੇ ਮੁਖ਼ਾਤਬ ਹੋਣ ਤੋਂ ਬਗ਼ੈਰ, ਉਸ ਨੂੰ ਪਾਸਾ ਦੇ ਕੇ ਲੰਘ ਜਾਣ ਵਾਲਾ ਕੋਈ ਵੱਖਰਾ ਰਸਤਾ ਵਿਖਾਉਂਦੀ ਹੈ, ਉਹ ਅਚੇਤ ਜਾਂ ਸੁਚੇਤ ਸਰਮਾਏਦਾਰੀ ਦੇ ਰੈਸ਼ਨੇਲ ਨੂੰ ਹੀ ਪ੍ਰਗਟਾਉਂਦੀ ਹੈ। ਸਰਮਾਏਦਾਰੀ ਦੀ ਹੀ ਸਹਾਇਕ ਹੈ।

ਸਰਮਾਏਦਾਰੀ ਵਿਚ ਮਰਦ ਹਾਬੜਿਆ ਹੋਇਆ ਹੈ, ਔਰਤ ਹਾਬੜੀ ਹੋਈ ਹੈ। ਉਹਨਾਂ ਦੀ ਜਿਨਸ (ਸੈਕਸ) ਹਾਬੜੀ ਹੋਈ ਹੈ, ਕਾਮ ਤੇ ਲਚਰਪੁਣਾ ਬਣੀ ਹੋਈ ਹੈ।

ਸਰਮਾਏਦਾਰੀ ਨਿਜ਼ਾਮ ਵਿਚਲੀ ਜਿਨਸ ਦੀ ਦਸ਼ਾ ਤੋਂ ਇਹ ਨਤੀਜਾ ਕੱਢ ਲੈਣਾ ਕਿ ਜਿਨਸ ਬਤੌਰ ਜਿਨਸ ਵਹਿਸ਼ਤ ਹੈ, ਗਿਰਾਵਟ ਹੈ, ਬਿਲਕੁਲ ਗ਼ਲਤ ਹੈ। ਦੂਸਰੇ ਪਾਸੇ, ਇਸ ਨਾਲੋਂ ਵੀ ਵਡੇਰੀ ਗ਼ਲਤੀ ਭ੍ਰਿਸ਼ਟੀ ਤੇ ਵਹਿਸ਼ੀ ਬਣੀ ਜਿਨਸ ਨੂੰ ਪਰਵਾਨ ਕਰਕੇ ਉਸ ਨੂੰ ਠੀਕ ਤੇ ਕੁਦਰਤੀ ਮੰਨ ਲੈਣਾ ਹੈ। ਮਸਲਾ ਮਨੁੱਖ ਤੇ ਮਨੁੱਖੀ ਜ਼ਿੰਦਗੀ ਤੋਂ ਮਾਯੂਸ ਹੋਣ ਦਾ ਨਹੀਂ। ਮਨੁੱਖ ਬਤੌਰ ਮਨੁੱਖ, ਆਪਣੇ ਅਸਲੀ ਰੂਪ ਵਿਚ ਉਤਮ ਹੈ। ਸਮਾਜਕ ਮਨੁੱਖੀ ਜ਼ਿੰਦਗੀ ਬਤੌਰ ਜ਼ਿੰਦਗੀ ਨਿਆਮਤ ਹੈ, ਦੁਰਲਭ ਹੈ। ਸਵਾਲ ਮਾਇਆ ਦੇ ਅਧੀਨ ਹੋਣ ਕਰਕੇ ਭ੍ਰਿਸ਼ਟੇ ਗਏ ਮਨੁੱਖ ਤੇ ਭ੍ਰਿਸ਼ਟੀ ਗਈ ਸਮਾਜਕ ਮਨੁੱਖੀ ਜ਼ਿੰਦਗੀ ਦੇ ਖ਼ਿਲਾਫ਼ ਜਹਾਦ ਕਰਨ ਦਾ ਹੈ। ਏਸੇ ਹੀ ਤਰ੍ਹਾਂ, **ਸਵਾਲ ਜਿਨਸ ਤੋਂ ਬਤੌਰ ਜਿਨਸ ਦੇ ਮੂੰਹ ਮੋੜਨ ਦਾ ਨਹੀਂ; ਉਸ ਦੀ ਕਾਇਆਂ ਪਲਟਣ ਦਾ ਹੈ, ਭ੍ਰਿਸ਼ਟੀ**

ਹੋਈ ਜਿਨਸ ਨੂੰ ਮੁੜ ਮਨੁੱਖੀ ਬਣਾਉਣ ਦਾ, ਉਸ ਦੇ ਅਸਲੀ ਰੂਪ ਵਿਚ ਉਸ ਨੂੰ ਮੁੜ ਵਾਪਸ ਲਿਆਉਣ ਦਾ ਹੈ। ਮਸਲਾ ਸਾਰਾ ਹੁਣ ਵਾਲੀ ਤਰਜ਼ੇ-ਜ਼ਿੰਦਗੀ ਨੂੰ ਖ਼ਤਮ ਕਰਕੇ, ਨਵੀਂ, ਮਨੁੱਖੀ ਤੇ ਆਜ਼ਾਦ ਤਰਜ਼ੇ-ਜ਼ਿੰਦਗੀ ਨੂੰ ਉਸਾਰਨ ਦਾ ਹੈ।

ਸਮਾਜਕ ਮਨੁੱਖੀ ਜ਼ਿੰਦਗੀ ਆਪਣੇ ਅਸਲੀ ਸਹੀ ਰੂਪ ਵਿਚ ਹੋਵੇ, ਤਾਂ ਜ਼ਿੰਦਗੀ ਦਾ ਕੇਂਦਰ ਮਨੋਰਥ, ਮਨੁੱਖ ਹੁੰਦਾ ਹੈ। ਮਨੁੱਖ ਹਰ ਚੀਜ਼ ਦਾ ਮਾਪ ਹੈ। ਹੋਰ ਸਭ ਚੀਜ਼ਾਂ ਇਸ ਦੀ ਸਫਲਤਾ ਦਾ ਵਸੀਲਾ ਹਨ। ਜਿਸ ਜਿਨਸ ਵਿਚੋਂ, ਹਰ ਚੀਜ਼ ਦਾ ਮਾਪ—ਮਨੁੱਖ—ਪੈਦਾ ਹੁੰਦਾ ਹੈ, ਉਹ ਅਪਵਿੱਤਰ ਕਿਸ ਤਰ੍ਹਾਂ ਹੋ ਸਕਦੀ ਹੈ ? ਆਪਣੇ ਅਸਲੀ ਰੂਪ ਵਿਚ ਜਿਨਸ ਪਵਿੱਤਰ ਚੀਜ਼ ਹੈ। ਉਸ ਰੂਪ ਵਿਚ ਇਸ ਵਿਚ ਨਾ ਕੋਈ ਗੰਦਗੀ ਹੈ, ਨਾ ਗਿਰਾਵਟ ਹੈ। ਜਿਨਸੀ ਜਜ਼ਬਾ ਪਵਿੱਤਰ ਜਜ਼ਬਾ ਹੈ। ਇਸ ਜਜ਼ਬੇ ਦੇ ਆਧਾਰ ਉਤੇ ਔਰਤ ਤੇ ਮਰਦ ਦਾ, ਪਤੀ ਪਤਨੀ ਦਾ, ਆਸ਼ਕ ਮਾਸ਼ੂਕ ਦਾ, ਸਭ ਰਿਸ਼ਤਿਆਂ ਨਾਲੋਂ ਨੇੜੇ ਦਾ, ਸਭ ਮਨੁੱਖੀ ਰਿਸ਼ਤਿਆਂ ਨਾਲੋਂ ਕੁਦਰਤੀ ਤੇ ਪਵਿੱਤਰ ਰਿਸ਼ਤਾ ਉਸਰਦਾ ਹੈ। ਇਹ ਰਿਸ਼ਤਾ ਔਰਤ ਤੇ ਮਰਦ, ਦੋਹਾਂ ਦੀ ਸਵੈ-ਸਫਲਤਾ ਤੇ ਸਵੈ-ਪੂਰਨਤਾ ਵਾਸਤੇ ਅਹਿਮ ਰਿਸ਼ਤਾ ਹੈ। ਇਸ ਰਿਸ਼ਤੇ ਦੇ ਸਫ਼ਲ ਹੋਣ ਤੋਂ ਬਗ਼ੈਰ, ਔਰਤ ਤੇ ਮਰਦ ਦੋਵੇਂ ਹੀ ਅਧੂਰੇ ਰਹਿੰਦੇ ਹਨ। ਆਪਣੇ ਅਸਲੀ ਰੂਪ ਵਿਚ ਲਿੰਗ-ਤ੍ਰਿਪਤੀ ਪਵਿੱਤਰ ਸਵਾਦ ਹੈ, ਮਨੁੱਖ ਦੀ ਸਫ਼ਲਤਾ ਦਾ ਵਸੀਲਾ ਹੈ, ਜ਼ਿੰਦਗੀ ਦੀ ਇਕ ਨਿਆਮਤ ਹੈ। ਕੋਈ ਕਾਰਨ ਨਹੀਂ ਕਿ ਕਿਸੇ ਔਰਤ ਤੇ ਮਰਦ ਨੂੰ ਇਸ ਮਨੁੱਖੀ ਲਿੰਗ-ਤ੍ਰਿਪਤੀ ਤੋਂ ਵਾਂਝਿਆ ਰਖਿਆ ਜਾਏ।

ਔਰਤ ਇਨਸਾਨ ਹੈ, ਮਨੁੱਖ ਜ਼ਾਤ ਹੈ। ਆਜ਼ਾਦ ਹੋਈ ਔਰਤ ਹਰ ਚੀਜ਼ ਦਾ ਮਾਪ ਹੈ। ਇਸ ਤੋਂ ਉਪਰੰਤ ਇਸ ਦਾ ਮਾਂ ਹੋਣਾ ਇਸ ਦਾ ਹੋਰ ਸੁਭਾਅ ਹੈ। ਜਿਸ ਕੁੱਖ ਵਿਚੋਂ ਹਰ ਚੀਜ਼ ਦਾ ਮਾਪ—ਇਨਸਾਨ ਦਾ ਬੱਚਾ—ਪੈਦਾ ਹੁੰਦਾ ਹੈ ਉਸ ਨੂੰ ਮੰਦਾ ਕਹਿਣਾ ਵਿਗੜੀ ਹੋਈ, ਪੁੱਠੀ ਵਗਦੀ ਸੋਚ ਦੀ ਕਾਢ ਹੈ। ਜਦੋਂ ਔਰਤ ਦੀ ਕੁੱਖ ਹਰੀ ਹੁੰਦੀ ਹੈ, ਫਲਦੀ ਹੈ, ਉਹ ਸਰੀਰਕ ਤੌਰ 'ਤੇ ਹੀ ਸਫਲ ਤੇ ਸੰਪੂਰਨ ਨਹੀਂ ਹੁੰਦੀ, ਮਨੋਵਿਗਿਆਨਕ ਤੇ ਮਨੁੱਖੀ ਤੌਰ 'ਤੇ ਵੀ ਪ੍ਰਫੁਲਤ ਹੁੰਦੀ ਹੈ। ਜਿਸ ਤਰ੍ਹਾਂ ਮਨੁੱਖ ਸੋਚ ਤਾਂ ਹੀ ਸਕਦਾ ਹੈ ਜੇ ਉਹ ਖਾਂਦਾ ਪੀਂਦਾ, ਸਰੀਰਕ ਤੌਰ 'ਤੇ ਜੀਊਂਦਾ ਹੋਵੇ, ਇਸ ਤਰ੍ਹਾਂ ਹੀ ਮਨੁੱਖਜਾਤੀ ਅਤੇ ਸਮਾਜ ਦੇ ਤੁਰੇ ਜਾਣ ਵਾਸਤੇ ਬੱਚਿਆਂ ਦਾ ਜਨਮ ਹੁੰਦੇ ਜਾਣਾ ਜ਼ਰੂਰੀ ਹੈ। ਮਨੁੱਖ ਜੰਮੇ, ਜੀਵੇ, ਵਿਕਾਸ ਕਰੇ, ਤਾਂ ਹੀ ਉਸ ਦੀ ਜ਼ਿੰਦਗੀ ਦੇ ਮਸਲੇ ਖੜੇ ਹੁੰਦੇ ਹਨ, ਤਾਂ ਹੀ ਉਹਨਾਂ ਦਾ ਹੱਲ ਹੁੰਦਾ ਹੈ।

ਬੱਚੇ ਦਾ ਜਨਮ ਪਵਿੱਤਰ ਚੀਜ਼ ਹੈ; ਉਸ ਨੂੰ ਜਣਨਾਂ ਔਰਤ ਦਾ ਸਭ ਨਾਲੋਂ ਉਤਮ, ਪਵਿੱਤਰ ਤੇ ਲਾਜ਼ਮੀ ਅਮਲ ਹੈ। ਇਸ ਅਮਲ ਨਾਲ ਔਰਤ ਪ੍ਰਫੁਲਤ ਤੇ ਸੰਪੂਰਨ ਹੁੰਦੀ ਹੈ। ਔਰਤ ਦੀ ਇਸ ਦਸ਼ਾ ਵਿਚ ਸੰਭਾਲ-ਸਫ਼ਾਈ ਅਤੇ ਸਿਹਤ ਦੀ ਰਖਿਆ ਕਰਨੀ ਮੈਡੀਕਲ ਸਾਇੰਸ ਦਾ ਲਾਜ਼ਮੀ ਫ਼ਰਜ਼ ਹੈ। ਗੁਲਾਮ ਸਮਾਜ ਵਿਚ ਮਾਂ-ਪੁਣੇ ਨਾਲ, ਜੋ ਗੁਲੱਮ ਚੰਬੜਿਆ ਹੋਇਆ ਹੈ, ਉਸ ਦਾ ਖ਼ਤਮ ਹੋਣਾ ਵੀ ਜ਼ਰੂਰੀ ਹੈ। ਆਦਮ ਦੇ ਬੱਚੇ ਨੂੰ ਪਹਿਲਾਂ ਆਪਣੀ ਕੁੱਖ ਵਿਚ ਪਾਲਣ ਤੇ ਫੇਰ ਜਨਮ ਦੇ ਕੇ, ਆਪਣੇ ਦੁੱਧ ਦੇ ਨਾਲ ਮਨੁੱਖੀ ਪਿਆਰ ਦਾ ਦੁੱਧ ਚੁੰਘਾ ਕੇ, ਮਨੁੱਖੀ ਰਿਸ਼ਤਿਆਂ ਤੇ ਉਹਨਾਂ ਦੀਆਂ ਸੰਭਾਵਨਾਵਾਂ ਦਾ, ਬੱਚੇ ਦੇ ਅਚੇਤ ਨੂੰ ਹੀ—ਉਸ ਦੀ ਜ਼ਬਾਨ ਦੇ ਬੋਲਣ ਅਤੇ ਸੋਚ ਦੇ ਜਾਗਣ ਤੋਂ ਪਹਿਲਾਂ ਹੀ—ਅਹਿਸਾਸ ਕਰਾਉਣ ਅਤੇ ਇਸ ਪਿਆਰ ਦੇ ਦਿਤੇ, ਅਤੁੱਟ ਵਿਸ਼ਵਾਸ ਨਾਲ, ਜ਼ਿੰਦਗੀ ਦੀ ਸੜਕ ਉਤੇ ਨਿਧੜਕ ਤੁਰਨ ਦਾ ਉਸ ਨੂੰ ਸਵੈ-ਵਿਸ਼ਵਾਸ ਦੇਣ ਨਾਲੋਂ ਜ਼ਿੰਦਗੀ ਦਾ ਕੋਈ ਹੋਰ ਕੰਮ ਵਧੇਰੇ ਮਨੁੱਖੀ ਹੋ ਸਕਦਾ ਹੈ ? ਜਿਸ ਮਨੁੱਖ ਵਾਸਤੇ ਜ਼ਿੰਦਗੀ ਦਾ, ਸਮਾਜ ਦਾ ਤੇ ਸਭਿਅਤਾ ਦਾ



ਸਭ ਅਮਲਾ-ਫੈਲਾ ਹੈ, ਉਸ ਨੂੰ ਜਨਮ ਦੇਣਾ, ਸਰੀਰਕ, ਮਾਨਸਕ ਤੇ ਰੂਹਾਨੀ ਤੌਰ 'ਤੇ ਉਸ ਨੂੰ ਆਪਣਿਆਂ ਪੈਰਾਂ 'ਤੇ ਖਲਿਹਾਰਨਾ ਕੋਈ ਦੋਮ ਦਰਜੇ ਦਾ ਕੰਮ ਨਹੀਂ। ਬੱਚੇ ਦੀ ਸ਼ਖ਼ਸੀਅਤ ਦਾ ਬੁਨਿਆਦੀ ਪੈਟਰਨ, ਸਮਾਜ ਦੀ ਕਲਚਰ ਦੇ ਆਮ ਸੱਚੇ ਵਿਚ, ਮਾਂ ਦੇ ਹੱਥਾਂ ਵਿਚ ਹੀ ਬਣ ਜਾਂਦਾ ਹੈ; ਬੋਲੀ ਆਦਿ ਸਿਖਣ ਦੀ, ਉਸ ਦੀ ਬਾਇਓਲੋਜੀ ਦੀ ਦਿਤੀ ਸਿਖਲਾਈ ਵੀ ਪਹਿਲੇ ਬਾਰਾਂ ਤਰ੍ਹਾਂ ਸਾਲਾਂ ਵਿਚ ਹੋ ਜਾਂਦੀ ਹੈ। ਔਰਤ ਦੇ ਮਾਂ-ਪੁਣੇ ਦੇ ਕਰਤੱਵ ਨੂੰ ਪਿਛੇ ਪਾ ਦੇਣਾ, ਖੇਹ ਵਿਚ ਰਲਾ ਦੇਣਾ, ਜਿਸ ਤਰ੍ਹਾਂ ਕਿ ਸਰਮਾਏਦਾਰੀ ਨੇ ਕੀਤਾ ਹੋਇਆ ਹੈ, ਉਸ ਦੀ ਸ਼ਖ਼ਸੀਅਤ ਨੂੰ ਮੁੱਢੋਂ ਹੀ ਛਾਂਗ ਸੁੱਟਣ ਵਾਲੀ ਗੱਲ ਹੈ। ਜਿਸ ਤਰ੍ਹਾਂ ਔਰਤ ਤੇ ਮਰਦ—ਦੋਹਾਂ ਦੀ ਸਫ਼ਲਤਾ ਵਾਸਤੇ ਜਿਨਸੀ ਰਿਸ਼ਤੇ ਦਾ ਸਫ਼ਲ ਹੋਣਾ ਜ਼ਰੂਰੀ ਹੈ, ਇਸ ਤਰ੍ਹਾਂ ਹੀ ਮਾਂ-ਪੁਣੇ ਵਿਚ ਸਫ਼ਲਤਾ ਔਰਤ ਦੀ ਸੰਪੂਰਨਤਾ ਦਾ ਲਾਜ਼ਮੀ ਅੰਗ ਹੈ। ਇਸ ਦਾ ਮਤਲਬ ਇਹ ਨਹੀਂ ਕਿ ਔਰਤ ਦੀ ਸ਼ਖ਼ਸੀਅਤ ਸਿਰਫ਼ ਮਾਂ-ਪੁਣੇ ਤਕ ਹੀ ਮਹਿਦੂਦ ਹੈ। ਉਹ ਮਰਦ ਵਾਂਗ ਦਿਲ ਦਿਮਾਗ਼ ਰਖਦੀ ਹੈ। ਮਰਦ ਦੇ ਵਾਂਗ ਹੀ ਔਰਤ ਅੰਦਰ ਵੀ ਸ਼ਕਤੀਆਂ ਤੇ ਉਹਨਾਂ ਦੇ ਵਿਕਾਸ ਦੀਆਂ ਸੰਭਾਵਨਾਵਾਂ ਹਨ। ਉਹ ਸਭਿਅਤਾ ਤੇ ਕਲਚਰ ਦੇ ਕੰਮ ਵਿਚ ਮਰਦ ਦੇ ਸਾਵੀਂ ਹੈ। ਮਾਂ-ਪੁਣਾ ਔਰਤ ਦੀ ਸ਼ਖ਼ਸੀਅਤ ਦਾ ਮਰਦ ਦੀ ਸ਼ਖ਼ਸੀਅਤ ਨਾਲੋਂ ਇਕ ਵਧ ਪਹਿਲੂ ਹੈ (ਇਕ ਹੋਰ ਡਾਈਮੈਨਸ਼ਨ)। ਸਮਾਜ ਦੇ ਕੰਮ ਦੇ ਆਜ਼ਾਦ ਹੋਣ ਦੀ ਵਿਆਖਿਆ ਹੋ ਚੁਕੀ ਹੈ। ਉਸ ਦੀ ਆਜ਼ਾਦੀ ਔਰਤ ਨੂੰ ਉਸ ਤਰ੍ਹਾਂ ਹੀ ਲਾਗੂ ਹੈ ਜਿਸ ਤਰ੍ਹਾਂ ਮਰਦ ਨੂੰ। ਇਥੇ ਵਿਚਾਰ ਸ਼ਖ਼ਸੀਅਤ ਦੇ ਜਿਨਸੀ-ਪੱਖ ਬਾਰੇ ਹੈ।

ਜਿਨਸ ਦੇ ਆਜ਼ਾਦ ਹੋਣ ਦਾ ਕੀ ਮਤਲਬ ਹੈ ? **ਜਿਨਸ ਦੇ ਆਜ਼ਾਦ ਹੋਣ ਦਾ ਮਤਲਬ ਉਹ ਹੀ ਹੈ ਜੋ ਮਨੁਖ ਦੇ ਆਜ਼ਾਦ ਹੋਣ ਦਾ ਹੈ—ਮਾਇਆ ਦੇ ਬੰਧਨ ਵਿਚੋਂ ਨਿਕਲਣਾ, ਆਪਣੇ ਉਤੋਂ ਪੈਸੇ ਦੀ ਸਰਦਾਰੀ ਨੂੰ ਖ਼ਤਮ ਕਰਨਾ। ਦੂਸਰੇ ਲਫ਼ਜ਼ਾਂ ਵਿਚ ਮਨੁੱਖੀ ਹੋਣਾ।** ਜਿਸ ਦੇ ਮਨ ਵਿਚ ਮਾਇਆ ਦਾ ਮੋਹ, ਦੌਲਤ ਦੀ ਖਿੱਚ ਹੈ, ਜਿਸ ਦੇ ਮਨ ਵਿਚ ਇਨਸਾਨ ਦੀ ਖਿੱਚ ਦੌਲਤ ਦੀ ਖਿੱਚ ਨੂੰ ਨਾਸ ਨਹੀਂ ਕਰਦੀ, ਦੌਲਤ ਨੂੰ ਆਪਣਾ ਵਸੀਲਾ ਨਹੀਂ ਸਗੋਂ ਮਨੋਰਥ ਬਣਾਉਂਦੀ ਹੈ, ਜਿਸ ਦੇ ਮਨ ਵਿਚ ਮਾਇਆ ਦੇ ਪਾਏ ਖ਼ੁਦਗਰਜ਼ੀ ਤੇ ਲਾਲਚ ਆਦਿ ਮਨੋਰਥ ਹਨ, ਉਹ ਮਨੁੱਖੀ ਨਾ ਆਪ ਆਜ਼ਾਦ ਹੈ, ਨਾ ਉਸ ਦੀ ਜਿਨਸ। ਮਾਇਆ ਦੇ ਮੋਹ ਤੇ ਖ਼ੁਦਗਰਜ਼ੀ, ਲਾਲਚ ਆਦਿ ਦੇ ਹੋਣ ਦਾ ਮਤਲਬ ਹੈ ਕਿ ਉਹ ਅਖੌਤੀ ਪਿਆਰ ਰਾਹੀਂ ਪੈਸਾ ਚਾਹੁੰਦਾ ਹੈ, ਪੈਸੇ ਦੀ ਬਣਾਈ ਪੁਜ਼ੀਸ਼ਨ ਦਾ ਨਿੱਘ ਲੈਣ ਨੂੰ ਤਾਂਘਦਾ ਹੈ, ਦੌਲਤ ਤੇ ਪਦਾਰਥਾਂ ਦੀ ਲਿਸ਼ਕ ਪੁਸ਼ਕ ਨਾਲ ਲਿਸ਼ਕਣਾ ਲੋਚਦਾ ਹੈ। ਜੇ ਅਜਿਹੇ ਮਨੁੱਖ ਦੀ ਹਵਸ ਪੈਸੇ ਨਾਲ ਸਿੱਧੀ ਸੰਬੰਧਤ ਨਾ ਵੀ ਹੋਵੇ, ਤਾਂ ਵੀ ਇਹ ਹਵਸ ਮਨੁੱਖਤਾ ਦੀ ਪੱਧਰ 'ਤੇ ਅਗਲੇ ਨਾਲ ਪ੍ਰਸਪਰ ਪਿਆਰ ਦੇ ਰਿਸ਼ਤੇ ਤੋਂ ਬਗ਼ੈਰ ਉਸ ਦੇ ਹੁਸਨ ਨੂੰ ਲੁਟਣ ਦੀ ਹਵਸ ਹੀ ਹੁੰਦੀ ਹੈ। ਅਗਲੇ ਨੂੰ ਇਨਸਾਨ ਦੇ ਪੱਧਰ ਤੋਂ ਗਿਰਾ ਕੇ, ਵਸਤੂ ਸਮਝ ਕੇ, ਉਸ ਤੇ ਕਬਜ਼ਾ ਮਾਰਨ ਦੀ ਲਾਲਸਾ ਹੁੰਦੀ ਹੈ। ਐਸੀ ਜ਼ਹਿਨੀਅਤ ਨਾ ਆਪ ਇਨਸਾਨੀ ਹੈ ਤੇ ਨਾ ਅਗਲੇ ਨੂੰ ਇਨਸਾਨ ਰਹਿਣ ਦੇਂਦੀ ਹੈ। ਐਸੀ ਜਿਨਸੀ-ਖਿੱਚ ਪਿਆਰ ਨਹੀਂ, ਕਬਜ਼ੇ ਦੀ ਹਵਸ ਹੈ, ਪਿਆਰ ਤੋਂ ਓਪਰੇ, ਉਸ ਦੇ ਵਿਰੋਧੀ ਮਨੋਰਥਾਂ ਦਾ ਇਜ਼ਹਾਰ, ਉਹਨਾਂ ਦਾ ਵਸੀਲਾ ਹੈ। ਐਸਾ ਪਿਆਰ, ਪਿਆਰ ਨਹੀਂ, ਮੁਲੰਮਾ ਹੈ, ਲਫ਼ਾਫ਼ੇਬਾਜ਼ੀ ਹੈ। ਐਸੇ ਪਿਆਰ ਵਿਚ ਦਿਆਨਤਦਾਰੀ ਨਹੀਂ ਹੁੰਦੀ। ਉਤੋਂ ਵਿਖਾਵਾ ਹੋਰ ਤੇ ਵਿਚੋਂ ਉਸ ਦਾ ਅਸਲਾ ਹੋਰ ਹੁੰਦਾ ਹੈ।

(ਚਲਦਾ)

ਡਾ: ਵਿਜੈ ਚੰਦਰ ਪ੍ਰਸਾਦ ਚੌਧਰੀ

# ਭਾਰਤੀ ਇਤਿਹਾਸ : ਸਵਾਰਥ-ਪੂਰਤੀ ਦਾ ਵਸੀਲਾ ਜਾਂ ਲੋਕ-ਜੀਵਨ ਦਾ ਯਥਾਰਥ ਪ੍ਰਤਿਬਿੰਬ ?

ਮੌਜੂਦਾ ਰਾਜਸੀ ਹਲਚਲ ਦੇ ਨਾਲ ਨਾਲ ਅਜ ਦੇਸ਼ ਅੰਦਰ ਸੋਚਣ-ਢੰਗ ਵਿਚ ਵੀ ਨਵਾਂ ਮੋੜ ਆਇਆ ਹੈ ਅਤੇ ਭਾਰਤੀ ਇਤਿਹਾਸ ਦਿਲਚਸਪ ਪਰ ਖ਼ਤਰਨਾਕ ਤੌਰ ਉਤੇ ਬੈਹਸ ਦਾ ਵਿਸ਼ਾ ਬਣ ਗਿਆ ਹੈ। ਪ੍ਰਧਾਨ ਮੰਤਰੀ ਦੇ ਸਕੱਤਰੇਤ ਦੀ ਇਕ ਟਿਪਣੀ ਵਿਚ ਬੈਹਸ ਨੂੰ ਮੌਜੂਦਾ ਮਾਹੌਲ ਦੇ ਸਿੱਟੇ ਵਜੋਂ ਪੇਸ਼ ਕੀਤਾ ਗਿਆ ਹੈ। ਇਸ ਲਈ ਇਸ ਟਿਪਣੀ ਦੀ ਅਸਲੀਅਤ ਦੀ ਪੂਰੀ ਜਾਣਕਾਰੀ ਅਤੇ ਉਸ ਦੀ ਆਲੋਚਨਾ ਇਸ ਪ੍ਰਸੰਗ ਵਿਚ ਜ਼ਰੂਰੀ ਪ੍ਰਤੀਤ ਹੁੰਦੀ ਹੈ।

**ਗੁਮਨਾਮ ਟਿਪਣੀ :** ਕਿਹਾ ਜਾਂਦਾ ਹੈ ਕਿ ਜਨਤਾ ਪਾਰਟੀ ਦੇ ਸਾਬਿਕ ਜਨਸੰਘੀ ਨੇਤਾ ਸ਼੍ਰੀ ਨਾਨਾਜੀ ਦੇਸ਼ਮੁਖ ਨੇ ਪ੍ਰਧਾਨ ਮੰਤਰੀ ਨੂੰ ਇਕ ਗੁਮਨਾਮ ਟਿਪਣੀ ਪੇਸ਼ ਕੀਤੀ ਹੈ, ਜਿਸ ਵਿਚ ਇਤਿਹਾਸ ਦੀਆਂ ਕੁਝ ਪੁਸਤਕਾਂ, ਇਤਿਹਾਸਕਾਰਾਂ ਅਤੇ ਸੰਸਥਾਵਾਂ ਉਤੇ ਇਲਜ਼ਾਮ ਲਗਾਏ ਗਏ ਹਨ ਅਤੇ ਫ਼ੌਰੀ ਤੌਰ ਉਤੇ ਸਰਕਾਰੀ ਪਧਰ 'ਤੇ ਪੁਛ-ਤਾਛ ਕਰਨ ਦੀ ਮੰਗ ਕੀਤੀ ਗਈ ਹੈ। ਹੇਠ ਲਿਖੀਆਂ ਪੁਸਤਕਾਂ ਤੇ ਇਨ੍ਹਾਂ ਦੇ ਲੇਖਕਾਂ 'ਤੇ ਗੁੱਸਾ ਕਢਿਆ ਗਿਆ ਹੈ : **ਮੱਧਕਾਲੀਨ ਭਾਰਤ :** ਰੋਮਿਲਾ ਥਾਪਰ, **ਆਧੁਨਿਕ ਭਾਰਤ :** ਬਿਪਿਨ ਚੰਦਰ; **ਸਵਤੰਤਰਤਾ ਸੰਗ੍ਰਾਮ :** ਅਮਲੇਸ਼ ਤ੍ਰਿਪਾਠੀ, ਬਰੁਣ ਡੇ ਤੇ ਬਿਪਿਨ ਚੰਦਰ ਅਤੇ **ਸੰਪਰਦਾਇਕਤਾ ਅਤੇ ਭਾਰਤੀ ਇਤਿਹਾਸ-ਲੇਖਨ :** ਰੋਮਿਲਾ ਥਾਪਰ, ਹਰਿਵੰਸ਼ ਮੁਖੀਆ ਤੇ ਬਿਪਿਨ ਚੰਦਰ । ਜਿੰਨਾ ਸੰਸਥਾਵਾਂ ਨੂੰ ਬੈਹਸ ਦਾ ਵਿਸ਼ਾ ਬਣਾਇਆ ਗਿਆ ਹੈ, ਉਨ੍ਹਾਂ ਦੇ ਨਾਂ ਹਨ :— ਐਨ. ਸੀ. ਈ. ਆਰ. ਟੀ. ਆਈ. ਸੀ. ਐਚ. ਆਰ, ਯੂ. ਜੀ. ਸੀ, ਸੀ. ਐਸ. ਆਈ. ਆਰ, ਆਈ. ਸੀ. ਐਸ. ਐਸ. ਆਰ, ਇੰਡੀਅਨ ਇਨਸਟੀਚਯੂਟ ਆਫ਼ ਐਡਵਾਂਸ ਸਟੱਡੀਜ਼, ਸ਼ਿਮਲਾ ਅਤੇ ਇੰਡੀਅਨ ਇਨਸਟੀਚਯੂਟ ਆਫ਼ ਸੋਸ਼ਲ ਸਾਇੰਸਿਜ਼, ਕਲਕੱਤਾ।

ਪੇਸ਼ ਟਿਪਣੀ ਵਿਚ ਲੇਖਕ ਅਤੇ ਸੰਸਥਾਵਾਂ ਦੇ ਉਪਰ, ਬੈਹਸ ਵਿਚ, ਰੋਸ਼ਨੀ ਨਹੀਂ ਪਾਈ ਗਈ। ਟਿਪਣੀ ਵਿਚ ਇਨ੍ਹਾਂ ਦੀ ਮੁਖ਼ਾਲਫ਼ਤ ਇਸ ਲਈ ਕੀਤੀ ਗਈ ਹੈ ਕਿ ਲੇਖਕ ਜਾਂ ਪਦ-ਅਧਿਕਾਰੀ ਕਿਸੀ ਖ਼ਾਸ ਵਿਚਾਰਧਾਰਾ ਦੇ ਹਨ ਅਤੇ ਉਪਰੋਕਤ ਪੁਸਤਕਾਂ ਦੇ ਪ੍ਰਚਾਰ ਲਈ, ਪ੍ਰਕਾਸ਼ਨ ਅਤੇ ਅਨੁਵਾਦ ਦੇ ਨਾਲ ਨਾਲ ਇਨ੍ਹਾਂ ਨੂੰ ਪਾਠ-ਪੁਸਤਕਾਂ ਦੇ ਤੌਰ ਉਤੇ ਲਗਾਉਣ ਵਿਚ ਸਹਿਯੋਗ ਦੇ ਰਹੇ ਹਨ। ਇਹ ਖ਼ਤਰਨਾਕ ਮਾਮਲਾ ਜਟਿਲ ਰੂਪ ਧਾਰਨ ਕਰਦਾ ਜਾ ਰਿਹਾ ਹੈ। ਬਿਹਾਰ ਵਿਚ, ਨੌਂ ਅਗਸਤ 1977 ਨੂੰ ਵਿਦਿਆਰਥੀਆਂ ਜਲੂਸ ਕਢਿਆ, ਜਿਸ ਵਿਚ ਇਨ੍ਹਾਂ ਪੁਸਤਕਾਂ ਉਤੇ ਲਾਈ ਜਾ ਰਹੀ ਪਾਬੰਦੀ ਹਟਾਉਣ ਦੀ ਮੰਗ ਕੀਤੀ ਗਈ,(ਇੰਡੀਅਨ ਨੇਸ਼ਨ, 10 ਅਗਸਤ, 77)। ਇਸੀ ਪ੍ਰਕਾਰ ਜਵਾਹਰਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਇਕਮੁਠ ਹੋ ਕੇ ਇਸ ਪਾਬੰਦੀ ਨੂੰ ਲੋਕ-ਵਿਰੋਧੀ ਅਤੇ ਬੁਧੀਮਾਨਤਾ ਦੇ ਚਰਿਤਰ ਦੇ ਉਲਟ ਕਰਾਰ ਦਿਤਾ ਹੈ। (ਹਿੰਦੁਸਤਾਨ ਟਾਈਮਜ਼, 15 ਅਗਸਤ, 77)। ਤਕਰੀਬਨ ਸਭੀ



ਭਾਰਤੀ ਅਖ਼ਬਾਰਾਂ ਤੇ ਪੱਤਰਕਾਵਾਂ ਨੇ ਇਸ ਉਪਰ ਟਿਪਣੀ ਦਿੱਤੀ ਹੈ ਅਤੇ ਬਹੁਤਿਆਂ ਨੇ ਇਸ ਹੁਕਮ ਦਾ ਵਿਰੋਧ ਕੀਤਾ ਹੈ। ਰਾਜ ਸਭਾ ਵਿਚ ਇਸ ਵਿਸ਼ੇ ਉਪਰ ਬੈਹਸ ਦੇ ਦੌਰਾਨ ਡਾ: ਵੀ. ਪੀ. ਦੱਤ ਨੇ ਵਿਦਿਆ ਮੰਤਰੀ ਤੋਂ ਮੰਗ ਕੀਤੀ ਹੈ ਕਿ ਉਹ ਪ੍ਰਧਾਨ ਮੰਤਰੀ ਦੇ ਸਕੱਤਰੇਤ ਤੋਂ ਭੇਜੀ ਗਈ ਉਸ ਗੁਮਨਾਮ ਟਿਪਣੀ ਵਿਚਲੀਆਂ ਸਿਫ਼ਾਰਸ਼ਾਂ ਉਤੇ ਕੋਈ ਅਮਲ ਨਾ ਕਰਨ ਅਤੇ ਡਾ: ਜ਼ੈਡ. ਏ. ਅਹਿਮਦ ਨੇ ਇਤਿਹਾਸ ਵਿਚ ਫ਼ਿਰਕਾਪ੍ਰਸਤੀ ਅਤੇ ਜਾਤ-ਪਾਤ ਨੂੰ ਬੜ੍ਹਾਵਾ ਦੇਣ ਵਾਲਿਆਂ ਦੇ ਖ਼ਿਲਾਫ਼ ਰਾਸ਼ਟਰੀ ਪਧਰ 'ਤੇ ਮੁਹਿਮ ਚਲਾਉਣ ਦੀ ਸਿਫ਼ਾਰਸ਼ ਕੀਤੀ ਹੈ। (ਟਾਈਮਜ਼ ਆਫ਼ ਇੰਡੀਆ, 30 ਜੁਲਾਈ, 77)। ਵਿਰੋਧ ਵਿਚ ਥਾਂ ਪਰ ਥਾਂ ਵਿਚਾਰ ਗੋਸ਼ਟੀਆਂ ਕਰਵਾਈਆਂ ਜਾ ਰਹੀਆਂ ਹਨ।

**ਬੈਹਸ ਦਾ ਮੁਦਾਅ :** ਸਵਾਲ ਪੈਦਾ ਹੁੰਦਾ ਹੈ ਕਿ ਇਸ ਬੈਹਸ ਦਾ ਮੁਦਾਅ ਕੀ ਹੈ ? ਇਸ ਸਬੰਧ ਵਿਚ ਟਿਪਣੀ ਵਿਚ ਲਗਾਏ ਗਏ ਇਲਜ਼ਾਮਾਂ ਦੀ ਪੂਰੀ ਜਾਣਕਾਰੀ ਜ਼ਰੂਰੀ ਹੈ। ਕਿਹਾ ਗਿਆ ਹੈ ਕਿ ਇਹ ਲੇਖਕ ਕੈਰੀਅਰਿਸਟ ਹਨ ਅਤੇ ਕਮਿਊਨਿਸਟ ਲਿਬਾਸ ਵਿਚ ਫ਼ਿਰਕਾਪ੍ਰਸਤ ਹਨ, ਪਰੰਪਰਾ, ਵਿਗਿਆਨ ਅਤੇ ਸਭਿਆਚਾਰਕ ਕੀਮਤਾਂ ਦੇ ਉਲਟ ਇਤਿਹਾਸ ਪੇਸ਼ ਕਰ ਰਹੇ ਹਨ। ਅਤੇ ਇਨ੍ਹਾਂ ਪੁਸਤਕਾਂ ਨੂੰ ਸਿਲੇਬਸ ਵਿਚੋਂ ਹਟਾ ਦੇਣਾ ਚਾਹੀਦਾ ਹੈ। ਕਿਉਂਕਿ ਨੌਜਵਾਨਾਂ ਦੇ ਚਰਿਤਰ ਦੀ ਉਸਾਰੀ ਵਿਚ ਇਨ੍ਹਾਂ ਦਾ ਮਾੜਾ ਅਸਰ ਪਵੇਗਾ; ਕਮਿਊਨਿਸਟਾਂ ਨੇ ਕਾਂਗਰਸ ਵਿਚ ਘੁਸ ਕੇ ਇਸ ਵਿਚ ਫੁਟ ਪਾ ਦਿੱਤੀ; ਕਹਿੰਦੇ-ਕਹਾਉਂਦੇ ਪ੍ਰਗਤੀਸ਼ੀਲ ਲੋਕ ਵਖੋ ਵੱਖਰੇ ਤਬਕਿਆਂ ਦੀ ਨਿਯੁਕਤੀਆਂ ਦੇ ਮਾਹਿਰ ਬਣ ਕੇ ਚੋਣ ਨੂੰ ਪ੍ਰਭਾਵਿਤ ਕਰਦੇ ਹਨ; ਇਨ੍ਹਾਂ ਸੰਸਥਾਵਾਂ ਦੀਆਂ ਪ੍ਰਕਾਸ਼ਨਾਂ ਦੀ ਛਾਣਬੀਨ ਹੋਣੀ ਚਾਹੀਦੀ ਹੈ; ਬਹੁਤ ਸਾਰੇ ਵਿਦਵਾਨਾਂ ਨੇ ਇਹਨਾਂ ਛੇ-ਸਤ ਸਾਲਾਂ ਵਿਚ ਕਮਿਊਨਿਸਟਾਂ ਦੀ ਘੁਸਪੈਂਠ ਦੇ ਬਾਅਦ ਕਾਫ਼ੀ ਤਕਲੀਫ਼ਾਂ ਉਠਾਈਆਂ ਹਨ; ਇਹ ਮੁਸਲਮਾਨ — ਹਿਮਾਇਤੀ ਹਨ ਆਦਿ ਆਦਿ।

ਸਾਫ਼ ਜ਼ਾਹਿਰ ਹੈ ਕਿ ਬੈਹਸ ਦਾ ਮੁਖ ਕੇਂਦਰ ਸਿਧਾਂਤਿਕ ਹੈ। ਇਨ੍ਹਾਂ ਲੇਖਕਾਂ ਤੇ ਪਦ-ਅਧਿਕਾਰੀਆਂ ਉਪਰ ਕਮਿਊਨਿਸਟ ਹੋਣ ਦਾ ਇਲਜ਼ਾਮ ਗੁਮਨਾਮ ਟਿਪਣੀ ਵਿਚ ਲਗਾਇਆ ਹੈ, ਇਸ ਲਈ ਇਨ੍ਹਾਂ ਦੀਆਂ ਪੁਸਤਕਾਂ ਤੇ ਕੰਮ ਇਕ ਖ਼ਾਸ ਵਿਚਾਰ-ਪ੍ਰਣਾਲੀ ਦੇ ਧਾਰਨੀਆਂ ਨੂੰ ਪਸੰਦ ਨਹੀਂ ਹੈ। ਪਰ ਆਮ ਸ਼ਹਿਰੀ ਨੂੰ ਸੁਤੰਤਰ ਤੇ ਨਿਰਪਖ ਪ੍ਰਗਟਾਵੇ ਦੀ ਸੁਤੰਤਰਤਾ ਤੋਂ ਮਹਿਰੂਮ ਰਖਣ ਲਈ ਭਾਰਤੀ ਵਿਧਾਨ ਵਿਚ ਕੋਈ ਧਾਰਾ ਨਹੀਂ ਹੈ ਅਤੇ ਇਸ ਪ੍ਰਕਾਰ ਦੀਆਂ ਬੰਦਸ਼ਾਂ ਨੂੰ ਖ਼ਤਮ ਕਰਨ ਲਈ ਭਾਰਤੀ ਜਨਤਾ ਨਾਲ ਮਿਲ ਕੇ ਇਥੋਂ ਦੇ ਬੁਧੀਜੀਵੀ ਹਮੇਸ਼ਾਂ ਲੜਦੇ ਆਏ ਹਨ; ਅਤੇ ਇਸ ਪ੍ਰਕਾਰ ਦੀ ਬੰਦਸ਼ ਨੂੰ ਥੋਪਣ ਲਈ ਸਿਰਫ਼ ਛਾਣ-ਬੀਨ ਨਾਲ ਹੀ ਕੰਮ ਨਹੀਂ ਸਰੇਗਾ। ਇਸ ਵਾਸਤੇ ਭਾਰਤੀ ਵਿਧਾਨ ਵਿਚ ਤਰਮੀਮ ਕਰਨੀ ਪਵੇਗੀ, ਜਿਸ ਵਿਚ ਦੋ ਸ਼੍ਰੇਣੀਆਂ ਦੀ ਸ਼ਹਿਰੀਅਤ ਦੀ ਗੁੰਜਾਇਸ਼ ਪੈਦਾ ਕੀਤੀ ਜਾਏ। ਪਹਿਲੀ ਸ਼੍ਰੇਣੀ ਦੇ ਸ਼ਹਿਰੀ ਉਹ ਹੋਣ, ਜੋ ਇਤਿਹਾਸ ਨੂੰ ਸਵਾਰਥ ਦੇ ਰਖਿਅਕ, ਫ਼ਿਰਕਾਪ੍ਰਸਤੀ ਦੇ ਪਾਲਨਹਾਰ, ਜਨਤਾ ਤੇ ਸਮਾਜ ਦੇ ਨਹੀਂ, ਸਗੋਂ ਖ਼ਾਸ ਹਸਤੀਆਂ ਦੇ ਸੇਵਕ ਅਤੇ ਰਾਜਸੱਤਾ ਦੀ ਲੁਟ-ਖਸੁਟ ਦੇ ਚਾਕਰ ਦੇ ਰੂਪ ਵਿਚ ਪੇਸ਼ ਕਰਨਗੇ। ਇਨ੍ਹਾਂ ਨੂੰ ਪੂਰਨ ਸ਼ਹਿਰੀਅਤ ਪ੍ਰਦਾਨ ਕੀਤੀ ਜਾਏਗੀ, ਇਨ੍ਹਾਂ ਦੀ ਲਿਖਿਤ ਅਤੇ ਪ੍ਰਗਟਾਉ ਦੀ ਆਜ਼ਾਦੀ ਵੀ ਸੁਰੱਖਿਅਤ ਰਹੇਗੀ। ਦੂਜੀ ਸ਼੍ਰੇਣੀ ਦੇ ਸ਼ਹਿਰੀ ਉਹ ਹੋਣਗੇ, ਜੋ ਇਤਿਹਾਸ ਨੂੰ ਪੂਰਵ ਧਾਰਨਾਵਾਂ ਤੋਂ ਅਲਗ ਕਰਕੇ ਅਤੇ ਸਵਾਰਥ ਦੇ ਚੁੰਗਲ ਤੋਂ ਮੁਕਤ ਕਰਕੇ, ਨਿਰਪਖ ਅਤੇ ਯਥਾਰਥਕ ਦ੍ਰਿਸ਼ਟੀਕੋਣ ਤੋਂ ਇਸ 'ਤੇ ਕੰਮ ਕਰਨ; ਮਾਜ਼ੀ ਨੂੰ ਜਨਤਾ ਤੇ ਸਮਾਜ ਦੇ ਕੰਮ-ਕਾਜ ਦੇ ਆਧਾਰ ਉਤੇ ਸਹੀ ਮਾਹੌਲ ਵਿਚ ਪੇਸ਼ ਕਰਨ, ਉਸ ਨੂੰ ਜ਼ਾਬਰ ਤੇ ਮਜ਼ਲੂਮ, ਹਾਕਮ ਤੇ ਮਹਿਕੂਮ, ਵਿਅਕਤੀ ਤੇ

ਸਮਾਜ, ਰਾਜਾ ਤੇ ਪਰਜਾ, ਨੇਤਾ ਤੇ ਕਮਾਂਡਰ, ਅਮੀਰ ਤੇ ਗ਼ਰੀਬ, ਮਹਲ ਤੇ ਝੌਂਪੜੀ, ਵਰਗ ਤੇ ਵਰਗ, ਧਰਮ ਤੇ ਵਰਗ-ਸੰਘਰਸ਼ ਦੀ ਸਹੀ ਅਤੇ ਨਿਰਪਖ ਰੂਪ ਵਿਚ ਤਸਵੀਰ ਪੇਸ਼ ਕਰਨ। ਇਨ੍ਹਾਂ ਨੂੰ ਪੂਰਨ ਸ਼ਹਿਰੀਅਤ ਨਹੀਂ ਦਿਤੀ ਜਾਏਗੀ। ਇਹ ਨਿਰਪਖ ਹੋਕੇ ਲਿਖਣ ਤੋਂ ਅਤੇ ਪ੍ਰਗਟਾਵੇ ਦੀ ਖੁਲ੍ਹ ਤੋਂ ਵਾਂਝੇ ਰਖੇ ਜਾਣਗੇ।

**ਪੂਰਵ ਧਾਰਣਾ ਬਨਾਮ ਵਿਗਿਆਨਕ ਦ੍ਰਿਸ਼ਟੀਕੋਣ :** ਅਸਲ ਵਿਚ, ਇਹ ਖ਼ਤਰਨਾਕ ਬੈਹਸ ਇਤਿਹਾਸ ਨੂੰ ਪੂਰਵ ਧਾਰਨਾਵਾਂ ਦੇ ਚੁੰਗਲ ਵਿਚ ਫਸਾ ਕੇ ਰੱਖਣ ਦੀ ਸਾਜ਼ਿਸ਼ ਹੈ। ਇਹ ਭਾਰਤੀ ਇਤਿਹਾਸ ਵਿਚ ਪੂਰਵ-ਧਾਰਣਾ ਬਨਾਮ ਨਿਰਪੱਖ, ਵਿਗਿਆਨਕ ਅਤੇ ਯਥਾਰਥਕ ਦ੍ਰਿਸ਼ਟੀਕੋਣ ਦਾ ਸੰਘਰਸ਼ ਹੈ, ਜਿਸ ਵਿਚ ਬੁਧੀਜੀਵੀ ਚੁਪਚਾਪ ਬੈਠ ਕੇ ਆਪਣਾ ਰੋਲ ਅਦਾ ਨਹੀਂ ਕਰ ਸਕਦੇ। ਇਸ ਲੇਖ ਦਾ ਲੇਖਕ ਇਸੀ ਮਨੋਰਥ ਤੋਂ ਪ੍ਰੇਰਿਤ ਹੋਕੇ ਅਤੇ ਇਤਿਹਾਸਕਾਰਾਂ ਵਿਚ ਦੋ ਸ਼੍ਰੇਣੀਆਂ ਦੀ ਸ਼ਹਿਰੀਅਤ ਦੀ ਪਿਰਤ ਪੈਣ ਦੀ ਸੰਭਾਵਨਾ ਨੂੰ ਦੇਖ ਕੇ ਕੁਝ ਹੋਰ ਅਰਜ਼ ਕਰਨਾ ਚਾਹੁੰਦਾ ਹੈ।

ਲੇਖਕ ਨੂੰ ਇਸ ਗੱਲ ਦਾ ਪਤਾ ਨਹੀਂ ਕਿ ਇਨ੍ਹਾਂ ਪੁਸਤਕਾਂ ਦੇ ਲੇਖਕ ਕਮਿਊਨਿਸਟ ਹਨ ਕਿ ਨਹੀਂ। ਲੇਖਕ ਇਨ੍ਹਾਂ ਦੀਆਂ ਰਚਨਾਵਾਂ ਤੋਂ, ਜਿੰਨਾ ਮੁਮਕਿਨ ਹੋ ਸਕਦਾ ਹੈ ਜਾਣਕਾਰ ਜ਼ਰੂਰ ਹੈ। ਆਪਣੀਆਂ ਲਿਖਤਾਂ ਕਾਰਨ ਉਹ ਭਾਰਤ ਦੇ ਉੱਘੇ ਇਤਿਹਾਸਕਾਰਾਂ ਦੀ ਸ਼ਰੇਣੀ ਵਿਚ ਗਿਣੇ ਜਾਂਦੇ ਹਨ ਅਤੇ ਉਨ੍ਹਾਂ ਦੀਆਂ ਲਿਖਤਾਂ ਦੀ ਕੌਮੀ ਤੇ ਕੌਮਾਂਤਰੀ ਪੱਧਰ ਉਤੇ ਸ਼ਲਾਘਾ ਹੋਈ ਹੈ। ਇਨ੍ਹਾਂ ਪੁਸਤਕਾਂ ਵਿਚੋਂ ਇਕ **ਮੱਧਕਾਲੀਨ ਭਾਰਤ** ਦਸ ਸਾਲਾਂ ਤੋਂ ਸਿਲੇਬਸ ਵਿਚ ਸ਼ਾਮਿਲ ਚਲੀ ਆ ਰਹੀ ਹੈ। ਅਜੇ ਤਕ ਇਸ ਦੀ ਕਰੜੀ ਅਤੇ ਬੇ-ਬੁਨਿਆਦ ਆਲੋਚਨਾ ਨਹੀਂ ਕੀਤੀ ਗਈ ਸੀ। ਕੀ ਖੋਜ ਦੇ ਬਾਅਦ ਕੋਈ ਅਜਿਹਾ ਮਸਾਲਾ ਪ੍ਰਾਪਤ ਹੋਇਆ ਹੈ ਜਿਸ ਕਾਰਨ ਨਵੇਂ ਸਿਰਿਉਂ ਇਨ੍ਹਾਂ ਪੁਸਤਕਾਂ ਦੀਆਂ ਸਥਾਪਨਾਵਾਂ ਨੂੰ ਗ਼ਲਤ ਸਾਬਤ ਕੀਤਾ ਜਾ ਸਕੇ? ਲੇਕਿਨ ਨਾ ਇਸ ਲੇਖ ਦੇ ਲੇਖਕ ਨੂੰ ਅਤੇ ਨਾ ਗੁਮਨਾਮ ਟਿਪਣੀ ਲਿਖਣ ਵਾਲੇ ਨੂੰ ਹੀ ਇਸ ਪ੍ਰਕਾਰ ਦਾ ਕੋਈ ਮਸਾਲਾ ਪ੍ਰਾਪਤ ਹੋਇਆ ਹੈ। ਲੇਖਕ ਨੂੰ ਬਿਹਾਰ ਦੇ ਪ੍ਰਸੰਗ ਵਿਚ ਕੁਝ ਸਬੂਤ ਮਿਲੇ ਹਨ, ਜਿਨ੍ਹਾਂ ਨਾਲ ਇਨ੍ਹਾਂ ਲੇਖਕਾਂ ਦੇ ਕਢੇ ਹੋਏ ਸਿਟਿਆਂ ਨੂੰ ਸਗੋਂ ਹੋਰ ਮਜ਼ਬੂਤ ਬਣਾਇਆ ਜਾ ਸਕਦਾ ਹੈ। ਉਨ੍ਹਾਂ ਦੀ ਮਹੱਤਾ ਨੂੰ ਘਟਾਇਆ ਨਹੀਂ ਜਾ ਸਕਦਾ।

ਫਿਰ, ਬੈਹਸ ਕਿਹੜੀ ਗੱਲ ਦੀ ਅਤੇ ਫਿਰ ਇਹ ਅਨੋਖੀ ਬੈਹਸ ਖੜੀ ਕਰਨ ਦਾ ਕੀ ਮਨੋਰਥ? ਇਸ ਦਾ ਮੁਕੰਮਲ ਜਵਾਬ ਮੌਜੂਦਾ ਰਾਜਨੀਤੀ ਦੇ ਮਾਹਿਰ ਹੀ ਦੇ ਸਕਦੇ ਹਨ। ਸੰਜੋਗ ਦੀ ਗੱਲ ਹੈ ਕਿ ਇਹ ਸਾਰੇ ਲੇਖਕ ਜੀਊਂਦੇ ਹਨ। ਪਹਿਲੀਆਂ ਦੋ ਪੁਸਤਕਾਂ, ਕ੍ਰਮਵਾਰ, 1967 ਤੇ 1970 ਵਿਚ ਪਾਠ-ਪੁਸਤਕਾਂ ਦੇ ਰੂਪ ਵਿਚ ਤਿਆਰ ਕਰਵਾਈਆਂ ਗਈਆਂ। ਪਹਿਲੇ ਸੰਪਾਦਕ ਮੰਡਲ ਦੇ ਮੁਖੀ ਡਾ: ਤਾਰਾ ਚੰਦ ਸੀ ਅਤੇ ਬਤੌਰ ਮੈਂਬਰ, ਪ੍ਰੋ: ਕੇ. ਏ. ਨੀਲਕੰਠ ਸ਼ਾਸਤ੍ਰੀ, ਪ੍ਰੋ: ਐਮ. ਹਬੀਬ, ਪ੍ਰੋ: ਬਿਸ਼ੇਸ਼ਰ ਪ੍ਰਸਾਦ ਤੇ ਪੀ. ਸੀ. ਗੁਪਤਾ ਸ਼ਾਮਿਲ ਸਨ। ਪਹਿਲੇ ਸੰਪਾਦਕ ਮੰਡਲ ਦੀ ਮਿਆਦ ਖ਼ਤਮ ਹੋ ਜਾਣ 'ਤੇ ਦੂਸਰਾ ਸੰਪਾਦਕ ਮੰਡਲ ਉਸ ਸਮੇਂ ਦੇ ਵਿਦਿਆ-ਮੰਤਰੀ ਐਮ. ਸੀ. ਛਾਗਲਾ ਨੇ ਡਾ: ਐਸ. ਗੋਪਾਲ ਦੀ ਪ੍ਰਧਾਨਗੀ ਹੇਠ ਕਾਇਮ ਕੀਤਾ ਅਤੇ ਪ੍ਰੋ: ਨੂਰਉਲਹਸਨ, ਪ੍ਰੋ: ਸਤੀਸ਼ ਚੰਦਰ ਅਤੇ ਪ੍ਰੋ: ਰੋਮਿਲਾ ਥਾਪਰ ਬਾਕੀ ਮੈਂਬਰਾਂ ਦੀ ਹੈਸੀਅਤ ਵਿਚ ਸ਼ਾਮਿਲ ਕੀਤੇ ਗਏ। ਇਨ੍ਹਾਂ ਤੋਂ ਇਲਾਵਾ ਅਨੇਕਾਂ ਇਤਿਹਾਸਕਾਰਾਂ ਨੂੰ ਵੀ ਇਹ ਪੁਸਤਕਾਂ ਰਾਏ ਦੇਣ ਹਿਤ ਭੇਜੀਆਂ ਗਈਆਂ ਅਤੇ ਇਨ੍ਹਾਂ ਸਾਰਿਆਂ ਦੀਆਂ ਰਾਵਾਂ ਦੇ ਆਧਾਰ ਉਤੇ ਉਪਰੋਕਤ ਦੋਹਾਂ ਪੁਸਤਕਾਂ ਨੂੰ ਪਾਠ-ਪੁਸਤਕਾਂ ਦੇ ਤੌਰ ਉਤੇ ਲਗਾਉਣ ਦੀ ਮਨਜ਼ੂਰੀ ਦਿੱਤੀ ਗਈ। ਇਨ੍ਹਾਂ ਵਿਚੋਂ ਜੀਵੰਦੇ ਇਤਿਹਾਸਕਾਰਾਂ ਦਾ



ਧਿਆਨ ਦਸੀਆਂ ਜਾ ਰਹੀਆਂ ਤਰੁਟੀਆਂ ਵਲ ਕਿਉਂ ਨਹੀਂ ਦਿਵਾਇਆ ਗਿਆ? ਇਨ੍ਹਾਂ ਲੇਖਕਾਂ ਵਿਚ ਕੌਣ ਲੋਕ ਕੈਰੀਰਿਸਟ, ਫ਼ਿਰਕਾਪ੍ਰਸਤ ਅਤੇ ਕਮਿਊਨਿਸਟ ਹਨ ਅਤੇ ਕਾਂਗਰਸ ਦੀ ਫੁਟ ਦੇ ਜ਼ਿੰਮੇਦਾਰ ਹਨ? ਇਨ੍ਹਾਂ ਵਿਚੋਂ ਕਿਹੜੇ ਲੋਗ ਪਰੰਪਰਾ, ਸਭਿਆਚਾਰ, ਅਤੇ ਵਿਗਿਆਨਕ ਕੀਮਤਾਂ ਨੂੰ ਦਰਗੁਜ਼ਰ ਕਰਕੇ ਇਤਿਹਾਸ ਲਿਖਣ ਵਿਚ ਲਗੇ ਹੋਏ ਹਨ? ਉਨ੍ਹਾਂ ਲੋਕਾਂ ਦਾ ਨਾਂ ਕਿਉਂ ਨਹੀਂ ਦਸਿਆ ਜਾ ਰਿਹਾ? ਉਹ ਇਤਨੇ ਰਸੂਖ ਵਾਲੇ ਹਨ ਕਿ ਐਮਰਜੈਂਸੀ ਖ਼ਤਮ ਹੋਣ 'ਤੇ ਵੀ ਲੋਕ ਉਨ੍ਹਾਂ ਤੋਂ ਤਰਾਹੇ ਹੋਏ ਤੇ ਡਰੇ ਹੋਏ ਹਨ? ਜਾਂ ਇਹ ਇਲਜ਼ਾਮ ਹੀ ਬੇਬੁਨਿਆਦ ਤੇ ਝੂਠਾ ਹੈ ਕਿ ਨਾਂ ਦੱਸਣ 'ਤੇ ਆਪ ਇਲਜ਼ਾਮ ਲਾਉਣ ਵਾਲਿਆਂ ਦਾ ਪਰਦਾ ਫ਼ਾਸ਼ ਹੋਣ ਦਾ ਖ਼ਦਸ਼ਾ ਹੈ? ਫਿਰ ਜਿਹੜੇ ਵਿਦਵਾਨਾਂ ਨੂੰ ਇਨ੍ਹਾਂ ਛੇ-ਸੱਤ ਸਾਲਾਂ ਵਿਚ ਤਕਲੀਫ਼ ਉਠਾਣੀ ਪਈ ਹੈ, ਉਨ੍ਹਾਂ ਦੇ ਨਾਂ ਕਿਉਂ ਨਹੀਂ ਦਸੇ ਜਾ ਰਹੇ? ਕੀ ਇਸ ਲਈ ਕਿ ਜਿਤਨੀ ਵਡੀ ਤਕਲੀਫ਼ ਵਿਚ ਉਹ ਫ਼ਸੇ ਹਨ, ਉਸ ਤੋਂ ਵਡੀ ਬਿਪਤਾ, ਉਨ੍ਹਾਂ ਦੇ ਨਾਂ ਦੱਸਣ 'ਤੇ ਆ ਪਏਗੀ ਜਾਂ ਅਜਿਹੇ ਕੋਈ ਵਿਅਕਤੀ ਹੈ ਹੀ ਨਹੀਂ ਜਿਨ੍ਹਾਂ ਨੂੰ ਇਨ੍ਹਾਂ ਕਾਰਨਾਂ ਕਰਕੇ ਤਕਲੀਫ਼ ਝੱਲਣ ਦਾ ਸਵਾਲ ਉਠਿਆ ਹੋਵੇ? ਇਹ ਸਵਾਲ ਮੇਰੇ ਮਨ ਵਿਚ ਬਾਰ-ਬਾਰ ਪੈਦਾ ਹੁੰਦੇ ਰਹੇ ਹਨ ਅਤੇ ਇਨ੍ਹਾਂ ਦੇ ਮੁਕੰਮਲ ਜਵਾਬ ਦੀ ਉਮੀਦ, ਗੁਮਨਾਮ ਟਿਪਣੀ ਲਿਖਣ ਵਾਲੇ ਜਾਂ ਬਣਾਈ ਜਾਣ ਵਾਲੀ ਛਾਣ-ਬੀਣ ਕਮੇਟੀ ਦੇ ਮੈਂਬਰਾਂ ਤੋਂ ਕੀਤੀ ਜਾਂਦੀ ਹੈ।

ਸ੍ਰੀ ਨਾਨਾਜੀ ਦੇਸ਼ਮੁਖ ਨੇ ਇਕ ਹੋਰ ਪ੍ਰਸੰਗ ਵਿਚ ਭਾਰਤੀ ਇਤਿਹਾਸ ਨੂੰ ਨਵੇਂ ਸਿਰਿਉਂ ਲਿਖੇ ਜਾਣ 'ਤੇ ਜ਼ੋਰ ਦਿੱਤਾ ਹੈ; ਕਿਉਂਕਿ, ਅਜੇ ਤਕ ਭਾਰਤੀ ਇਤਿਹਾਸ ਅੰਗਰੇਜ਼ਾਂ ਨੇ ਆਪਣੀ ਦ੍ਰਿਸ਼ਟੀ ਤੋਂ ਲਿਖਿਆ ਅਤੇ ਕਾਂਗਰਸ ਆਪਣੀ ਦ੍ਰਿਸ਼ਟੀ ਤੋਂ ਲਿਖਵਾਉਣ ਦੀ ਕੋਸ਼ਿਸ਼ ਕਰਦੀ ਰਹੀ ਹੈ। ਇਤਿਹਾਸ ਨੂੰ ਤਥ-ਪੂਰਣ ਬਣਾਨਾ ਹੈ, (ਟਾਈਮਜ਼ ਆਫ਼ ਇੰਡੀਆ, 12 ਅਗਸਤ, 1977)। **'ਜਨ ਸ਼ਕਤੀ'** ਵਿਚ 1969 ਵਿਚ 20 ਅਪ੍ਰੈਲ, 29 ਜੂਨ, 13 ਜੁਲਾਈ, 27 ਜੁਲਾਈ ਅਤੇ 1976 ਵਿਚ ਕਈ ਲੇਖ ਇਸ ਪ੍ਰਸੰਗ ਵਿਚ ਪ੍ਰਕਾਸ਼ਿਤ ਹੋਏ ਹਨ। ਇਤਿਹਾਸ ਹਾਕਮ ਜਮਾਤ ਦੇ ਹਿੱਤਾਂ ਦੀ ਪਾਲਣਾ ਦਾ ਵਸੀਲਾ ਬਣਾਇਆ ਗਿਆ, ਇਸ ਬਾਰੇ ਦੋ ਮਤ ਨਹੀਂ ਹੋਣੇ ਚਾਹੀਦੇ। ਅੰਗਰੇਜ਼ਾਂ ਤੇ ਕਾਂਗਰਸੀਆਂ ਨੇ ਇਸੀ ਤਰ੍ਹਾਂ ਕੀਤਾ। ਲੇਕਿਨ ਭਵਿਖ ਵਿਚ ਕੀ ਹੋਣ ਵਾਲਾ ਹੈ—ਇਹ ਇਕ ਕਰੜੀ ਸਮੱਸਿਆ ਹੈ? ਗੁਮਨਾਮ ਟਿਪਣੀ ਤੋਂ ਇਤਿਹਾਸ ਦੇ ਸੁਤੰਤਰ ਹੋਣ ਦੀ ਤਾਂ ਕੋਈ ਆਸ ਨਹੀਂ ਬਝਦੀ। ਕੀ ਇਹ ਪਹਿਲੇ ਵਾਂਗ ਹੀ ਰਾਜਸੱਤਾ ਅਤੇ ਹਾਕਮ ਜਮਾਤ ਦੀ ਸਵਾਰਥ-ਪੂਰਤੀ ਦਾ ਵਸੀਲਾ ਹੀ ਬਣਿਆ ਰਹੇਗਾ?

**ਰਾਸ਼ਟਰੀਯ ਏਕੀਕਰਣ :** ਅੰਗਰੇਜ਼ਾਂ ਨੇ ਇਤਿਹਾਸ ਨੂੰ ਸਾਮਰਾਜਵਾਦ ਦੇ ਫ਼ੈਲਾਅ ਲਈ ਵਸੀਲਾ ਬਣਾਇਆ। ਹਿੰਦੂ ਤੇ ਮੁਸਲਮਾਨਾਂ ਨੂੰ ਆਪਸੀ ਮਤਭੇਦ ਵਿਚ ਫਸਾ ਕੇ ਰੱਖਣ ਦੇ ਮਨੋਰਥ ਵਜੋਂ ਮੁਸਲਮਾਨਾਂ ਨੂੰ ਉਨ੍ਹਾਂ ਭਾਰਤ ਵਿਚ ਵਿਦੇਸ਼ੀ ਦਸਿਆ ਅਤੇ ਇਸ ਸਕੈਂਡਲ ਵਿਚ ਬਹੁਤ ਸਾਰੇ ਭਾਰਤੀ ਇਤਿਹਾਸਕਾਰ ਵੀ ਸ਼ਾਮਿਲ ਹੋਏ। ਉਹ ਇਸ ਗੱਲ ਨੂੰ ਭੁਲ ਗਏ ਕਿ ਉਸ ਪਰਿਭਾਸ਼ਾ ਦੇ ਤਹਿਤ ਬਹੁਤ ਸਾਰੇ ਹਿੰਦੂ ਵੀ ਭਾਰਤ ਵਿਚ ਵਿਦੇਸ਼ੀ ਹਨ, ਕਿਉਂਕਿ ਇਥੇ ਦੇ ਅਸਲੀ ਬਾਸ਼ਿੰਦੇ ਅਨਾਰੀਯਾ, ਦਰਾਵੜ ਹਨ। ਮੁਸਲਮਾਨ (ਕੁਝ ਕੁ ਨੂੰ ਛੋੜ ਕੇ) ਅੰਗਰੇਜ਼ਾਂ ਦੀ ਤਰ੍ਹਾਂ ਭਾਰਤੀ ਮਾਲ-ਓ-ਦੌਲਤ ਨੂੰ ਭਾਰਤ ਤੋਂ ਬਾਹਰ ਨਹੀਂ ਲੈ ਕੇ ਗਏ। ਉਹ ਭਾਰਤ ਵਿਚ ਹੀ ਰਹਿਣ ਲਗ ਪਏ। ਹਿੰਦੂ ਤੇ ਮੁਸਲਮਾਨ ਇਕ ਦੂਸਰੇ ਦੇ ਸਭਿਆਚਾਰ ਨੂੰ ਅਪਨਾਉਣ ਲਗੇ। ਸੰਧੂਰ ਮੁਸਲਮਾਨ ਔਰਤ ਦੀ ਮਾਂਗ ਵਿਚ ਭਰਿਆ ਜਾਣ ਲੱਗਾ, ਹਿੰਦੂ, ਤਾਜ਼ੀਆਂ ਵਿਚ ਸ਼ਾਮਿਲ ਹੋਣ ਲਗੇ ਅਤੇ ਪੀਰ ਦੀ

ਪੂਜਾ ਕਰਨ ਲਗੇ। ਮੁਸਲਮਾਨ ਰਾਜਿਆਂ ਨੇ ਹਿੰਦੂਆਂ ਨਾਲ ਵਿਆਹ ਦੇ ਸਬੰਧ ਸਥਾਪਿਤ ਕਰਨੇ ਸ਼ੁਰੂ ਕੀਤੇ ਅਤੇ ਹਿੰਦੂ ਫ਼ੌਜ ਵਿਚ ਵਡੇ ਵਡੇ ਔਹੁਦਿਆਂ 'ਤੇ ਭਰਤੀ ਹੋਣ ਲਗੇ। ਆਪਸੀ ਮੇਲ-ਜੋਲ ਸਦਕੇ ਦੀਨ-ਇਲਾਹੀ ਅਤੇ ਕਬੀਰ ਪੰਥ ਜਿਹੇ ਮਜ਼੍ਹਬਾਂ ਦਾ ਜਨਮ ਹੋਇਆ। ਇਸ ਨਵੀਂ ਰਾਸ਼ਟਰ-ਚੇਤਨਾ ਵਿਚ ਰਾਸ਼ਟਰੀ ਭਾਸ਼ਾ ਦਾ ਵਿਕਾਸ ਹੋਇਆ। ਹਿੰਦੀ ਤੇ ਉਰਦੂ ਨੇ ਇਕ ਦੂਸਰੇ ਨੂੰ ਸਵੀਕਾਰ ਕਰਨਾ ਸ਼ੁਰੂ ਕੀਤਾ। ਨਤੀਜੇ ਵਜੋਂ ਆਧੁਨਿਕ ਭਾਰਤ ਦੇ ਪ੍ਰਭਾਵਸ਼ਾਲੀ ਤੇ ਜੋਸ਼ੀਲੇ ਰਾਸ਼ਟਰੀ ਨਾਹਰੇ, 'ਇਨਕਲਾਬ ਜ਼ਿੰਦਾਬਾਦ' ਅਤੇ 'ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ' ਦਾ ਜਨਮ ਹੋਇਆ। ਰਾਸ਼ਟਰੀ ਏਕੀਕਰਣ ਦਾ ਰਾਹ ਖੁਲ੍ਹਿਆ। ਆਰਯਵਰਤ ਭਾਵਾਤਮਕ ਤੌਰ 'ਤੇ ਹਿੰਦੁਸਤਾਨ ਹੋਣ ਲੱਗਾ। ਕੀ ਇਹ ਸਾਰੀਆਂ ਗੱਲਾਂ ਮੁਸਲਮਾਨਾਂ ਦੇ ਵਿਦੇਸ਼ੀ ਹੋਣ ਨੂੰ ਜ਼ਾਹਿਰ ਕਰਦੀਆਂ ਹਨ ?

ਲੇਕਿਨ ਇਹ ਮੇਲ-ਜੋਲ ਲੋਟੂ ਵਰਗ ਨੂੰ ਪਸੰਦ ਨਹੀਂ ਸੀ—ਭਾਵੇਂ, ਉਹ ਹਿੰਦੂ ਹੋਣ ਜਾਂ ਮੁਸਲਮਾਨ ਜਾਂ ਅੰਗਰੇਜ਼। ਅੰਗਰੇਜ਼ਾਂ ਨੇ ਸਾਮਰਾਜਵਾਦ ਦੇ ਜਮਾਤੀ-ਹਿੱਤ ਵਿਚ ਇਸ ਨੂੰ ਪਸੰਦ ਨਹੀਂ ਕੀਤਾ। ਸਾਮਰਾਜ ਨੇ ਆਪਣੇ ਹੋਰ ਸਹਿਯੋਗੀਆਂ—ਭੂਮੀਂਪਤੀਆਂ—ਆਦਿ ਨਾਲ ਮਿਲ ਕੇ ਇਸ ਰਾਸ਼ਟਰੀ ਏਕੀਕਰਣ ਨੂੰ ਪ੍ਰਫੁਲਤ ਕਰਨ ਦੀ ਬਜਾਏ ਆਪਣੇ ਜਮਾਤੀ-ਹਿੱਤ ਲਈ ਇਸ ਵਿਚ ਫੁਟ ਪਾਉਣੀ ਸ਼ੁਰੂ ਕਰ ਦਿੱਤੀ। ਅੰਗਰੇਜ਼ਾਂ ਨੇ ਇਤਿਹਾਸ ਵਿਚ ਸਾਮਰਾਜਵਾਦ ਦੀ ਰਾਖੀ ਲਈ ਬੇ-ਬੁਨਿਆਦ ਤੱਥਾਂ ਨੂੰ ਪੇਸ਼ ਕਰਨਾ ਸ਼ੁਰੂ ਕੀਤਾ, ਜਿਸ ਨਾਲ ਭਾਰਤੀ ਜਨਤਾ ਜਾਤ-ਪਾਤ ਦੇ ਅਤੇ ਫ਼ਿਰਕਾਪ੍ਰਸਤ ਦੰਗਿਆਂ ਵਿਚ ਫ਼ਸੀ ਰਹੇ। ਇਸ ਤਰ੍ਹਾਂ ਉਨ੍ਹਾਂ ਨੇ ਇਤਿਹਾਸ ਨੂੰ ਸਾਮਰਾਜਵਾਦ ਦੇ ਚਾਕਰ ਦੇ ਰੂਪ ਵਿਚ ਸਥਾਪਿਤ ਕਰਨ ਦਾ ਜਤਨ ਸ਼ੁਰੂ ਕੀਤਾ। (ਚਲਦਾ)

---

**ਪ੍ਰਾਪਤ ਪੁਸਤਕਾਂ**

* **ਨਦੀ ਦਾ ਪਾਣੀ** (ਕਹਾਣੀ ਸੰਗ੍ਰਹਿ), ਜਸਵੰਤ ਸਿੰਘ ਵਿਰਦੀ, ਅਤੁਲ ਸਾਹਿਤ ਪ੍ਰਕਾਸ਼ਨ, ਜਲੰਧਰ, ਸਫ਼ੇ 120, ਮੁੱਲ : 7.50 ਰੁ:
* **ਜ਼ਿੰਦਗੀ** (ਕਹਾਣੀ ਸੰਗ੍ਰਹਿ), ਜਸਵੰਤ ਸਿੰਘ ਵਿਰਦੀ, ਨਿਊ ਏਜ ਬੁੱਕ ਸੈਂਟਰ, ਅੰਮ੍ਰਿਤਸਰ, ਸਫ਼ੇ 160, ਮੁੱਲ : ਡੀ-ਲਕਸ ਦਸ ਰੁਪੈ, ਪੇਪਰ ਬੈਕ ਛੇ ਰੁਪੈ
* **ਜਿਊਂਕ** (ਨਾਵਲ), ਸ਼ੀਰਸ਼ੇਂਦੂ ਮੁਖੋਪਾਧਿਆਏ, ਨੈਸ਼ਨਲ ਬੁੱਕ ਟਰੱਸਟ, ਇੰਡੀਆ, ਨਵੀਂ ਦਿੱਲੀ, ਸਫ਼ੇ 127, ਮੁੱਲ : 5.75 ਰੁ:
* **ਪੁਲ** (ਨਾਵਲ), ਦਿਵੇਦੁਲ ਵਿਸ਼ਾਲਾਕਸ਼ੀ, ਨੈਸ਼ਨਲ ਬੁੱਕ ਟਰੱਸਟ, ਇੰਡੀਆ, ਨਵੀਂ ਦਿੱਲੀ, ਸਫ਼ੇ 123, ਮੁਲ : 5.75 ਰੁ:

---

Send subscriptions & donations to :

* Mrs. S. SAINI
95, BURNS AVE.,
SOUTHALL, MIDDX
U.K.

* G. S. PANNU
3368 E, 27th AVE.,
VANCOUVER-16 (B.C.)
CANADA

Price : Rs. 1.50 Per Copy
Subscription :
Annual (India) : Rs. 15
U.K., U.S.A., Canada : £ 5 / $10
(By Air) £2.50 / $5 (By Sea)
(Pakistan) : Rs. 30
Life membership : Rs. 100
£50 / $100 (By Air) : £ 25 or
$50 (By Sea)



ਭਗਵਾਨ ਸਿੰਘ ਜੋਸ਼
ਹਰਚਰਨ ਸਿੰਘ ਸੋਬਤੀ
ਜਗਜੀਤ ਸਿੰਘ
ਕੁਲਵੰਤ ਔਜਲਾ
ਡਾ: ਸ. ਨ. ਸੇਵਕ

## ਲੇਖਕ / ਪਾਠਕ ਕਹਿੰਦੇ ਹਨ

■ **ਮਾਰਕਸਵਾਦੀ ਲਹਿਰ ਦੇ ਨਾ ਫ਼ੈਲਣ ਦੇ ਕਾਰਨ** : ਸੇਧ ਦੇ ਨਵੰਬਰ, 1977 ਅੰਕ ਵਿਚ 'ਮਾਰਕਸਵਾਦੀ ਲਹਿਰ ਦੇ ਨਾ ਫ਼ੈਲਣ ਦੇ ਕਾਰਨ' ਸੰਬੰਧੀ ਸੁਰਜੀਤ ਗਿੱਲ ਦੇ ਵਿਚਾਰ ਪੜ੍ਹਨ ਦਾ ਮੌਕਾ ਮਿਲਿਆ। ਵੱਖ ਵੱਖ ਪਤਰਾਂ ਵਿਚ ਅਕਸਰ ਛਪਦੇ ਰਹਿੰਦੇ ਉਸ ਦੇ ਲੇਖ, ਵਾਦ-ਵਿਵਾਦ, ਤੇ ਟਿੱਪਣੀਆਂ ਨੂੰ ਮੈਂ ਧਿਆਨ ਨਾਲ ਪੜ੍ਹਦਾ ਰਿਹਾ ਹਾਂ ਪਰ ਲਹਿਰ ਨਾਲ ਸੰਬੰਧਤ ਇਹ ਵਿਚਾਰ ਪੜ੍ਹ ਕੇ ਮੈਨੂੰ ਬੜੀ ਖ਼ੁਸ਼ੀ ਹੋਈ ਹੈ। ਅਜਿਹਾ ਇਸ ਕਰਕੇ ਹੋਇਆ ਹੈ ਕਿ ਇਸ ਲੇਖ (ਯਤਨ) ਵਿਚ ਉਸ ਨੇ 'ਮਚਲੇ ਜੱਟ' ਦੀ ਭਾਸ਼ਾ—ਮਾਰਕਸਵਾਦ ਦੀਆਂ ਕੁਰਲੀਆਂ ਕਰਨੀਆਂ, ਪੋਥੀਆਂ ਵਾਹੁਣਾ, ਦਾਸ ਦੀ ਬੇਨਤੀ ਹੈ, ਆਦਿ, ਆਦਿ—ਦਾ ਮੁਕੰਮਲ ਤਿਆਗ ਕਰਕੇ ਸਪੱਸ਼ਟ, ਪਰ ਸਿੱਧੇ ਸਾਦੇ ਢੰਗ ਨਾਲ ਉਨ੍ਹਾਂ ਨੁਕਤਿਆਂ 'ਤੇ ਉਂਗਲ ਰੱਖਣ ਦੀ ਕੋਸ਼ਿਸ਼ ਕੀਤੀ ਹੈ, ਜੋ ਪੰਜਾਬ ਵਿਚ ਮਾਰਕਸਵਾਦੀ ਲਹਿਰ ਦੇ ਫ਼ੈਲਣ ਦੇ ਰਾਹ ਵਿਚ ਰੋੜਾ ਸਾਬਤ ਹੋਏ। ਮੇਰੇ ਖ਼ਿਆਲ ਵਿਚ ਉਸ ਦਾ ਅਜਿਹਾ ਵਤੀਰਾ ਜ਼ਰੂਰ ਹੀ ਇਸ ਬਹਿਸ ਨੂੰ ਅੱਗੇ ਤੋਰ ਕੇ ਵਧੇਰੀ ਗੰਭੀਰਤਾ ਅਤੇ ਡੂੰਘੇ ਅਧਿਅਨ ਵਲ ਪ੍ਰੇਰਿਤ ਕਰਨ ਵਿਚ ਮਦਦ ਕਰੇਗਾ। ਖੱਬੀਆਂ ਪਾਰਟੀਆਂ, ਗਰੁੱਪਾਂ ਆਦਿ ਵਿਚ ਬੈਠੇ ਬੁਧੀਜੀਵੀ ਵੀ ਜੇ ਅਜਿਹੀ ਸੁਹਿਰਦਤਾ ਨਾਲ ਅੱਗੇ ਆ ਕੇ ਇਸ ਬਹਿਸ ਵਿਚ ਹਿੱਸਾ ਪਾਉਣ, ਆਪਣੇ ਪਿਛਲੇ ਤਜਰਬੇ ਤੇ ਵਿਚਾਰਾਂ ਤੋਂ ਪਾਠਕਾਂ ਨੂੰ ਜਾਣੂ ਕਰਵਾਉਣ, ਤਾਂ ਇਹ ਬਹਿਸ ਕਾਫ਼ੀ ਸਾਰਥਕ ਸਿੱਧ ਹੋ ਸਕਦੀ ਹੈ ਤੇ ਸਭ ਤੋਂ ਮਹੱਤਵਪੂਰਣ ਗੱਲ ਇਹ ਕਿ ਚਿੱਕੜ ਸੁੱਟਣ ਦੇ ਪੱਧਰ ਤੋਂ ਉਪਰ ਉਠ ਕੇ ਇਹ ਬਹਿਸ ਇਕ ਸਾਂਝੇ ਉਦੇਸ਼ ਦੀ ਪ੍ਰਾਪਤੀ ਵਲ ਹੋਏ ਯਤਨ ਸੰਬੰਧੀ ਵਿਚਾਰ-ਵਟਾਂਦਰੇ ਦੀ ਇਕ ਨਵੀਂ ਮਿਸਾਲ ਕਾਇਮ ਕਰ ਸਕਦੀ ਹੈ।

ਸੁਰਜੀਤ ਗਿੱਲ ਨੇ ਪੰਜਾਬ ਦੀ ਛੋਟੀ ਕਿਸਾਨੀ ਦੀ ਖ਼ਾਸੀਅਤ ਸੰਬੰਧੀ ਤੇ ਮੁੱਢਲੇ ਕਮਿਊਨਿਸਟਾਂ ਦੀ ਬੌਧਿਕ ਊਣਤਾਈ ਬਾਰੇ ਜੋ ਕਿਹਾ ਹੈ, ਮੋਟੇ ਤੌਰ 'ਤੇ ਮੈਂ ਉਸ ਨਾਲ ਸਹਿਮਤ ਹਾਂ। ਪਰ ਜਿਸ ਜਨਰਲ ਪੱਧਰ 'ਤੇ ਇਹ ਕਾਰਨ ਬਿਆਨੇ ਗਏ ਹਨ ਤੇ ਜਿਸ ਲੋੜੀਂਦੀ (ਚਾਹੀਦੀ) ਪਹੁੰਚ ਦਾ ਉਨ੍ਹਾਂ ਜ਼ਿਕਰ ਕੀਤਾ ਹੈ, ਉਸ ਨਾਲ ਤਾਂ ਮੇਰੇ ਖ਼ਿਆਲ ਵਿਚ ਮਾਰਕਸਵਾਦ ਦੀ ਮੋਟੀ ਜਿਹੀ ਸਮਝ ਰੱਖਣ ਵਾਲਾ ਕੋਈ ਵੀ ਬੰਦਾ ਅਸਹਿਮਤ ਨਹੀਂ ਹੋਵੇਗਾ, ਕਿਉਂਕਿ ਆਪਣੀਆਂ ਅਜਿਹੀਆਂ ਧਾਰਨਾਵਾਂ ਵਿਚ ਸੁਰਜੀਤ ਗਿੱਲ ਮਾਰਕਸਵਾਦ ਦੀਆਂ ਮੂਲ ਧਾਰਨਾਵਾਂ ਨੂੰ ਹੀ ਦ੍ਰਿੜ੍ਹਾਉਂਦੇ ਹਨ। ਉਹ ਲਿਖਦੇ ਹਨ : "ਇਸ ਮਸਲੇ ਵਲ ਦਰੁਸਤ ਪਹੁੰਚ ਇਹ ਬਣਦੀ ਹੈ ਕਿ ਪੰਜਾਬ ਦਾ ਰਾਜਸੀ, ਆਰਥਕ ਤੇ ਸਮਾਜਕ ਪਿਛੋਕੜ ਘੋਖ ਕੇ ਉਨ੍ਹਾਂ ਕਾਰਨਾਂ ਦੀ ਭਾਲ ਕੀਤੀ ਜਾਵੇ, ਜਿੰਨ੍ਹਾਂ ਕਰਕੇ ਮਾਰਕਸਵਾਦੀ ਲਹਿਰ ਵਿਕਾਸ ਨਹੀਂ ਕਰ ਸਕੀ।" ਉਨ੍ਹਾਂ ਦੀ ਦੂਸਰੀ ਜਨਰਲ ਧਾਰਨਾ

ਹੈ : "ਮਾਰਕਸਵਾਦ ਵਿਗਿਆਨ ਹੈ, ਉਹ ਹਰ ਇਕ ਗੱਲ ਦਾ ਭੌਤਕੀ ਕਾਰਨ ਲੱਭਦਾ ਹੈ ਅਤੇ ਪਰਮਾਣੀਕ ਸੱਚ ਤੱਕ ਅਪੜਦਾ ਹੈ।" ਇਹ ਗੱਲ ਆਪਣੇ ਆਪ ਵਿਚ ਠੀਕ ਹੈ। ਮੈਂ ਉਨ੍ਹਾਂ ਦੀ ਇਸ ਗੱਲ ਨਾਲ ਵੀ ਸਹਿਮਤ ਹਾਂ ਕਿ ਇਹ ਮਸਲਾ 'ਡੂੰਘੀ ਪੁਣ-ਛਾਣ' ਅਤੇ 'ਡੂੰਘੀ ਖੋਜ' ਦੀ ਮੰਗ ਕਰਦਾ ਹੈ।

ਸੁਰਜੀਤ ਗਿੱਲ ਦੇ ਉਪਰੋਕਤ ਦ੍ਰਿਸ਼ਟੀਕੋਨ ਨੂੰ, ਜਿਸ ਨੂੰ ਮੈਂ ਠੀਕ ਸਮਝਦਾ ਹਾਂ, ਮੈਂ ਇੰਜ ਵੀ ਬਿਆਨ ਸਕਦਾ ਹਾਂ ਕਿ ਇਸ ਮਸਲੇ ਸੰਬੰਧੀ ਨਿਰਣਿਆਂ ਉਪਰ ਪੁੱਜਣ ਦਾ ਕੰਮ ਮਾਰਕਸਵਾਦੀ ਵਿਗਿਆਨੀਆਂ ਨੇ, ਮਾਰਕਸਵਾਦੀ ਵਿਗਿਆਨਕ ਵਿੱਧੀ ਅਪਣਾ ਕੇ (ਸਿਰਫ਼ ਉਸ ਤੋਂ ਹੀ ਸਾਨੂੰ ਉਨ੍ਹਾਂ ਦੇ ਮਾਰਕਸਵਾਦ ਦੇ ਪੈਰੋਕਾਰ ਹੋਣ ਦਾ ਪਤਾ ਚਲੇਗਾ) ਡੂੰਘੀ ਲਗਨ ਤੇ ਮਿਹਨਤ ਨਾਲ ਕਰਨਾ ਹੈ। ਇਸ ਤੋਂ ਬਿਨਾਂ ਕੋਈ ਹੋਰ ਰਾਹ ਨਹੀਂ ਹੈ। ਗ੍ਰਾਮਸੀ ਨੇ ਇਸ ਦਾ ਸਿਧਾਂਤੀਕਰਨ ਇੰਜ ਕੀਤਾ : Every revolution is preceded by an intense intellectual activity. ਪਰ ਇਥੋਂ ਤਾਂ ਗੱਲ ਕੇਵਲ ਸ਼ੁਰੂ ਹੀ ਹੁੰਦੀ ਹੈ, ਮੁਕਦੀ ਨਹੀਂ। ਸਗੋਂ ਇਥੋਂ ਅੱਗੇ ਹੀ ਤਾਂ ਅਸਲੀ ਸਵਾਲ ਉਠਦਾ ਹੈ, ਜਿਸ ਦਾ ਸਾਨੂੰ ਸਾਹਮਣਾ ਕਰਨਾ ਹੀ ਪਵੇਗਾ। ਇਹ ਸਵਾਲ ਕਿਹੜਾ ਹੈ ?

ਸੁਰਜੀਤ ਗਿੱਲ ਦੇ ਲੇਖ ਵਿਚ ਇਕ ਗੱਲ ਖ਼ਾਸ ਧਿਆਨ ਖਿਚਦੀ ਹੈ ਤੇ ਕੁਦਰਤੀ ਹੀ ਉਨ੍ਹਾਂ ਦੇ ਲੇਖ ਦਾ ਅੰਤ ਇਸ ਨੁਕਤੇ 'ਤੇ ਹੁੰਦਾ, ਉਹ ਹੈ : "ਮੂਲ ਰੂਪ ਵਿਚ ਮਾਰਕਸੀ ਲਹਿਰ ਦੇ ਵਿਕਾਸ ਨੂੰ ਜੋਖਣ ਲਈ ਇਥੋਂ (ਪੰਜਾਬ) ਦੀਆਂ ਆਰਥਕ ਤੇ ਸਮਾਜਕ ਪ੍ਰਸਥਿਤੀਆਂ ਦਾ ਨਿਰਣਾ ਕਰਨਾ ਚਾਹੀਦਾ ਹੈ।" ਮੇਰੀ ਸਮਝ ਅਨੁਸਾਰ ਸੁਰਜੀਤ ਗਿੱਲ ਦੇ ਲੇਖ ਤੋਂ ਕੇਂਦਰੀ ਨੁਕਤਾ ਇਹੀ ਉਭਰਦਾ ਹੈ ਕਿ ਪੰਜਾਬ ਵਿਚ ਮਾਰਕਸਵਾਦੀ ਲਹਿਰ ਦੇ ਫੈਲਣ ਦੇ ਕਾਰਨਾਂ ਦੀ ਘੋਖ ਕੇ ਪੜਤਾਲ ਕੀਤੀ ਜਾਵੇ ਤੇ ਮਾਰਕਸਵਾਦੀ ਦ੍ਰਿਸ਼ਟੀਕੋਨ ਤੋਂ ਇਹ ਜ਼ਰੂਰੀ ਬਣਦਾ ਹੈ ਕਿ ਘੋਖ ਰਾਹੀਂ ਇਨ੍ਹਾਂ ਕਾਰਨਾਂ ਦੀ ਭਾਲ ਦੌਰਾਨ ਆਰਥਕ ਤੇ ਸਮਾਜਕ ਪ੍ਰਸਥਿਤੀਆਂ ਦਾ ਨਿਰਣਾ ਕੀਤਾ ਜਾਣਾ ਚਾਹੀਦਾ ਹੈ।

ਜਿਥੋਂ ਤਕ ਸਾਨੂੰ ਕੀ ਕਰਨਾ ਚਾਹੀਦਾ ਹੈ, ਦਾ ਸਵਾਲ ਹੈ ਮੇਰਾ ਸੁਰਜੀਤ ਗਿੱਲ ਨਾਲ ਕਈ ਮਤਭੇਦ ਨਹੀਂ। ਮੇਰਾ ਸਰੋਕਾਰ ਇਸ ਸਵਾਲ ਨਾਲ ਹੈ : ਅਜ ਸਾਡੇ ਵਿਚ ਕੀ ਕੁਝ ਕਰ ਸਕਣ ਦੀ ਬੌਧਿਕ ਸਮਰਥਾ ਹੈ ਤੇ ਪਿਛਲੇ ਤੀਹਾਂ ਸਾਲਾਂ ਵਿਚ ਕਮਿਊਨਿਸਟਾਂ ਦੀਆਂ ਪਹਿਲੀਆਂ ਪੀੜ੍ਹੀਆਂ ਨੇ ਸਾਨੂੰ ਕਿਸ ਬੌਧਿਕ ਕਾਰਜ ਕਰ ਸੱਕਣ ਦੇ ਯੋਗ ਬਣਾਇਆ ਹੈ ? ਇਸ ਸਵਾਲ ਦੇ — ਸਾਨੂੰ ਕੀ ਕਰਨਾ ਚਾਹੀਦਾ ਹੈ, ਅਸੀਂ ਚਾਹੀਦੇ ਨੂੰ ਸੰਭਵ ਵਿਚ ਤਬਦੀਲ ਨਹੀਂ ਕਰ ਸਕਾਂਗੇ। ਜੋ ਸਾਨੂੰ ਕਰਨਾ ਚਾਹੀਦਾ ਹੈ ਕੀ ਅਸੀਂ ਉਸ ਲਈ ਲੋੜੀਂਦੀ ਯੋਗਤਾ ਤੇ ਸਮਰਥਾ ਰਖਦੇ ਹਾਂ ?

ਅਸੀਂ ਇਸ ਸਮਸਿਆ ਨੂੰ ਹੋਰ ਢੰਗ ਨਾਲ ਵੀ ਫਾਰਮੂਲੇਟ ਕਰ ਸਕਦੇ ਹਾਂ। ਸਾਨੂੰ ਆਰਥਕ ਤੇ ਸਮਾਜਕ ਪ੍ਰਸਥਿਤੀਆਂ ਦਾ ਘੋਖ ਕੇ ਨਿਰਣਾ ਕਰਨਾ ਚਾਹੀਦਾ ਹੈ, ਕਿਉਂਕਿ ਇਸ ਤੋਂ ਬਿਨਾਂ ਕਮਿਊਨਿਸਟ ਲਹਿਰ ਦਾ ਸਰ ਨਹੀਂ ਸਕਦਾ। ਕਿਉਂਕਿ ਅਜਿਹਾ ਨਿਰਣਾ ਕੇਵਲ ਮਾਰਕਸਵਾਦੀ ਹੀ ਕਰ ਸਕਦੇ ਹਨ, ਹੋਰ ਕੋਈ ਨਹੀਂ, ਇਸ ਲਈ ਇਸ ਕੰਮ ਲਈ ਗੰਭੀਰ ਨਿਰਣੇ ਕਰ ਸਕਣ ਤੋਂ ਪਹਿਲਾਂ ਸਾਨੂੰ ਮਾਰਕਸਵਾਦੀ ਵਿਗਿਆਨੀ ਚਾਹੀਦੇ ਹਨ। ਕਿਉਂਕਿ ਅਜਿਹੇ ਮਾਰਕਸਵਾਦੀ ਬੁਧੀਜੀਵੀ ਅਸਮਾਨ ਤੋਂ ਨਹੀਂ ਡਿਗਦੇ, ਉਹਨਾਂ ਵਿਚ



ਮੁਨਾਸਬ ਯੋਗਤਾ ਹੋਣ ਲਈ, ਅਜਿਹੇ ਬੁਧੀਜੀਵੀ ਪਦਾਰਥਵਾਦੀ ਵਿਸ਼ਲੇਸ਼ਨ ਦੇ ਮਹੱਤਵ-ਪੂਰਣ ਕਾਰਜ ਕਰ ਸਕਣ ਲਈ ਪਾਰਟੀ ਵਲੋਂ ਤਿਆਰ ਕੀਤੇ ਜਾਣੇ ਚਾਹੀਦੇ ਹਨ। ਪਰ ਅਜਿਹੇ ਬੁਧੀਜੀਵੀ ਪੰਜਾਬ ਦੀਆਂ ਕਮਿਊਨਿਸਟ ਪਾਰਟੀਆਂ ਤੇ ਗਰੁਪਾਂ ਵਿਚ ਹੈਨ ਕਿਥੇ ? ਪਿਛਲੇ ਤੀਹਾਂ ਸਾਲਾਂ ਵਿਚ ਜਾਂ ਅੱਜ ਕਲ੍ਹ ਉਹਨਾਂ ਦੀ ਮਾਰਕਸਵਾਦੀ ਤਾਲੀਮ (Marxist education) ਕਿਥੇ ਤੇ ਕਿਹੋ ਜਿਹੀ ਹੋ ਰਹੀ ਹੈ ? ਇਥੇ ਆਪਾਂ ਮਾਰਕਸਵਾਦੀ ਸਾਹਿਤ ਮਿਲਣ ਦੀ ਘਾਟ ਕਾਰਨ 1947 ਤੋਂ ਪਹਿਲਾਂ ਦਾ ਸਮਾਂ ਛੱਡ ਹੀ ਦਿਤਾ ਹੈ। ਪਰ ਆਜ਼ਾਦੀ ਤੋਂ ਪਿਛੋਂ ਪਿਛਲੇ ਤੀਹਾਂ ਸਾਲਾਂ ਵਿਚ ਇਸ ਗੱਲ—ਲੋੜੀਂਦੇ ਬੁਧੀਜੀਵੀਆਂ ਦੀ ਤਿਆਰੀ—ਵਲ ਪਾਰਟੀਆਂ ਨੇ ਕੋਈ ਧਿਆਨ ਦਿਤਾ ਹੈ ? ਪਿਛਲੇ 30 ਜਾਂ 20 ਸਾਲਾਂ ਵਿਚ ਆਪਣੇ ਅਣਥਕ ਯਤਨਾਂ ਦੁਆਰਾ ਮਾਰਕਸਵਾਦ, ਜੋ ਵਿਗਿਆਨ ਹੈ, ਨੂੰ ਅਪਣਾਉਣ ਵਾਲਾ ਵਿਗਿਆਨੀ ਅੱਜ ਪੰਜਾਬ ਵਿਚ ਕਿਸ ਪੜਾਅ' ਤੇ ਖੜ੍ਹਾ ਹੈ ਤੇ ਹੁਣ ਤਕ ਉਸਦੇ ਬੌਧਿਕ ਯਤਨਾਂ ਦੀ ਪੈਦਾਵਾਰ ਕਿਹੜੀਆਂ ਲਿਖਤਾਂ ਵਿਚ ਦਰਜ ਹੈ ?

ਕੀ ਸਾਡੀ ਹਾਲਤ ਉਸ ਸਕੂਲ ਅਧਿਆਪਕ ਵਰਗੀ ਨਹੀਂ, ਜੋ ਤੀਹ ਸਾਲ ਬਚਿਆਂ ਨੂੰ ਇਹੀ ਦਸਦਾ ਰਿਹਾ ਹੋਵੇ : ਧਿਆਨ ਨਾਲ ਆਪਣੀਆਂ ਆਪਣੀਆਂ ਕਾਪੀਆਂ ਵਿਚ ਨੋਟ ਕਰ ਲਵੋ ਕਿ ਨਿਊਟਨ ਇਕ ਮਹਾਨ ਵਿਗਿਆਨੀ ਹੋਇਆ ਹੈ, ਉਸ ਨੇ ਮਕੈਨਿਕਸ ਦੇ ਨਿਯਮ ਲਭੇ ਹਨ। ਪਰ ਅਫ਼ਸੋਸ ਇਹਨਾਂ ਤੀਹਾਂ ਸਾਲਾਂ ਵਿਚ ਉਹ ਆਪ ਇਹਨਾਂ ਨਿਯਮਾਂ ਦੀ ਵਰਤੋਂ ਕਰਕੇ ਆਪਣੇ ਅਗੇ ਪੇਸ਼ ਇਕ ਵੀ ਸਵਾਲ ਦੇ ਹੱਲ ਦੇ ਨਿਰਣਿਆਂ ਉਪਰ ਪੁਜਣ ਵਿਚ ਅਸਮਰਥ ਰਹਿੰਦਾ ਹੈ। ਪਰ ਇਸ ਦੇ ਬਾਵਜੂਦ ਉਹ ਇਸ ਗੱਲ 'ਤੇ ਖੁਸ਼ੀ ਮਹਿਸੂਸ ਕਰਦਾ ਹੈ ਕਿ ਅੰਧ ਵਿਸ਼ਵਾਸਾਂ ਵਿਚ ਗ੍ਰੱਸੇ ਇਹਨਾਂ ਲੋਕਾਂ ਵਿਚ ਉਹ ਘਟੋ ਘਟ ਐਡੇ ਮਹਾਨ ਵਿਗਿਆਨੀ ਨਿਊਟਨ ਦਾ ਸੱਚਾ ਪੈਰੋਕਾਰ ਤਾਂ ਹੈ। ਉਹ ਘਟ ਘਟ ਬਚਿਆਂ ਨੂੰ ਇਹ ਤਾਂ ਦਸਦਾ ਰਹਿੰਦਾ ਹੈ : ਮਕੈਨਿਕਸ ਵਰਗੇ ਵਿਗਿਆਨ ਦੀ ਦੁਨੀਆਂ ਵਿਚ ਹੋਂਦ ਹੈ ਤੇ ਉਹਨਾਂ ਸਿਖਾਂਦਰੂਆਂ ਨੂੰ ਜ਼ਰੂਰ ਉਸ ਪਿਛੇ ਲੱਗਣਾ ਚਾਹੀਦਾ ਹੈ, ਕਿਉਂਕਿ ਕੇਵਲ ਉਹ ਹੀ ਨਿਊਟਨ ਦੇ 'ਤਿੰਨ ਨਿਯਮਾਂ' ਤੋਂ ਵਾਕਿਫ਼ ਹੈ, ਭਾਵੇਂ ਇਹ ਠੀਕ ਹੈ ਕਿ ਉਹ ਉਹਨਾਂ ਨਿਯਮਾਂ ਨੂੰ ਜ਼ਿੰਦਗੀ ਨੂੰ ਦਰਪੇਸ਼ ਮਸਲੇ ਦੇ ਹੱਲ ਲਈ ਵਰਤ ਕੇ ਅਮਲੀ ਨਿਰਣਿਆਂ ਉਪਰ ਨਹੀਂ ਪੁਜ ਸਕਦਾ, ਜੋ ਕਿ ਅਸਲ ਵਿਚ ਵਿਗਿਆਨ ਦਾ ਯਤਨ ਹੋਣਾ ਚਾਹੀਦਾ ਹੈ।

ਕਮਿਊਨਿਸਟ ਪਾਰਟੀਆਂ ਦਾ ਆਰਥਕ ਤੇ ਸਮਾਜਕ ਘੋਲ ਨਾਲ ਸੰਬੰਧਿਤ ਪ੍ਰਸਥਿਤੀਆਂ ਦਾ ਨਿਰਨਾ ਕੀਤੇ ਬਿਨਾਂ ਸਰ ਨਹੀਂ ਸਕਦਾ ਤੇ ਕਿਉਂਕਿ ਅਜਿਹਾ ਨਿਰਣਾ ਕੇਵਲ ਮਾਰਕਸਵਾਦੀ ਵਿਗਿਆਨੀ ਹੀ ਕਰ ਸਕਦੇ ਹਨ, ਇਸ ਲਈ ਇਹਨਾਂ ਪਾਰਟੀਆਂ ਦਾ ਅਜਿਹੇ ਬੁਧੀਜੀਵੀਆਂ ਦੀ ਤਿਆਰੀ ਤੋਂ ਬਿਨਾਂ ਸਰ ਨਹੀਂ ਸਕਦਾ। ਜੇਕਰ ਖ਼ਾਸ ਕਰ ਪੰਜਾਬ ਵਿਚ ਪਿਛਲੇ ਤੀਹਾਂ ਸਾਲਾਂ ਵਿਚ ਕਮਿਊਨਿਸਟ ਪਾਰਟੀ (ਪਾਰਟੀਆਂ) ਨੇ ਇਸ ਤੋਂ ਬਿਨਾਂ ਹੀ ਸਾਰ ਲਿਆ ਹੈ ਤਾਂ ਜ਼ਰੂਰ ਮੰਨਣਾ ਪਵੇਗਾ ਕਿ ਇਹ ਇਕ ਕ੍ਰਿਸ਼ਮੇ ਤੋਂ ਘਟ ਨਹੀਂ ਸੀ। ਕਿਉਂਕਿ ਪਦਾਰਥਵਾਦੀ ਕ੍ਰਿਸ਼ਮਿਆਂ ਵਿਚ ਵਿਸ਼ਵਾਸ ਨਹੀਂ ਕਰਦੇ, ਇਸ ਤੋਂ ਪਹਿਲਾਂ ਉਹ ਇਹ ਸਵਾਲ ਉਠਾਉਣ ਕਿ ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ, ਉਹਨਾਂ ਨੂੰ ਇਸ ਨੂੰ ਕ੍ਰਿਸ਼ਮਾ ਸਮਝਣਾ ਹੀ ਪਵੇਗਾ !

ਅੰਤ ਵਿਚ ਮੈਂ ਸੁਰਜੀਤ ਗਿੱਲ ਦੇ ਸਿਆਸੀ ਤਜਰਬੇ ਬਾਰੇ ਸਵਾਲ ਉਠਾਉਣਾ ਚਾਹਾਂਗਾ ਕਿਉਂਕਿ ਉਹ ਆਪ ਵੀਹ ਸਾਲ ਇਸ ਲਹਿਰ ਵਿਚ ਸਰਗਰਮ ਰਿਹਾ ਹੈ ਤੇ ਵੀਹ ਸਾਲ ਕਈ ਥੋੜ੍ਹੇ ਨਹੀਂ ਹੁੰਦੇ ਕਿਉਂਕਿ ਰੂਸ ਤੇ ਚੀਨ ਦੀਆਂ ਮਾਰਕਸਵਾਦੀ ਲਹਿਰਾਂ ਨੇ ਲੱਗਭਗ 25 ਤੇ 28 ਸਾਲਾਂ ਦੌਰਾਨ ਹੀ ਕਾਮਯਾਬੀ ਹਾਸਿਲ ਕਰ ਲਈ ਸੀ। ਸੂਝਵਾਨ ਹੁੰਦਿਆਂ ਵੀ, ਸਮਸਿਆ ਨੂੰ ਸਮਝਦਿਆਂ ਹੋਇਆਂ ਵੀ

ਉਹ ਆਪ ਆਪਣੀ ਪਾਰਟੀ ਵਿਚ ਅਜਿਹਾ ਮਾਰਕਸਵਾਦੀ ਕਿਉਂ ਨਹੀਂ ਬਣ ਸਕਿਆ ਜਿਸ ਨੇ ਹੁਣ ਤੱਕ ਆਰਥਕ ਅਤੇ ਸਮਾਜਕ ਪ੍ਰਸਥਿਤੀਆਂ ਨੂੰ ਸਮਝਣ ਵਲ ਕੋਈ ਠੋਸ ਬੌਧਿਕ ਯਤਨ ਕੀਤਾ ਹੋਵੇ ? ਤੇ ਜੇਕਰ ਕੋਈ ਹੋਰ ਬਣ ਸਕਿਆ ਹੈ ਤਾਂ ਗਿੱਲ ਉਸ ਦੀ ਦੇਣ ਤੋਂ ਜਾਣੂ ਕਰਵਾ ਸਕਦਾ ਹੈ। ਇਸ ਪ੍ਰਸੰਗ ਵਿਚ ਉਸ ਦੀ ਆਪਣੀ ਹੀ 'ਕੇਸ ਸਟੱਡੀ' ਇਸ ਸਵਾਲ ਨੂੰ ਸਪਸ਼ਟ ਕਰਨ ਵਿਚ ਕਾਫ਼ੀ ਮਦਦ ਦੇਵੇਗੀ। ਇੰਜ ਪਾਰਟੀਆਂ ਵਿਚ ਮਾਰਕਸਵਾਦੀ ਬੁਧੀਜੀਵੀਆਂ ਦੀ ਤਿਆਰੀ ਤੇ ਬਣਤਰ ਦੀਆਂ ਸਮਸਿਆਵਾਂ ਤੇ ਪਿਛਲੇ ਤਜਰਬੇ ਦਾ ਵਿਸ਼ਲੇਸ਼ਣ ਕਰਕੇ ਉਹ ਠੋਸ ਢੰਗ ਰਾਹੀਂ ਚਾਨਣਾ ਪਾ ਸਕਦਾ ਹੈ। ਮੈਨੂੰ ਆਸ ਹੈ ਇਕ ਜ਼ਿੰਮੇਂਵਾਰ ਪਾਰਟੀ ਮੈਂਬਰ ਦੀ ਹੈਸੀਅਤ ਵਿਚ ਉਹ ਜ਼ਰੂਰ ਅਜਿਹਾ ਕਰਨ ਦਾ ਯਤਨ ਕਰੇਗਾ ਤੇ ਸਾਨੂੰ ਨਿਰਾਸਤਾ ਨਹੀਂ ਹੋਵੇਗੀ।

ਇਹ ਸਵਾਲ ਵੀ ਦਿਲਚਸਪ ਹੈ ਕਿ ਪੰਜਾਬ ਦੇ ਕਮਿਊਨਿਸਟ ਜੋ ਬਾਹਰਮੁਖੀ ਵਿਰੋਧਤਾਵਾਂ ਕਾਰਨ ਇਤਿਹਾਸ ਦੀ ਅੰਦਰੂਨੀ ਗਤੀ ਨੂੰ ਸਮਾਜਵਾਦ ਆਉਣ ਦੀ ਅਟੱਲਤਾ ਲਈ ਗਵਾਹ ਦੇ ਤੌਰ 'ਤੇ ਵਰਤਦੇ ਆ ਰਹੇ ਹਨ, ਕਿਵੇਂ ਪਿਛਲੇ ਤੀਹ ਸਾਲਾਂ ਵਿਚ ਪੰਜਾਬ ਦੀਆਂ ਆਰਥਕ ਤੇ ਸਮਾਜਕ ਪ੍ਰਸਥਿਤੀਆਂ ਦਾ ਠੋਸ ਵਿਸ਼ਲੇਸ਼ਣ ਰਾਹੀਂ ਨਿਰਣਾ ਕੀਤੇ ਬਿਨਾਂ ਹੀ ਆਪਣਾ ਕੰਮ ਚਲਾਉਂਦੇ ਆਏ ਹਨ ਤੇ ਅਜ ਕਲ੍ਹ ਵੀ ਚਲਾ ਰਹੇ ਹਨ ! ਭਾਵ, ਕਿਵੇਂ ਮਾਰਕਸਵਾਦ ਦੀ ਠਸ ਵਰਤੋਂ ਕੀਤੇ ਬਿਨਾਂ ਹੀ, ਸਿਰਫ਼ ਇਹੀ ਦੱਸ ਕੇ ਕਿ ਮਾਰਕਸਵਾਦ ਵਿਗਿਆਨ ਹੈ ਜਾਂ ਮਾਉ ਵਿਚਾਰਧਾਰਾ ਅੱਜ ਦੇ ਯੁਗ ਦਾ ਮਾਰਕਸਵਾਦ-ਲੈਨਿਨਵਾਦ ਹੈ — ਉਹ ਮਾਰਕਸਵਾਦੀ ਅਖਵਾਉਂਦੇ ਆ ਰਹੇ ਹਨ ? ਜੇਕਰ ਸੁਰਜੀਤ ਗਿੱਲ ਆਪਣੇ ਵੀਹਾਂ ਸਾਲਾਂ ਦੀ ਕਮਿਊਨਿਸਟ ਲਹਿਰ ਵਿਚ ਸਰਗਰਮੀ ਦੇ ਤਜਰਬੇ ਦੇ ਆਧਾਰ 'ਤੇ ਸਾਨੂੰ ਇਹ ਗੱਲ (paradox) ਸਮਝਣ ਵਿਚ ਮਦਦ ਕਰ ਸਕਣ ਤਾਂ ਇਤਿਹਾਸ ਦੇ ਵਿਦਿਆਰਥੀ ਦੇ ਨਾਤੇ ਤੇ ਸਿਖਣ ਦੀ ਪ੍ਰਬਲ ਭਾਵਨਾ ਕਾਰਨ ਮੈਨੂੰ ਉਹਨਾਂ ਦਾ ਦਿਲੋਂ ਰਿਣੀ ਹੋਣਾ ਪਵੇਗਾ। ਹੁਣ ਉਹਨਾਂ ਨੇ ਗੱਲ ਸ਼ੁਰੂ ਤਾਂ ਕਰ ਹੀ ਦਿਤੀ ਹੈ, ਉਹਨਾਂ ਨੂੰ ਇਸ ਨੂੰ ਕਿਸੇ ਪਾਸੇ ਲਾਉਣਾ ਚਾਹੀਦਾ ਹੈ।

—ਭਗਵਾਨ ਸਿੰਘ ਜੋਸ਼, ਨਵੀਂ ਦਿੱਲੀ

■ **ਡਾ: ਤਾਰਨ ਸਿੰਘ ਅਤੇ 'ਗੁਰੂਬਾਣੀ ਦੇ ਖੋਜ-ਕਾਰਜ ਦੀਆਂ ਸਮੱਸਿਆਵਾਂ' :** ਡਾ: ਤਾਰਨ ਸਿੰਘ ਹੋਰਾਂ ਨੇ ਦਿੱਲੀ ਯੂਨੀਵਰਸਿਟੀ ਦੇ 'ਆਧੁਨਿਕ ਭਾਰਤੀ ਭਾਸ਼ਾਵਾਂ ਦੇ ਵਿਭਾਗ' ਦੇ ਸੱਦਾ-ਪੱਤਰ 'ਤੇ 'ਗੁਰੂਬਾਣੀ ਦੇ ਖੋਜ-ਕਾਰਜ ਦੀਆਂ ਸਮੱਸਿਆਵਾਂ' ਦੇ ਗੰਭੀਰ ਵਿਸ਼ੇ ਉਪਰ ਤਕਰੀਰ ਕੀਤੀ। ਗੁਰੂਬਾਣੀ ਨਾਲ ਸਬੰਧਿਤ ਪੀ. ਐਚ. ਡੀ. ਦੀਆਂ ਡਿਗਰੀਆਂ ਲਈ ਪ੍ਰਵਾਨ ਕੀਤੇ ਗਏ ਸਾਰੇ ਉਨ੍ਹਾਂ ਖੋਜ-ਗ੍ਰੰਥਾਂ, ਜਿਨ੍ਹਾਂ ਦੇ ਉਹ ਆਪ ਐਗਜ਼ਾਮੀਨਰ / ਸੁਪਰਵਾਈਜ਼ਰ ਰਹੇ (ਸਣੇ ਆਪਣੇ ਖੋਜ-ਗ੍ਰੰਥ ਦੇ) ਨੂੰ ਰੱਦ ਕੇ ਉਹਨਾਂ ਈਮਾਨਦਾਰੀ ਤੇ ਜ਼ਿੰਮੇਦਾਰੀ ਦਾ ਸਬੂਤ ਦਿੱਤਾ। ਡਾ: ਸਾਹਿਬ ਦਾ ਅਜਿਹੀ ਖੋਜ ਬਾਰੇ ਬੁਨਿਆਦੀ ਇਤਰਾਜ਼ ਇਹ ਸੀ ਕਿ ਇਸ ਦਾ ਚਰਿਤਰ ਮਕੈਨਕੀ ਹੈ। ਕੁਝ ਸਿਰਲੇਖਾਂ/ਉਪ-ਸਿਰਲੇਖਾਂ ਨੂੰ ਲੈਕੇ ਉਨ੍ਹਾਂ ਦਾ ਘਰ ਪੂਰਾ ਕਰਨ ਦਾ ਹੀ ਉਪਰਾਲਾ ਕੀਤਾ ਗਿਆ ਹੈ। ਇਸ ਦੇ ਬਾਵਜੂਦ ਉਨ੍ਹਾਂ ਦੇ ਖ਼ਿਆਲ ਵਿਚ ਡਿਗਰੀ ਲਈ ਖੋਜ-ਗ੍ਰੰਥ ਲਿਖਣਾ ਅਤੇ ਡਿਗਰੀ ਦੇ ਬਲਬੂਤੇ ਨੌਕਰੀ ਲੈਣੀ ਗ਼ੈਰ-ਵਾਜਿਬ ਨਹੀਂ। ਨਾਲ ਹੀ ਉਨ੍ਹਾਂ ਇਹ ਸ਼ਰਤ ਵੀ ਰਖੀ ਕਿ ਖੋਜ-ਕਰਤਾ ਲਈ ਪ੍ਰਤਿਬਧ (committed) ਹੋਣਾ ਲਾਜ਼ਮੀ ਹੈ। ਪ੍ਰਤਿਬਧਤਾ ਤੋਂ ਊਣੀ ਖੋਜ-ਕਾਰਜ-ਵਿਧੀ ਨੂੰ 'art for art's sake' ਦੀ ਸ਼੍ਰੇਣੀ ਵਿਚ ਰਖ ਕੇ ਇਸ ਦੀ ਉਹਨਾਂ ਨਿਖੇਧੀ ਕੀਤੀ।

ਪ੍ਰਤਿਬਧਤਾ ਦਾ ਪ੍ਰਸ਼ਨ ਉਠਾ ਕੇ ਡਾ: ਸਾਹਿਬ ਨੇ ਬਹੁਤ ਭਲਾ ਕੰਮ ਕੀਤਾ, ਪਰ ਇਸ ਪ੍ਰਤਿਬਧਤਾ ਦੀ ਸੇਧ ਜਾਂ ਇਸ ਦੇ ਚਰਿੱਤਰ ਵਲ ਉਹਨਾਂ ਲੋੜੀਂਦਾ ਧਿਆਨ ਨਹੀਂ ਦਿੱਤਾ। ਜਿਸ ਪ੍ਰਕਾਰ ਦੀ ਖੋਜ 'ਤੇ ਉਨ੍ਹਾਂ art for art's sake' ਦਾ ਇਲਜ਼ਾਮ ਲਾਇਆ, ਪ੍ਰਤਿਬਧਤਾ ਤੋਂ ਊਣੀ ਤਾਂ ਅਜਿਹੀ ਖੋਜ ਵੀ ਨਹੀਂ ਕਹੀ ਜਾ ਸਕਦੀ। ਫਿਰ 'art for art's sake' ਦਾ ਚਰਿਤਰ ਹਰ ਹਾਲਾਤ ਵਿਚ ਅ-ਸਮਾਜਕ (asocial) ਜਾਂ ਅ-ਰਾਜਨੀਤਕ (apolitical) ਹੋਂਦਿਆਂ ਜ਼ਰੂਰੀ ਨਹੀਂ ਕਿ ਉਹ ਪ੍ਰਤਿਗਾਮੀ (retrogressive) ਹੀ ਹੋਵੇ। ਜ਼ਾਰ ਦੇ ਅਹਿਦ ਵਿਚ ਪੁਸ਼ਕਿਨ ਦੇ 'art for art's sake' ਨੂੰ ਪ੍ਰਗਤੀਵਾਦੀ ਕਰਾਰ ਦਿੱਤਾ ਗਿਆ ਹੈ। ਖ਼ੈਰ, ਡਿਗਰੀ ਲਈ ਖੋਜ ਅਤੇ ਨੌਕਰੀ ਲਈ ਡਿਗਰੀ, ਜਿਸ ਨੂੰ ਡਾਕਟਰ ਸਾਹਿਬ ਨੇ reasonable (ਭਾਸ਼ਣ ਅੰਗਰੇਜ਼ੀ ਭਾਸ਼ਾ ਵਿਚ ਸੀ) ਕਹਿ ਕੇ ਛੁਟਿਆਉਣ ਤੋਂ ਗੁਰੇਜ਼ ਕੀਤਾ। ਇਹ ਉਦਮ ਕਿਹੜਾ ਕੋਈ ਪ੍ਰਤਿਬਧਤਾ ਤੋਂ ਘਟ ਦਰਜਾ ਰਖਦਾ ਹੈ ! ਇੰਨਾ ਹੀ ਹੈ ਨਾ ਕਿ ਪ੍ਰਤਿਬਧਤਾ ਆਪਣੇ career ਪ੍ਰਤੀ ਹੈ। ਫੇਰ ਵੀ, ਪ੍ਰਤਿਬਧਤਾ ਨਾਲ ਸਬੰਧਿਤ ਕਹੀਆਂ ਗਈਆਂ ਗੱਲਾਂ ਦਾ ਸਮੁਚਾ ਪ੍ਰਭਾਵ ਇਹੀ ਪੈਂਦਾ ਸੀ ਕਿ ਡਾ: ਸਾਹਿਬ ਦਾ ਪ੍ਰਤਿਬਧਤਾ ਦਾ ਸੰਕਲਪ 'ਚੰਗੇਰੀ ਦੁਨੀਆਂ' ਦੀ ਉਸਾਰੀ ਦੀ ਕਾਮਨਾ ਕਰਦਾ ਹੈ। ਪ੍ਰਤਿਬਧਤਾ ਦਾ ਇਹ ਸੰਕਲਪ ਬੜਾ ਸ਼ੁਭ ਹੈ। ਪਰ 'ਚੰਗੇਰੀ ਦੁਨੀਆਂ' ਦੀ ਉਸਾਰੀ ਗੁਰੂਬਾਣੀ ਦੀ 'ਖੋਜ' ਨਾਲ ਕਿਵੇਂ ਤਅਲੁਕ ਰਖਦੀ ਹੈ ਜਦੋਂ ਡਾ: ਤਾਰਨ ਸਿੰਘ ਦੀ ਇਹ ਧਾਰਨਾ ਹੋਵੇ ਕਿ ਗੁਰੂਬਾਣੀ ਦਾ ਚਰਿਤਰ ਅ-ਰਾਜਨੀਤਕ (apolitical) ਹੈ ? ਗੁਰੂਬਾਣੀ ਦੇ ਚਰਿਤਰ ਨੂੰ ਅ-ਰਾਜਨੀਤਕ ਅਰਥਾਂ ਵਿਚ ਗ੍ਰਹਿਣ ਕਰਨਾ, ਫਿਰ ਪ੍ਰਚਾਰ ਦੁਆਰਾ ਸਥਾਪਿਤ ਕਰਨਾ, ਆਪਣੇ ਆਪ ਵਿਚ ਇਕ ਰਾਜਨੀਤੀ ਸੀ, ਜਿਸ ਨੂੰ ਵਿਸ਼ੇਸ਼ ਕਰਕੇ ਸਿੰਘ-ਸਭਾਈ ਸਿੱਖ ਪਰੰਪਰਾ ਨੇ ਆਪਣੇ ਜ਼ਾਤੀ ਮੁਫ਼ਾਦ ਲਈ ਬਤੌਰ ਵਸਤ ਵੇਚ ਕੇ ਮਹਿਲ-ਮਾੜੀਆਂ ਉਸਾਰੇ। ਗੁਰੂਬਾਣੀ ਦੇ ਚਰਿਤਰ ਬਾਰੇ ਵਿਰਸੇ ਵਿਚੋਂ ਪ੍ਰਾਪਤ ਅਜਿਹੀ ਧਾਰਨਾ ਨੂੰ ਬੇਦਖ਼ਲ ਕਰਨਾ (disinherit) ਗੁਰੂਬਾਣੀ ਦੇ ਖੋਜ-ਕਾਰਜ ਦਾ ਅਰੰਭਕ ਪੜਾਅ ਹੋਣਾ ਚਾਹੀਦਾ ਹੈ।

ਡਾ: ਸਾਹਿਬ ਨੇ ਗੁਰੂਬਾਣੀ ਦੇ ਅ-ਰਾਜਨੀਤਕ ਚਰਿਤਰ ਦੀ ਗੱਲ ਭਾਵੇਂ ਪਰੋਖ ਰੂਪ ਵਿਚ ਹੀ ਕੀਤੀ ਹੈ ਪਰ ਇਸ ਪ੍ਰਕਾਰ ਦੀ ਚਿੰਤਨ-ਵਿਧੀ ਤੋਂ ਖ਼ਬਰਦਾਰ ਰਹਿਣ ਦੀ ਸਖ਼ਤ ਲੋੜ ਹੈ। ਡਾ: ਤਾਰਨ ਸਿੰਘ ਨੇ ਆਪਣੇ ਭਾਸ਼ਣ ਦੇ ਦੌਰਾਨ ਇਹ ਸ਼ਬਦ ਪੜ੍ਹ ਕੇ ਸੁਣਾਇਆ :

ਹਰਣਾ ਬਾਜਾ ਤੇ ਸਿਕਦਾਰਾ ਏਨਾ ਪੜ੍ਹਿਆ ਨਾਉ।
ਫਾਧੀ ਲਗੀ ਜਾਤਿ ਫਹਾਇਨ ਅਗੈ ਨਾਹੀਂ ਥਾਉ।
ਸੋ ਪੜ੍ਹਿਆ ਸੋ ਪੰਡਿਤ ਬੀਨਾ ਜਿਨੀ ਕਮਾਣਾ ਨਾਉ।
ਪਹਿਲੋ ਦੇ ਜੜ ਅੰਦਰਿ ਜੰਮੈ ਤਾਂ ਉਪਰਿ ਹੋਵੈ ਛਾਉ।
**ਰਾਜੇ ਸੀਹ ਮੁਕਦਮ ਕੁਤੇ। ਜਾਇ ਜਗਾਇਨ ਬੈਠੇ ਸੁਤੇ।**
ਚਾਕਰ ਨਹ ਦਾ ਪਾਇਨ ਘਾਉ। ਰਤੁ ਪਿਤੁ ਕੁਤਿਹੋ ਚਟਿ ਜਾਹੁ।
ਜਿਥੈ ਜੀਆ ਹੋਸੀ ਸਾਰ। ਨਕੀ ਵਢੀ ਲਾਇਤਬਾਰ ॥ 2 ॥ 3

ਸਲੋਕ (ਵਾਰ ਰਾਗ ਮਲਹਾਰ ਮਹਲਾ 1)

ਉਪਰੋਕਤ ਸ਼ਬਦ ਦਾ ਹਵਾਲਾ ਉਨ੍ਹਾਂ ਨੇ ਆਪਣੀ ਇਸ ਧਾਰਨਾ ਨੂੰ ਸਥਾਪਿਤ ਕਰਨ ਲਈ ਦਿੱਤਾ ਕਿ ਬਹੁਤੇ ਵਿਦਵਾਨ, (ਅਸਲ ਵਿਚ ਸਾਰੇ ਹੀ ਵਿਦਵਾਨ) ਮਹਿਜ਼ ਪੰਕਤੀਆਂ ਨਾਲ ਹੀ ਕੰਮ ਸਾਰਦੇ ਹਨ, ਪ੍ਰਸੰਗ ਨੂੰ ਨਹੀਂ ਗੌਲਦੇ। 'ਰਾਜੇ ਸ਼ੀਹ ਮੁਕੱਦਮ ਕੁਤੇ / ਜਾਇ ਜਗਾਇਨ ਬੈਠੇ ਸੁਤੇ', ਇਹ ਪੰਕਤੀ, ਡਾ: ਤਾਰਨ ਸਿੰਘ ਅਨੁਸਾਰ ਪ੍ਰਸੰਗ ਨਾਲੋਂ ਕੱਟ ਕੇ ਪੇਸ਼ ਕੀਤੀ ਜਾਂਦੀ ਹੈ; ਅਤੇ

ਰਾਜਿਆਂ ਨਾਲ ਸਬੰਧਿਤ ਕਰਕੇ ਜੋ ਇਸ ਦੇ ਰਾਜਨੀਤਕ ਅਰਥ ਕੀਤੇ ਜਾਂਦੇ ਹਨ ਉਹ ਸਹੀ ਨਹੀਂ। ਆਪਣੀ ਧਾਰਨਾ ਦਾ ਸਪਸ਼ਟੀਕਰਨ ਕਰਦਿਆਂ ਉਨ੍ਹਾਂ ਨੇ ਕਿਹਾ ਕਿ ਜੇ ਇਸ ਉਕਤੀ ਨੂੰ ਪੂਰੇ ਸ਼ਬਦ ਦੇ ਪ੍ਰਸੰਗ ਵਿਚ ਪੜ੍ਹਿਆ ਜ ਏ ਤਾਂ ਇਸ ਦਾ ਗੁਰੂ-ਕਵੀ ਦੀ ਸਮਕਾਲੀ ਰਾਜਨੀਤਕ ਸਥਿਤੀ ਨਾਲ ਕੋਈ ਤਅਲੁਕ ਨਹੀਂ ਬਣਦਾ। ਇਸ ਸ਼ਬਦ ਦੇ ਅਰਥ ਦਸਦਿਆਂ ਇਹ ਸਿੱਟਾ ਕਢਿਆ ਕਿ ਇਹ ਤਾਂ ਪੜ੍ਹਿਆਂ-ਲਿਖਿਆਂ ਬਾਰੇ ਵੀ ਹੈ। ਇਹ ਧਾਰਨਾ ਸਹੀ ਹੈ। ਪਰ ਡਾ: ਸਾਹਿਬ ਇਸ ਸ਼ਬਦ ਵਿਚ ਪੇਸ਼ ਸਮੁਚੇ ਸਮਾਜਕ ਚਰਿਤਰ ਦੀ ਗੁਰੂ-ਕਵੀ ਨੇ ਜੋ ਨਿਖੇਧੀ ਕੀਤੀ ਹੈ ਉਸ ਦੇ ਜਮਾਤੀ ਚਰਿਤਰ ਨੂੰ ਡੀਕੋਡ ਕਰਨੋਂ ਥਿੜਕ ਗਏ। ਹਾਕਮ-ਜਮਾਤ ਦੀ ਹਿੱਤੀ ਰਹਿਣੀ-ਬਹਿਣੀ ਤੇ ਚਿੰਤਨ ਨੂੰ ਬੜ੍ਹਾਵਾ ਦੇਣ ਵਾਲਿਆਂ ਨੂੰ ਹੀ 'ਏਨਾ ਪੜ੍ਹਿਆ ਨਾਉ' ਕਹਿ ਕੇ ਇਸ ਤੁਕ ਵਿਚ, ਅਜਿਹੇ 'ਨਾਮ' ਦੇ ਬਿਉਪਾਰੀਆਂ 'ਤੇ ਵਿਅੰਗ ਕੀਤਾ ਹੈ। ਸੋ ਗੱਲ ਨਾ ਸਿਰਫ਼ ਪੜ੍ਹਿਆਂ-ਲਿਖਿਆਂ ਬਾਰੇ ਹੈ ਅਤੇ ਨਾ ਹੀ ਸਿਰਫ਼ ਰਾਜਿਆਂ ਬਾਰੇ ਬਲਕਿ ਉਸ ਸਾਰੀ ਰਹਿਤਲ ਬਾਰੇ ਹੈ ਜੋ ਹਾਕਮ-ਜਮਾਤ ਦੇ ਹਿੱਤਾਂ ਦੀ ਰਖਿਅਕ ਹੈ। ਗੁਰੂਬਾਣੀ ਦੇ ਇਹ ਅਰਥ, ਗੁਰੂਬਾਣੀ ਨੂੰ ਅ-ਰਾਜਨੀਤਕ ਕਰਾਰ ਦੇਣ ਵਾਲਿਆਂ ਦੇ ਹਿੱਤਾਂ ਲਈ ਜ਼ਰੂਰ ਘਾਤਕ ਹਨ।

ਗੁਰੂਬਾਣੀ ਦੀ ਖੋਜ ਕਰਨ ਵਾਲੇ ਅਸਲੀ (genuine) ਵਿਦਿਆਰਥੀਆਂ ਦੀ ਘਾਟ ਦਾ ਵੀ ਡਾ: ਤਾਰਨ ਸਿੰਘ ਹੋਰਾਂ ਬਰਾਬਰ ਜ਼ਿਕਰ ਕੀਤਾ, ਪਰ genuine ਸੁਪਰਵਾਈਜ਼ਰਾਂ ਦੀ ਘਾਟ, ਪ੍ਰਾਪਤ ਸੁਪਰਵਾਈਜ਼ਰਾਂ ਦੇ ਬਿਉਪਾਰੀ / ਬਦਸਲੂਕੀ ਵਾਲੇ ਵਤੀਰੇ ਵਲੋਂ ਉਨ੍ਹਾਂ ਅੱਖਾਂ ਮੀਟੀ ਰਖੀਆਂ। ਉਨ੍ਹਾਂ ਇਹ ਵੀ ਕਿਹਾ ਕਿ ਪਰੰਪਰਾ ਦਾ ਪ੍ਰਮਾਣੀਕ ਗਿਆਨ ਪ੍ਰਾਪਤ ਕੀਤੇ ਬਿਨਾਂ ਗੁਰੂਬਾਣੀ ਦੀ ਖੋਜ ਮੁਮਕਿਨ ਨਹੀਂ। ਇਹ ਸਹੀ ਹੈ ਕਿ ਪਰੰਪਰਾ ਦਾ ਗਿਆਨ ਬਹੁਤ ਜ਼ਰੂਰੀ ਹੈ, ਪਰ ਕੀ ਪਰੰਪਰਾ ਦਾ ਗਿਆਨ ਪ੍ਰਾਪਤ ਕਰਕੇ ਗੁਰੂਬਾਣੀ ਦੇ ਪਰੰਪਰਾਵਾਦੀ ਅਰਥ ਕਰਨੇ ਵੀ ਜ਼ਰੂਰੀ ਹਨ? ਡਾ: ਸਾਹਿਬ ਨੇ ਇਸ ਨੁਕਤੇ ਨੂੰ ਉਠਾ ਕੇ ਵੀ ਇਸ ਸੱਚ ਨੂੰ ਨਹੀਂ ਗੌਲਿਆ ਕਿ ਗੁਰੂਬਾਣੀ ਦੀ ਵਿਆਖਿਆ / ਮੁਲਾਂਕਣ ਆਧੁਨਿਕ ਪਾਠਕ ਲਈ ਸਮਝਣ / ਸਲਾਹੁਣਯੋਗ ਬਣਾਉਣ ਲਈ ਆਧੁਨਿਕ ਈਡੀਅਮ ਵਿਚ ਪੇਸ਼ ਕਰਨ ਦੀ ਲੋੜ ਹੈ ਜਿਸ ਤੋਂ ਬਿਨਾਂ ਉਹ ਆਪਣੀ ਰਹਿਣੀ-ਬਹਿਣੀ, ਗੁਰੂਬਾਣੀ ਦੇ ਦਸੇ ਮਾਰਗ ਅਨੁਸਾਰ ਨਹੀਂ ਢਾਲ ਸਕਦਾ। ਇਸ ਵਿਧੀ ਦੀ ਨਾਸਮਝੀ ਜਾਂ ਇਸ ਦੀ ਲੋੜ ਬਾਰੇ ਅਣਗਹਿਲੀ ਕਾਰਨ ਹੀ ਗੁਰੂਬਾਣੀ ਦੇ, ਬਹੁਤੇ ਵਿਦਵਾਨਾਂ ਨੇ ਆਪਣੀ ਖੋਜ ਨੂੰ ਸ਼ਬਦਾਰਥ ਤੀਕ ਹੀ ਮਹਿਦੂਦ ਰਖਿਆ ਹੈ। ਕਈਆਂ ਨੇ ਤਾਂ ਪ੍ਰਾਪਤ ਖੋਜ ਨੂੰ ਹੀ ਨਵੀਂ ਤਰਤੀਬ ਦੇਕੇ ਆਪਣਾ 'ਧਰਮ' ਨਿਭਾਇਆ ਹੈ!

ਡਾ: ਤਾਰਨ ਸਿੰਘ ਹੋਰਾਂ ਗੁਰੂਬਾਣੀ / ਸਿੱਖ-ਇਤਿਹਾਸ ਦੀ ਖੋਜ ਕਰਨ ਲਈ ਖੋਜ-ਕਰਤਾ ਦਾ ਨਿੱਡਰ ਹੋਣਾ ਵੀ ਜ਼ਰੂਰੀ ਦਸਿਆ ਹੈ। ਡਾ: ਤਾਰਨ ਸਿੰਘ ਹੋਰਾਂ ਨਾਂ ਲਏ ਬਿਨਾਂ ਡਾ: ਫ਼ੌਜਾ ਸਿੰਘ ਦੇ ਖੋਜ-ਸਾਕੇ ਵਲ ਸੰਕੇਤ ਕੀਤਾ। ਜ਼ਾਹਿਰਾ ਤੌਰ ਉਤੇ ਉਹ ਡਾ: ਫ਼ੌਜਾ ਸਿੰਘ ਦੀ ਦਲੇਰੀ ਦੀ ਹੀ ਦਾਦ ਦੇ ਰਹੇ ਸਨ। ਇਥੇ ਸਾਡਾ ਮੁਦਆ, ਬੈਹਸ ਵਿਚ ਆਏ ਇਤਿਹਾਸਕ ਨੁਕਤੇ ਦੀ ਛਾਨ-ਬੀਨ ਕਰਨਾ ਨਹੀਂ, ਸਿਰਫ਼ ਇਤਨਾ ਹੀ ਕਹਿਣਾ ਹੈ ਕਿ ਗੁਰੂਬਾਣੀ / ਸਿੱਖ-ਇਤਿਹਾਸ ਸ਼ਰਧਾਲੂਆਂ ਦੀ ਨਿਜੀ ਜਾਇਦਾਦ ਨਹੀਂ, ਖੋਜੀਆਂ ਦਾ ਵੀ ਇਸ ਉਪਰ ਬਰਾਬਰ ਅਧਿਕਾਰ ਹੈ। ਸਾਨੂੰ ਇਹ ਵੀ ਪਤਾ ਹੈ ਕਿ ਇਹੋ ਜਿਹੇ ਝਗੜੇ ਖੜੇ ਕਰਨ ਪਿਛੇ ਸਵਾਰਥ ਕੰਮ ਕਰ ਰਿਹਾ ਹੁੰਦਾ ਹੈ, ਪਰ ਖੋਜੀ ਆਪਣਾ ਅਧਿਕਾਰ ਉਦੋਂ ਤਕ ਨਹੀਂ ਖੋਹ ਸਕਦੇ, (ਅਧਿਕਾਰ ਖੋਹੇ ਜਾਂਦੇ ਹਨ, ਮੰਗਿਆ ਨਹੀਂ ਮਿਲਦੇ! ਜੋ ਮੰਗਿਆ ਮਿਲਦਾ ਹੈ ਉਹ ਭਿਖਿਆ ਹੁੰਦੀ ਹੈ) ਜਦ ਤੀਕ ਉਹ 'ਨੇਤਾਵਾਂ' ਦੇ ਰੂਬਰੂ ਆਪਣੇ ਆਪ ਨੂੰ ਤੁਛ ਸਮਝਦੇ ਰਹਿਣਗੇ।

ਡਾ: ਤਾਰਨ ਸਿੰਘ ਹੋਰਾਂ ਗੁਰੂਬਾਣੀ ਦੀ ਖੋਜ ਦੇ ਸਬੰਧ ਵਿਚ ਜਿਹੜੀ ਬਹੁਤ "ਮਾਅਰਕੇ ਦੀ ਗੱਲ" ਕਹੀ ਉਹ ਇਹ ਕਿ ਗੁਰੂਬਾਣੀ ਦੇ ਖੋਜ-ਕਰਤਾ ਲਈ ਰਹੱਸਵਾਦੀ (mystic) ਹੋਣਾ ਬੁਨਿਆਦੀ ਸ਼ਰਤ ਹੈ। ਅਣਚਾਹੇ ਹੀ ਉਹ ਇਹ ਸੁਝਾਅ ਦੇ ਰਹੇ ਲਗਦੇ ਸਨ ਕਿ ਗੁਰੂਬਾਣੀ ਤਾਂ ਖੋਜ ਦਾ ਵਿਸ਼ਾ ਹੋ ਹੀ ਨਹੀਂ ਸਕਦਾ!! ਡਾ: ਸਾਹਿਬ, ਗੁਰੂਬਾਣੀ ਦਾ ਨਾਇਕ ਰੱਬ ਹੈ—ਠੀਕ। ਪਰ ਗੁਰੂਬਾਣੀ ਦੇ ਰੱਬ ਦੇ ਸੱਚੇ ਵਿਚ ਢਲ ਕੇ ਕਿਹੋ ਜਿਹਾ ਮਨੁਖ ਪੈਦਾ ਹੁੰਦਾ...ਜੇ ਇਸ ਤਰ੍ਹਾਂ ਗੱਲ ਤੋਰੀ ਜਾਂਦੀ ਤਾਂ ਨਾ ਤੇ ਰਹੱਸਵਾਦੀ ਹੋਣ ਦੀ ਗ਼ੈਰ-ਵਾਜਿਬ ਸ਼ਰਤ ਹੀ ਲਗਾਉਣ ਦੀ ਲੋੜ ਪੈਂਦੀ ਅਤੇ ਨਾ ਹੀ ਗੁਰੂ-ਇਤਿਹਾਸ ਦੇ ਇਤਿਹਾਸਕ ਕਿਰਦਾਰ ਦੇ (ਪਰੋਖ ਰੂਪ ਵਿਚ) ਛੁਟਿਆਉਣ ਦੀ ਹੀ ਨੌਬਤ ਆਉਂਦੀ। ਇਸ ਬਾਰੇ ਰਤਾ ਫੇਰ ਵਿਚਾਰ ਕਰਿਆ ਜੇ...ਇਹ ਸਾਡੀ ਗੁਜ਼ਾਰਿਸ਼ ਹੈ।

—ਹਰਚਰਨ ਸਿੰਘ ਸੋਬਤੀ, ਨਵੀਂ ਦਿੱਲੀ

■ **"ਸੇਧਾਂ" ਅਤੇ ਤੇਜਵੰਤ ਗਿੱਲ ਦੀ ਭੂਮਿਕਾ :** ਸਾਡੇ ਏਧਰ ਸੇਖੋਂ-ਕਿਸ਼ਨ ਸਿੰਘ ਵਾਦ-ਵਿਵਾਦ ਖ਼ਾਸਾ ਚਿਰ ਚਲਦਾ ਰਿਹਾ ਹੈ ਤੇ ਹੁਣ ਵੀ ਕਿਸੇ ਨਾ ਕਿਸੇ ਰੂਪ ਵਿਚ ਅਜੇ ਕਾਇਮ ਹੈ। ਕਿਹੜਾ ਠੀਕ ਹੈ ਤੇ ਕਿਹੜਾ ਗ਼ਲਤ, ਇਸ ਬਾਰੇ ਬੜੀ ਡੂੰਘੀ ਘੋਖ-ਪੜਤਾਲ ਦੀ ਲੋੜ ਹੈ। ਪਰ ਇਕ ਗੱਲ ਐਨ ਸਪਸ਼ਟ ਹੈ, ਕਿ ਜਿਹੜੀ ਦਵੈਤ — ਵਿਸ਼ੇ ਤੇ ਰੂਪ ਦੀ — ਸੇਖੋਂ ਆਲੋਚਨਾ ਵਿਚ ਕਾਇਮ ਹੋ ਜਾਂਦੀ ਹੈ, ਕਿਸ਼ਨ ਸਿੰਘ ਵਿਚ ਨਹੀਂ। ਆਮ ਇਤਰਾਜ਼ ਕਿ ਕਿਸ਼ਨ ਸਿੰਘ ਸਾਹਿਤ ਨੂੰ ਸਾਹਿਤ ਕਰਕੇ ਨਹੀਂ ਵੇਖਦਾ, ਇਸ ਆਲੋਚਨਾ ਦੀ ਗਹਿਰਾਈ ਨੂੰ ਫੜਨੋਂ ਅਸਫਲ ਰਹਿ ਜਾਣ ਕਾਰਨ ਵਾਜਿਬ ਨਹੀਂ ਹੈ। ਨਜਮ ਹੁਸੈਨ ਸੱਯਦ ਦੀ ਆਲੋਚਨਾ ਇਸ ਪਖੋਂ ਸਾਡੇ ਦੋ ਮਤਲਬ ਸਾਰਦੀ ਹੈ—ਇਕ ਤਾਂ ਇਹ ਸਾਡੀ ਰਹਿਤਲ ਤੇ ਅਦਬ ਦੀ ਪਛਾਣ ਪੇਸ਼ ਕਰਦੀ ਹੈ, ਤੇ ਦੂਜੇ ਇਹਨਾਂ ਦੋਹਾਂ ਵਿਦਵਾਨਾਂ ਵਿਚ ਨਿਖੇੜ ਕਰਨ ਵਿਚ ਵੀ ਸਹਾਇਕ ਹੁੰਦੀ ਹੈ। ਨਿਸਚੇ ਹੀ ਇਸ ਦੀ ਸੁਰ ਕਿਸ਼ਨ ਸਿੰਘ ਨਾਲ ਮਿਲਦੀ ਹੈ।

"ਸੇਧਾਂ" ਪੁਸਤਕ ਵਿਚਲੇ ਲੇਖਾਂ ਨੂੰ "ਸਾਹਿਤ ਕਲਾ ਪ੍ਰਕਾਸ਼ਨ, ਲੁਧਿਆਣਾ" ਨੇ ਗੁਰਮੁਖੀ ਲਿੱਪੀ ਵਿਚ ਡਾ: ਤੇਜਵੰਤ ਸਿੰਘ ਗਿੱਲ ਦੀ ਭੂਮਿਕਾ ਸਮੇਤ ਛਾਪਿਆ ਹੈ। ਬੜਾ ਅਜੀਬ ਵਿਰੋਧਾਭਾਸ ਪੇਸ਼ ਕੀਤਾ ਗਿਆ ਹੈ। ਭਾਸ਼ਾ ਤੋਂ ਛੁੱਟ ਦੋਹਾਂ ਦੀ ਵਿਧੀ ਵਿਚ ਵੀ ਢੇਰ ਅੰਤਰ ਹੈ। ਇਕ ਨੇ ਕਿਧਰੇ ਵੀ ਆਪਣੇ ਆਪ ਨੂੰ ਮਾਰਕਸਵਾਦੀ ਨਹੀਂ ਕਿਹਾ, ਪਰ ਉਹ ਸਹਿਜੇ ਹੀ ਮਾਰਕਸਵਾਦੀ ਸਿਧ ਹੋ ਜਾਂਦਾ ਹੈ, ਪਰ ਦੂਜਾ (ਡਾ: ਗਿੱਲ) ਆਪਣੇ ਆਪ ਨੂੰ ਮਾਰਕਸਵਾਦੀ ਕਹਾਉਂਦਾ ਹੋਇਆ ਵੀ ਆਪਣੀ ਵਿਧੀ ਵਿਚ ਇਸ ਤੋਂ ਉਲਟ। ਸੱਯਦ ਦੀ ਆਲੋਚਨਾ ਦੇ ਨਿਰਪੱਖ ਮੁਲੰਕਣ ਕਰਨ ਨਾਲ ਗਿੱਲ ਦੇ ਸਾਰੇ ਦੋਸ਼ ਨਿਰਮੂਲ ਸਾਬਤ ਹੋ ਜਾਂਦੇ ਹਨ। ਸਭ ਤੋਂ ਪਹਿਲਾ ਇਤਰਾਜ਼ ਭਾਸ਼ਾ ਬਾਰੇ ਹੋਇਆ ਹੈ। ਡਾ: ਗਿੱਲ ਮੁਤਾਬਕ ਸੱਯਦ ਦੀ ਭਾਸ਼ਾ ਆਲੋਚਨਾ ਦੀ ਭਾਸ਼ਾ ਨਹੀਂ ਹੈ, ਤੇ ਉਹ ਭਾਸ਼ਾ ਨੂੰ ਉਪਭਾਖਾ ਤਕ ਸੀਮਤ ਕਰ ਦਿੰਦਾ ਹੈ। ਲਗਦਾ ਹੈ ਡਾ: ਗਿੱਲ ਭਾਸ਼ਾ ਦੇ ਇਕ ਤੋਂ ਵਧੀਕ ਪ੍ਰਗਟਾਵਿਆਂ ਬਾਰੇ ਸੁਚੇਤ ਨਹੀਂ ਹੈ। ਇਕ ਪ੍ਰਗਟਾਵਾ ਸਾਡੀ ਰਹਿਤਲ ਦਾ ਹਾਣੀ ਹੈ, ਲੋਕ-ਪ੍ਰਗਟਾਵਾ ਹੈ, ਤੇ ਦੂਸਰਾ ਬਦੇਸ਼ੀ ਸ਼ਬਦਾਂ ਦੇ ਪਰਿਆਇ ਲਭਣ ਵਿਚ ਵਧੇਰੇ ਦਿਲਚਸਪੀ ਰਖਦਾ ਹੈ। ਭਾਵੇਂ ਤਕਨੀਕੀ ਲਫ਼ਜ਼ਾਂ ਦੀ ਲੋੜ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ (ਪਰਿਭਾਸ਼ਕ ਸ਼ਬਦ ਸਾਡੇ ਗਿਆਨ ਨੂੰ ਖਿੰਡਣ ਨਹੀਂ ਦਿੰਦੇ, ਸਗੋਂ ਇਕੋ ਥਾਂ ਕੇਂਦ੍ਰਿਤ ਕਰੀ ਰਖਦੇ ਹਨ), ਪਰ ਸੱਯਦ ਸਾਹਿਬ ਨੇ ਲੋਕ-ਭਾਸ਼ਾ ਦੇ ਸ਼ਬਦਾਂ ਨੂੰ ਹੀ ਇਹ ਸਮਰਥਾ ਦਿਤੀ ਹੈ। ਉਸ ਦੀ ਸਮੀਖਿਆ ਵਿਚ ਰਮਜ਼

(symbol), ਅਟਕਲ, ਨਕਲ, ਸਾਂਝ-ਸ਼ਰੀਕਾ ਆਦਿ ਸ਼ਬਦ ਖ਼ਾਸ ਤਕਨੀਕੀ ਅਰਥਾਂ ਵਿਚ ਵਰਤੇ ਗਏ ਹਨ । ਇਸ ਤੋਂ ਉਸ ਦੀ ਪਹੁੰਚ ਦਾ, ਅਤੇ ਉਸ ਵਰਗ ਦਾ ਪਤਾ ਲਗਦਾ ਹੈ, ਜਿਸ ਨੂੰ ਸਯਦ-ਸਮੀਖਿਆ ਮੁਖ਼ਾਤਿਬ ਹੈ । ਇਸ ਸਮੀਖਿਆ ਵਿਚ ਲੋਕਾਂ ਨੂੰ ਉਹਨਾਂ ਦੇ ਆਪਣੇ ਹੀ ਸਭਿਆਚਾਰ ਦੀ ਸਮਝ ਤੋਂ, ਔਖੇ ਭਾਰੇ ਸ਼ਬਦ ਵਰਤ ਕੇ ਵਾਂਝਿਆਂ ਨਹੀਂ ਰਖਿਆ ਗਿਆ । ਸਾਡੇ ਇਹ ਰਿਵਾਜ ਆਮ ਹੈ ਕਿ ਜ਼ਿੰਦਗੀ ਜਿਊਣ ਵਾਲੇ ਲੋਕ ਹੋਰ ਹੁੰਦੇ ਹਨ ਤੇ ਉਹਨਾਂ 'ਤੇ ਮਜ਼ਮੂਨ ਲਿਖਣ ਵਾਲੇ ਹੋਰ ਤੇ ਸਮਝਣ ਵਾਲੇ ਪਤਾ ਨਹੀਂ ਕੌਣ ? ਸੱਯਦ-ਸਮੀਖਿਆ ਦਾ ਪਹਿਲਾ ਤੇ ਮਹੱਤਵਪੂਰਨ ਨੁਕਤਾ ਇਹੋ ਹੈ ਕਿ ਇਹ ਜੀਵਨ ਤੇ ਜੀਵਨ-ਬੋਧ ਵਿਚ ਏਕਤਾ ਸਥਾਪਤ ਕਰਕੇ ਚਲਦੀ ਹੈ ।

ਜੀਵਨ ਤੇ ਜੀਵਨ-ਬੋਧ ਦੀ ਅਭੇਦਤਾ ਤੋਂ ਬਾਅਦ ਇਕ ਹੋਰ ਤਰ੍ਹਾਂ ਦੀ ਅਭੇਦਤਾ ਸੱਯਦ-ਸਮੀਖਿਆ ਵਿਚ ਮਿਲਦੀ ਹੈ ਤੇ ਉਹ ਹੈ ਰਚਨਾ-ਪਾਠ ਤੇ ਰਹਿਤਲ ਦੀ ਅਭੇਦਤਾ । ਮੇਰੀ ਜਾਚੇ ਇਹੋ ਹੀ ਉਸਦੀ ਆਲੋਚਨਾ-ਵਿਧੀ ਦੀ ਚੂਲ ਹੈ । ਉਸ ਦਾ ਸਾਰਾ ਮੰਤਵ ਰਚਨਾ-ਪਾਠ (text) ਤੋਂ ਸਮਾਜ ਦੀ ਡਾਇਲੈਕਟਿਕਸ ਤਕ ਪਹੁੰਚਣਾ ਹੈ । ਇਸ ਪੱਖ ਤੋਂ ਪਾਠ ਇਕ ਵਿਦਾ-ਬਿੰਦੂ ਬਣ ਜਾਂਦਾ ਹੈ ਤੇ ਰਚਨਾ ਸਮਾਜਕ ਤੌਰ ਦੀ ਸਹੀ ਪਛਾਣ ਕਰਾਉਣ ਦਾ ਪਰਮਾਣਿਕ ਵਸੀਲਾ । ਸੱਯਦ ਦੀ ਪ੍ਰਤੀਕਾਤਮਕ ਵਿਧੀ ਦੀ ਸਾਰਥਕਤਾ ਏਸੇ ਗੱਲ ਵਿਚ ਹੈ । ਉਸ ਦੀ ਆਲੋਚਨਾ-ਵਿਧੀ ਵਿਚੋਂ ਇਹ ਸਿਧਾਂਤ ਸਪੱਸ਼ਟ ਤੌਰ 'ਤੇ ਲਭਦਾ ਹੈ ਕਿ ਸਾਹਿਤ ਦੀ ਘਟਨਾ ਜ਼ਿੰਦਗੀ ਦੀਆਂ ਹੀ ਅਨੇਕ ਘਟਨਾਵਾਂ ਦਾ ਪਰਤੌ (reflection) ਹੈ । ਅੰਗ, ਸਮੁੱਚ ਤੋਂ ਅਲੱਗ ਨਹੀਂ ਸਗੋਂ ਅੰਗ ਵਿਚੋਂ ਹੀ ਸਮੁੱਚ ਦੇ ਸਾਰ ਨੂੰ ਭਾਲਿਆ ਜਾ ਸਕਦਾ ਹੈ । ਰਚਨਾ ਵਿਚੋਂ ਸਮਾਜਕ ਡਾਇਲੈਕਟਿਕਸ ਅਤੇ ਇਸ ਦੇ ਵਰਤਾਰੇ ਨੂੰ ਭਾਲਣ ਲਈ ਉਸ ਨੇ ਸਾਹਿਤ ਕਿਰਤਾਂ ਦੀ ਪ੍ਰਤੀਕਾਤਮਕ ਤੇ ਅਰਥ-ਵਿਗਿਆਨਕ ਪਖੋਂ ਬੜੀ ਘੋਖ-ਪੜਤਾਲ ਕੀਤੀ ਹੈ । ਏਥੇ ਸਭ ਤੋਂ ਪਹਿਲਾਂ ਪਾਤਰ ਅਤੇ ਸਥਿਤੀਆਂ ਅਰਥ-ਵਿਗਿਆਨਕ ਵਿਧੀ ਰਾਹੀਂ ਰਚਨਾ ਵਿਚ ਆਪਣੀ ਪੁਜ਼ੀਸ਼ਨ ਦੇ ਵਧ ਤੋਂ ਵਧ ਸਪਸ਼ਟ ਰੂਪ ਨੂੰ ਪ੍ਰਾਪਤ ਹੁੰਦੇ ਹਨ ਤੇ ਫਿਰ ਏਹੋ ਅਰਥ-ਵਿਗਿਆਨਕ ਵਿਧੀ ਚਿੰਨ-ਵਿਗਿਆਨਕ ਵਿਧੀ ਬਣ ਜਾਂਦੀ ਹੈ, ਜਦੋਂ ਉਹ ਵਡੇਰੇ ਸਮਾਜਕ ਪਾਸਾਰੇ ਅਤੇ ਇਸ ਦੀ ਡਾਇਲੈਕਟਿਕਸ ਨੂੰ ਪੇਸ਼ ਕਰਦੇ ਹਨ । ਇੰਜ ਸੱਯਦ-ਸਮੀਖਿਆ ਵਿਚ ਪਾਠ ਅਤੇ ਰਹਿਤਲ (culture) ਦੇ ਸੰਦਰਭ ਨਾਲੋ ਨਾਲ ਚਲਦੇ ਹਨ । ''ਪੰਜਾਬੀ ਸ਼ੇਅਰ ਰੀਤ ਦੇ ਸਦੀਵੀ ਸੁਭਾ ਤੇ ਬੁਲ੍ਹੇ ਸ਼ਾਹ'' ਨਾਮਕ ਲੇਖ ਵਿਚ ਸੱਯਦ ਨੇ ਸਾਹਿਤ ਤੇ ਸਮਾਜ ਦੇ ਸੰਬੰਧਾਂ ਬਾਬਤ ਆਪ ਵੀ ਬੜੀ ਨਿਖਰਵੀਂ ਗੱਲ ਕਹੀ ਹੈ — (1) ਵਿਸ਼ੇ ਤੇ ਰੂਪ ਦੀ ਅਭੇਦਤਾ ਬਾਰੇ — ''ਪੰਜਾਬੀ ਸ਼ੇਅਰ ਰੀਤ ਦਾ ਇਕ ਵੱਡਾ ਸਦੀਵੀ ਸੁਭਾ ਤਾਂ ਇਹ ਏ ਪਈ ਸ਼ਾਇਰ ਕਲਾ ਨੂੰ ਸ਼ੇਅਰ ਵਿਚ ਕੀਤੀ ਕਥ ਤੋਂ ਵਖ ਕੋਈ ਚੀਜ਼ ਨਹੀਂ ਗਿਣਦਾ ।'' (ਸੇਧਾਂ, ਸਫ਼ਾ 76) (2) ਸਾਹਿਤ ਤੇ ਸਮਾਜ ਦੇ ਸੰਬੰਧਾਂ ਬਾਰੇ — ''ਏਸੇ ਕਰਕੇ ਸ਼ੇਅਰ ਦੀ ਬਣਤਰ ਦਾ ਕੋਈ ਪੱਖ ਵੀ ਪੂਰੀ ਬਣਤਰ ਵਿਚੋਂ ਵੱਖਰਾ ਨਹੀਂ ਹੋ ਖਲੋਂਦਾ ।'' (ਸੇਧਾਂ, ਸਫ਼ਾ 77) ।

ਉਸ ਦੀ ਇਸ ਸਿਧਾਂਤਕ ਚਰਚਾ ਤੋਂ ਸਪਸ਼ਟ ਹੈ ਕਿ ਜਿਸ ਸਰਲੀਕਰਨ ਦਾ ਦੋਸ਼ ਡਾ: ਗਿੱਲ ਨੇ ਸੱਯਦ-ਸਮੀਖਿਆ 'ਤੇ ਲਾਇਆ ਹੈ, ਨਿਰਾਧਾਰ ਹੈ । ਸੱਯਦ-ਸਮੀਖਿਆ ਆਪਣੇ ਭਾਸ਼ਾ-ਪ੍ਰਗਟਾ ਜਾਂ ਸ਼ੈਲੀ ਵਿਚ ਜਿੰਨੀ ਸੌਖੀ ਲਗਦੀ ਹੈ, ਵਾਸਤਵ ਵਿਚ ਓਨੀ ਹੀ ਗੰਭੀਰ ਤੇ ਗਿਆਨ-ਵਿਗਿਆਨ ਦੀ ਸਹੀ ਸਮਝ ਦੀ ਸੂਚਕ ਹੈ । ਉਚਿਤ ਹੈ ਕਿ ਅਸੀਂ ਸੱਯਦ-ਸਮੀਖਿਆ ਦੇ ਅਰਥ-ਵਿਗਿਆਨਕ ਅਤੇ ਚਿੰਨ੍ਹ ਵਿਗਿਆਨਕ ਵਿਧੀਆਂ ਰਾਹੀਂ ਕੱਢੇ ਸਿੱਟਿਆਂ ਨਾਲ ਥੋੜ੍ਹੀ ਸਾਂਝ ਪਾਈਏ । ਰਚਨਾ-ਪਾਠ ਦੀ ਵਿਆਖਿਆ ਸਮੇਂ ਉਹ ਸ਼ਬਦ, ਸ਼ਬਦ ਦੀ ਧੁਨੀ ਅਤੇ ਇਸ ਦਿਆਂ ਅਰਥਾਂ ਦੀਆਂ ਅਨੇਕ



ਦਿਸ਼ਾਵਾਂ ਨੂੰ ਬੜੇ ਰਹਸ-ਭਰਪੂਰ ਢੰਗ ਨਾਲ ਉਜਾਗਰ ਕਰਦਾ ਜਾਂਦਾ ਹੈ :— '' 'ਅੰਦਰ ਜਾ ਵੜਿਆ ਪੁਤਰ ਖਾਤਰਾਂ ਨੂੰ ।' ਇਸ ''ਖਾਤਰਾਂ'' ਲਫ਼ਜ਼ ਦੇ ਈ ਤਿੰਨ ਰੰਗ ਵੇਖੋ । ਇਕ ਤੇ ਉਹ ਖਾਤਰ ਜਿਹਦੀ ਆਸ ਲੈ ਕੇ ਪੂਰਨ ਮਾਂ ਲੂਣਾ ਦੇ ਮਹਿਲ ਵਿਚ ਵੜਿਆ । ਦੂਜੀ ਉਹ ਖ਼ਾਤਰ ਜੀਹਦੀ ਲੂਣਾ ਆਉਂਦਿਆਂ ਈ ਸੁਲ੍ਹਾ ਮਾਰੀ ਤੇ ਤੀਜੀ ਉਹ ਖ਼ਾਤਰ ਜਿਹੜੀ ਲੂਣਾ ਪਿਉ ਦੇ ਹਥੋਂ ਉਹਦੇ ਨਾਲ ਕਰਾਈ ।''

ਅਗੋਂ ਉਸ ਦੀ ਚਿੰਨ੍ਹ-ਵਿਗਿਆਨਕ ਪਹੁੰਚ ਦਾ ਨਮੂਨਾ ਵੇਖੋ :— ''ਸਭ ਬਾਲਾਂ ਵੰਗਰ ਪੂਰਨ ਵੀ ਜੀਵਨ ਦਾ ਸਤ ਏ ਜਿਹੜਾ ਢਾਹੁੰਦਾ ਤੇ ਢਾਹ ਕੇ ਬਣਾਉਂਦਾ ਏ ।''

ਸਵਾਲ ਉਠਦਾ ਹੈ ਕਿ ਕੀ ਰਚਨਾ ਦੇ ਅਰਥ ਉਸ ਦੇ ਪ੍ਰਤੀਕ ਹੋਣ ਵਿਚ ਹਨ ਜਾਂ ਉਸ ਦੀ ਵਿਆਖਿਆ ਵਿਚ ? ਸੱਯਦ-ਸਮੀਖਿਆ ਵਿਚੋਂ ਸਿਧਾਂਤਕ ਤੇ ਵਿਹਾਰਕ ਦੋਹਾਂ ਪਧਰਾਂ 'ਤੇ ਇਸ ਦਾ ਉੱਤਰ ਮਿਲਦਾ ਹੈ । ਇਕ ਸਾਹਿਤਕ-ਕਿਰਤ ਹੋਣ ਵਜੋਂ ਰਚਨਾ ਦੇ ਪਾਤਰ ਅਤੇ ਨਾਂ ਥਾਂ ਸਮੁਚੀ ਸਮਾਜਕ ਬਣਤਰ ਦੀ ਪ੍ਰਤਿਨਿਧਤਾ ਵੀ ਕਰਦੇ ਹਨ ਤੇ ਆਪਣੀ ਸਾਬਤ-ਸਬੂਤ ਹੋਂਦ ਵੀ ਰਖਦੇ ਹਨ । ਰਚਨਾ ਇਕੋ ਸਮੇਂ ਵਿਸ਼ੇਸ਼ ਤੇ ਸਾਧਾਰਨ (particular and general) ਦਾ ਸੰਗਮ ਹੈ । ਸੱਯਦ ਦੀ ਕਾਵਿਕ-ਪ੍ਰਤੀਕ ਤੇ ਉਸ ਦੇ ਅਰਥ ਬਾਬਤ ਚਰਚਾ ਇਸ ਗੱਲ ਨੂੰ ਸਪਸ਼ਟ ਕਰਦੀ ਹੈ ਕਿ ਆਲੋਚਕ ਦਾ ਕੰਮ ਨਿਰੋਲ ਬੁੱਤ ਤੀਕ ਜਾਂ ਨਿਰੋਲ ਸੱਚ ਤੀਕ ਆਪਣੇ ਆਪ ਨੂੰ ਸੀਮਿਤ ਕਰਨਾ ਨਹੀਂ, ਸਗੋਂ ਵਿਸ਼ੇਸ਼ (ਬੁੱਤ) ਤੇ ਸਾਧਾਰਨ (ਸੱਚ) ਨੂੰ ਇਕੋ ਰੂਪ ਵਿਚ ਵੇਖਣਾ ਏ — ''ਹਯਾਤੀ ਦੇ ਬਾਹਰਲੇ ਰੂਪ ਉਤੇ ਧਿਆਨ ਦੀ ਅੱਖ ਟਿਕਦੀ ਵੀ ਨਹੀਂ ਪਰ ਜਦੋਂ ਉਹ ਅੰਦਰ ਪੁਜਦੀ ਏ ਤਾਂ ਮੁੜ ਕੇ ਬਾਹਰ ਨਿਕਲਣ ਦਾ ਰਾਹ ਉਹੋ ਜ਼ਾਹਰ ਵਾਲਾ ਈ ਹੋਂਦਾ ਏ ।'' (ਸੇਧਾਂ, ਸਫ਼ਾ 81) ।

ਪਰ ਇਸ ਦਾ ਭਾਵ ਇਹ ਨਹੀਂ ਕਿ ਸੱਯਦ ਸਾਹਿਤ ਨੂੰ ਰਹਿਤਲ ਨਾਲ ਅਭੇਦ ਕਰਕੇ ਇਹਨਾਂ ਨੂੰ ਅਸਲੋਂ ਨਿਰਵਿੱਥ ਸੰਬੰਧ ਵਿਚ ਬੰਨ੍ਹ ਦੇਂਦਾ ਏ । ਉਸ ਵਿਚ ਸਾਹਿਤ ਦੇ ਨਿਵੇਕਲੇ ਰੂਪ ਦੀ ਪਛਾਣ ਵੀ ਏ, ਜਿਸ ਨੂੰ ਉਹ ''ਅਟਕਲ'' ਕਹਿੰਦਾ ਹੈ । ਇਹੋ ''ਅਟਕਲ'' ਜਾਂ ''ਢੰਗ'' ਈ ਰਚਨਾ ਦਾ ਵਿਸ਼ੇਸ਼ ਹੁੰਦਾ ਹੈ । ਖਿਸ ਅਟਕਲ ਰਾਹੀਂ ਹੀ ਸ਼ਾਇਰ ਸਮੇਂ ਦੇ ਸੱਚ ਨੂੰ ਸਦੀਵੀ ਰੂਪ ਵਿਚ ਬੰਨ੍ਹਦਾ ਹੈ । ''ਵਾਰਿਸ ਦੀ ਨਕਲ'' ਲੇਖ ਵਿਚ ਉਸ ਦਾ ਹੀਰ ਵਾਰਿਸ ਬਾਬਤ ਕਥਨ ਸੰਰਚਨਾਵਾਦੀ ਵਿਧੀ ਦਾ ਪ੍ਰਮਾਣਿਕ ਨਮੂਨਾ ਹੈ । ਇਸ ਦੇ ਨਾਲ ਨਾਲ ਉਹ ਅਧਿਐਨ ਵਿਧੀਆਂ ਦੇ ਵਖਰੇਵਿਆਂ ਬਾਬਤ ਵੀ ਚੇਤੰਨ ਹੈ ਕਿ ''ਸੋਚਾਂ ਭਾਵੇਂ ਪੁਰਾਣੀਆਂ ਈ ਹੋਣ, ਪਰ ਹਰ ਸਮੇਂ ਦੇ ਸੱਚੇ ਨਵੇਂ ਹੁੰਦੇ ਹਨ । ਤੇ ਹਰ ਜੁਗ ਅਗਲਿਆਂ ਦੀ ਸ਼ਾਇਰੀ ਨੂੰ ਆਪਣਿਆਂ ਸੱਚਿਆਂ ਰਾਹੀਂ ਸਿਆਣਦਾ ਤੇ ਅਪਣਾਵਦਾ ਹੈ ।'' (ਸਫ਼ਾ 71)

— ਜਗਜੀਤ ਸਿੰਘ, ਚੰਡੀਗੜ੍ਹ

■ **ਕੁਝ 'ਲਹੂ ਦੀ ਲੋਅ' ਸਬੰਧੀ :** 'ਲਹੂ ਦੀ ਲੋਅ' ਨਾਵਲ ਦੇ ਮੁਖਬੰਦ ਵਿਚ ਜਸਵੰਤ ਸਿੰਘ ਕੰਵਲ ਸਾਹਿਤਕਾਰ ਦੀ ਜ਼ਮੀਰ, ਪੈਂਤੜੇ, ਸੂਰਮਤਾਈ, ਉਸ ਦੇ ਸਮਾਜਕ ਸੱਚ ਤੇ ਸਮਾਜਕ ਟੱਕਰ ਬਾਰੇ ਜੋ ਨੁੱਕਤੇ ਉਠਾਉਂਦਾ ਹੈ, ਉਹ ਨਿਸਚੇ ਹੀ ਯਥਾਰਥਵਾਦੀ ਸਾਹਿਤਕਾਰ ਦਾ ਮੰਤਵ ਹੀ ਨਿਰਧਾਰਤ ਨਹੀਂ ਕਰਦੇ, ਸਗੋਂ ਕਲਾਕਾਰ ਦੀ ਬੁਨਿਆਦ ਨੂੰ ਵੀ ਸਪਸ਼ਟ ਕਰਦੇ ਹਨ । ਐਮਰਜੰਸੀ ਦੇ ਦੌਰਾਨ ਸਾਡੇ ਜ਼ਿਆਦਾਤਰ ਸਾਹਿਤਕਾਰਾਂ ਦਾ ਚੁੱਪ ਵੱਟੀ ਰਖਣਾ ਉਹਨਾਂ ਦੀ ਜਾਗਦੀ ਜ਼ਮੀਰ ਦਾ ਪ੍ਰਤੀਕ ਨਾ ਹੋਣ ਦੇ ਨਾਲ ਨਾਲ ਲੇਖਕ-ਸ਼ਰੇਣੀ ਦੀਆਂ ਨਿੱਤ ਦੀਆਂ ਸਮਾਜਵਾਦੀ ਯਥਾਰਥਵਾਦ, ਕਰਾਂਤੀਵਾਦ ਤੇ ਸਾਹਿਤ ਦੇ

ਮੰਤਵ ਆਦਿ ਵਿਸ਼ਿਆਂ ਬਾਰੇ ਚਰਚਾਵਾਂ ਦਾ ਵਿਰੋਧ ਵੀ ਹੈ। ਨਿਰਾ ਪੁਰਾ ਸਾਹਿਤ ਨੂੰ ਸੰਰਚਨਾ, ਸਿਧਾਂਤ, ਸੁਹਜ, ਕਲਾ, ਵਾਦ ਆਦਿ ਨੁਕਤਿਆਂ ਵਿਚ ਉਲਝਾਈ ਰੱਖਣ ਦੇ ਨਾਲ ਨਾਲ ਸਿਰਫ਼ ਲਿਖਣਾ ਹੀ ਸਾਹਿਤਕਾਰ ਦਾ ਮੰਤਵ ਨਹੀਂ ਬਲਕਿ ਕਲਾ ਤੇ ਕਰਮ ਵਿਚ ਸੁਮੇਲ ਦੀ ਵੀ ਜ਼ਰੂਰਤ ਹੈ! ਸਾਡੇ ਲੇਖਕਾਂ ਤੇ ਆਲੋਚਕਾਂ ਦਾ ਜੋ ਦੁਖਾਂਤ (ਸਮਾਜਕ ਦੁਖਾਂਤ ਦੇ ਨਾਲ ਨਾਲ) ਐਮਰਜੰਸੀ ਦੇ ਦੌਰਾਨ ਹੀ ਨਹੀਂ ਸਗੋਂ ਪਿਛੋਂ ਵੀ ਵਾਪਰ ਰਿਹਾ ਹੈ ਉਹ ਇਸ ਗੱਲ ਦੀ ਮੰਗ ਕਰਦਾ ਹੈ ਕਿ ਲੇਖਕ ਤੇ ਆਲੋਚਕ ਗੁਟ-ਬੰਦੀਆਂ, ਆਪਸੀ ਵਿਰੋਧਤਾਵਾਂ, ਸਿਰਫ਼ ਸਿਧਾਂਤਕ ਬਹਿਸਾਂ ਤੋਂ ਉਪਰ ਉਠ ਕੇ ਆਪਣੇ ਕਰਮ ਤੇ ਕਿਰਦਾਰ ਬਾਰੇ ਵੀ ਸੋਚਣ! ਜਨ-ਜੀਵਨ ਨਾਲ ਜੁੜ ਕੇ, ਜੀਊ ਕੇ, ਆਪਣੇ ਕਰਮ ਤੇ ਕਿਰਦਾਰ ਪ੍ਰਤੀ ਸੁੱਚੇ ਹੋਣ ਦੇ ਨਾਲ ਨਾਲ ਲੇਖਕ ਤੇ ਆਲੋਚਕ ਦਾ ਨਿਡਰ ਹੋ ਕੇ ਅਗਵਾਈ ਦੇਣਾ ਵੀ ਲਾਜ਼ਮੀ ਹੈ।

ਆਜ਼ਾਦੀ ਪਿਛੋਂ ਕਾਂਗਰਸ ਦੀ ਹਕੂਮਤ ਸਥਾਪਤ ਹੋਈ। ਪਰ ਇਸ ਭੁਲੇਖੇ ਦਾ ਸਪਸ਼ਟੀਕਰਣ ਹੌਲੀ ਹੌਲੀ ਹੋਇਆ ਕਿ ਇਹ ਆਜ਼ਾਦੀ ਅਸਲ ਵਿਚ ਲੋਕਾਂ ਦੀ ਆਜ਼ਾਦੀ ਨਹੀਂ ਸੀ। ਇਹ ਕਮਿਊਨਿਸਟ ਪਾਰਟੀ ਲਈ ਬੁਲਾਵਾ ਸੀ ਕਿ ਉਹ ਸੰਘਰਸ਼ ਜਾਰੀ ਕਰੇ ਅਤੇ ਜਨ-ਜੀਵਨ ਦੀ ਅਗਵਾਈ ਕਰਕੇ ਸਮਾਜਵਾਦੀ ਚੇਤਨਾ ਨੂੰ ਉਜਾਗਰ ਕਰੇ। ਪਰ ਹੁਣ ਤਕ ਦੇ ਇਤਿਹਾਸਕ ਨਿਰਣੇ ਤੋਂ ਸਪਸ਼ਟ ਰੂਪ ਵਿਚ ਇਹ ਸਿੱਟਾ ਪ੍ਰਾਪਤ ਹੋਇਆ ਹੈ ਕਿ ਕਮਿਊਨਿਸਟ ਪਾਰਟੀ ਦੇ ਦੋਵਾਂ ਧੜਿਆਂ ਨੇ ਸਿਰਫ਼ ਸਿਧਾਂਤਕ ਚਰਚਿਆਂ, ਮੈਂਬਰਸ਼ਿਪ ਤੇ ਲੀਡਰਸ਼ਿਪ ਤੋਂ ਸਿਵਾ ਕੋਈ ਵੀ ਐਸਾ ਵਿਰੋਧ ਜ਼ਮੀਰ ਨੂੰ ਹਲੂਣ ਕੇ ਸਰਮਾਏਦਾਰੀ (ਵੇਲੇ ਦੀ ਹਕੂਮਤ) ਨਾਲ ਨਹੀਂ ਲਿਆ ਜੋ ਸਾਡੀ ਨਿੱਤ ਦੀ ਪਿੱਸਦੀ ਜਾ ਰਹੀ ਕਿਰਤੀ-ਸ਼ਰੇਣੀ ਨੂੰ ਸੰਤੁਸ਼ਟ ਕਰਕੇ ਇਹਨਾਂ ਦੇ ਕਰਮ ਦਾ ਨਿਰਣਾ ਕਰ ਸਕੇ ਸਗੋਂ ਇਹ ਜ਼ਿਆਦਾਤਰ ਆਪਸੀ ਵਿਰੋਧਤਾਵਾਂ ਵਿਚ ਹੀ ਉਲਝੇ ਰਹੇ। ਵਧ ਰਹੀਆਂ ਕੀਮਤਾਂ, ਬੇਰੁਜ਼ਗਾਰੀ, ਸਰਮਾਏਦਾਰੀ ਦੀ ਲੁੱਟ ਨੇ ਕਿਰਤੀ-ਸ਼ਰੇਣੀ ਨੂੰ ਏਨਾ ਨਿਤਾਣਾ ਕਰ ਦਿੱਤਾ ਕਿ ਉਹ ਆਪਣੀਆਂ ਦੁਖਾਂਤਕ ਅਵੱਸਥਾਵਾਂ ਜੀਊਂਦੇ, ਇਹਨਾਂ ਦੋਹਾਂ ਕਮਿਊਨਿਸਟ ਪਾਰਟੀਆਂ ਤੋਂ ਅਸੰਤੁਸ਼ਟ ਰਹੇ। ਸਿੱਟੇ ਵਜੋਂ ਹੀ, ਵਿਦਰੋਹ ਦੇ ਰੂਪ ਵਿਚ ਨਕਸਲਵਾੜੀ ਲਹਿਰ ਦਾ ਜਨਮ ਹੁੰਦਾ ਹੈ, ਜਿਸ ਨੇ ਤਰਥਲੀ ਦੇ ਰੂਪ ਵਿਚ ਆਪਣੇ ਵਿਰਸੇ ਦੀ ਚੇਤਨਾ ਨੂੰ ਹਲੂਣ ਕੇ ਹਥਿਆਰਬੰਦ ਇਨਕਲਾਬ ਦਾ ਸੱਦਾ ਦਿੱਤਾ। ਭਾਵੇਂ ਇਹ ਲਹਿਰ ਸਿਰਫ਼ ਵਿਦਿਆਰਥੀਆਂ, ਨੌਜਵਾਨਾਂ, ਅਧਿਆਪਕਾਂ ਤਕ ਹੀ ਸੀਮਤ ਰਹੀ ਪਰ ਨਿਸਚੇ ਹੀ ਇਸ ਨੇ ਪਹਿਲੀ ਵਾਰ ਪੰਜਾਬ ਦੇ ਹੀ ਨਹੀਂ, ਸਗੋਂ ਹਿੰਦੁਸਤਾਨ ਦੇ ਵੀ ਇਤਿਹਾਸ ਵਿਚ ਨਾ ਸਿਰਫ਼ ਵਿਦਰੋਹ ਨੂੰ ਹੀ ਜਨਮ ਦਿੱਤਾ, ਬਲਕਿ ਇਹਨਾਂ ਦੋਹਾਂ ਕਮਿਊਨਿਸਟ ਪਾਰਟੀਆਂ ਦੇ ਖੱਸੀਪੁਣੇ ਦੀ ਸੂਚਨਾ ਵੀ ਦਿਤੀ ਅਤੇ ਉਹਨਾਂ ਲਈ ਵੰਗਾਰ ਵੀ ਬਣੀ। ਸਾਡੀ ਸਦੀਆਂ ਤੋਂ ਗ਼ੁਲਾਮੀ ਹੇਠ ਜੀਊ ਕੇ ਮਰ ਚੁਕੀ ਜ਼ਹਿਨੀਅਤ ਲਈ ਇਹ ਲਹਿਰ ਹਲੂਣਾ ਸੀ।

ਪੰਜਾਬ ਦਾ ਆਪਣਾ ਵਿਸ਼ੇਸ਼ ਇਤਿਹਾਸ ਹੈ ਜਿਸ ਵਿਚ ਅਸੀਂ ਲੰਮੀ ਸੰਘਰਸ਼-ਭਰਪੂਰ ਤਹਿਰੀਕ ਸਾਂਭੀ ਬੈਠੇ ਹਾਂ। ਪੰਜਾਬ ਵਿਚ ਇਸ ਲਹਿਰ ਨੇ ਭਾਵੁਕ ਤੌਰ 'ਤੇ ਆਪਣੀ ਇਨਕਲਾਬੀ ਬਿਰਤੀ ਨੂੰ ਹੀ ਨਹੀਂ ਸਗੋਂ ਦੁਨੀਆਂ ਦੇ ਇਨਕਲਾਬੀ ਪੈਂਤੜੇ ਨੂੰ ਵੀ ਆਧਾਰ ਬਣਾਇਆ। ਤੇ ਜਿਸ ਦਲੇਰੀ, ਸਿਰਲੱਥਤਾ ਤੇ ਨਿਰਭੈਤਾ ਨਾਲ ਵੇਲੇ ਦੀ ਹਕੂਮਤ ਨਾਲ ਟਕਰ ਲਈ ਅਤੇ ਜਿਸ ਤਰੀਕੇ ਨਾਲ ਇਹਨਾਂ ਉਪਰ ਦਹਿਸ਼ਤ ਹੋਈ ਉਹ ਸਾਡੇ ਇਨਕਲਾਬੀ ਇਤਿਹਾਸਕ ਵਿਰਸੇ ਦਾ ਗੌਰਵਮਈ ਕਾਂਡ ਹੈ। ਭਾਵੇਂ ਇਹ ਲਹਿਰ ਆਪਣੀਆਂ ਜੜ੍ਹਾਂ ਜਨ-ਜੀਵਨ ਵਿਚ ਨਾ ਲਾ ਸਕੀ ਪਰ ਜਿਸ ਸੁਹਿਰਦਤਾ ਤੇ ਸਾਹਸ ਨਾਲ ਇਸ ਨੇ ਦੇਸ਼ ਦੇ ਪਿੱਸ ਰਹੇ ਲੋਕਾਂ ਦੀ ਮੰਦਹਾਲੀ ਤੇ ਦੁਖਾਂ ਦਾ ਇਤਿਹਾਸ ਕਹਿਣ



ਦੀ ਜੁਰਅਤ ਕੀਤੀ ਅਤੇ ਹਕੂਮਤ ਦਾ ਵਿਰੋਧ ਕੀਤਾ, ਕੀ ਉਹ ਦੋਹਾਂ ਪਾਰਟੀਆਂ ਨੇ ਕਦੇ ਕੀਤਾ ਜਾਂ ਕਰਨਗੀਆਂ? ਅਮਲ ਰਾਹੀਂ ਹੀ ਹਰ ਪਾਰਟੀ ਆਪਣੇ ਸਿਧਾਂਤਕ ਪੈਂਤੜੇ, ਆਪਣੀਆਂ ਨੀਤੀਆਂ ਬਾਰੇ ਸੋਚ ਸਮਝ ਕੇ ਅੱਗੋਂ ਵਿਚਾਰ ਕਰਦੀ ਹੈ—ਇਸ ਇਤਿਹਾਸਕ ਵਿਦਰੋਹ ਨੇ ਨਕਸਲਵਾਦੀ ਪਾਰਟੀ ਨੂੰ ਵੀ ਇਹ ਚੇਤਾਵਨੀ ਦਿੱਤੀ ਹੈ ਕਿ ਪਾਰਟੀ ਆਪਣੇ ਵਿਚ ਆਏ ਦੁਫਾੜਾਂ, ਸਿਧਾਂਤਕ ਵਖਰੇਵਿਆਂ ਬਾਰੇ ਸੁਚੇਤ ਹੋ ਕੇ ਪਿਛਲੀਆਂ ਗਲਤ ਨੀਤੀਆਂ ਦਾ ਨਿਰਣਾ ਕਰਕੇ ਸੁਚੇਤ ਹੋਵੇ। ਕੀ ਕਮਿਊਨਿਸਟ ਪਾਰਟੀਆਂ (ਸੱਜੀ ਤੇ ਖੱਬੀ) ਨੇ ਵੀ ਕਦੀ ਅਜਿਹਾ ਸੋਚਣ ਦੀ ਲੋੜ ਸਮਝੀ ਹੈ?

ਨਕਸਲਵਾਦੀ ਪਾਰਟੀ ਐਮਰਜੰਸੀ ਦੇ ਦੌਰਾਨ ਹਿੰਦੁਸਤਾਨ ਵਿਚ ਜੋ ਜਦੋ-ਜਹਿਦ ਕੀਤੀ ਅਥਵਾ ਯੁੱਧ ਲੜਿਆ ਉਹ ਸਭਨਾਂ ਪਾਰਟੀਆਂ ਛੋਂ ਵਧੇਰੇ ਮਹੱਤਵਪੂਰਨ ਹੈ। (ਭਾਵੇਂ ਇਸ ਦਾ ਜ਼ਿਕਰ ਘੱਟ ਹੋਇਆ ਤੇ ਲਾਭ ਹੋਰਨਾਂ ਨੂੰ ਮਿਲਿਆ) ਹਾਲੇ ਵੀ ਜਿਸ ਦਮ ਤੇ ਹੌਸਲੇ ਨਾਲ ਇਸ ਦਾ ਸੰਘਰਸ਼ ਜਾਰੀ ਹੈ, ਉਹ ਕਮਿਊਨਿਸਟਾਂ ਦੇ ਜ਼ਿੰਦਾ ਹੋਣ ਦਾ ਸਬੂਤ ਹੈ। ਜਮਾਤੀ-ਚੇਤੰਨਤਾ ਬਾਰੇ, ਮਾਰਕਸਵਾਦੀ ਸਿਧਾਂਤਾਂ ਬਾਰੇ ਚਰਚਾ ਕਾਸੇ ਕੰਮ ਨਹੀਂ ਜੇ ਪਾਰਟੀ ਟੱਕਰ ਜਾਂ ਵਿਰੋਧ (ਭਾਵ ਅਮਲ) ਵਿਚ ਕੱਖ ਨਹੀਂ। ਤੇ ਅਮਲ ਵਿਚੋਂ ਨਿਸ਼ਚੇ ਹੀ ਨਵੀਆਂ ਸੰਭਾਵਨਾਵਾਂ ਤੇ ਸੋਚਾਂ ਦਾ ਜਨਮ ਹੋਵੇਗਾ। ਇਹੋ ਆਸ ਨਕਸਲਵਾਦੀ ਪਾਰਟੀ ਤੋਂ ਰੱਖੀ ਜਾ ਸਕਦੀ ਹੈ।

ਪੰਜਾਬੀ ਸਾਹਿਤਕ ਖੇਤਰ ਵਿਚ ਇਸ ਲਹਿਰ ਦੇ ਅਧੀਨ ਬਹੁਤ ਸਾਹਿਤ ਰਚਿਆ ਗਿਆ, ਪਰ ਨਾਵਲ ਦੇ ਖੇਤਰ ਇਹ ਜੁਰਅਤ ਜਸਵੰਤ ਸਿੰਘ ਕੰਵਲ ਨੇ 'ਲਹੂ ਦੀ ਲੋਅ' ਰਾਹੀਂ ਕਰਕੇ ਜਿਥੇ ਆਪਣੀ ਸਾਰੀ ਪੁਰਾਣੀ ਸੋਚਣੀ ਦਾ ਸਿਧਾਂਤਕ ਤੌਰ 'ਤੇ ਨਿਰਣਾ ਕੀਤਾ ਹੈ ਉਥੇ ਨਵੀਂ ਚਰਚਾ ਨੂੰ ਵੀ ਆਰੰਭ ਕੀਤਾ ਹੈ। ਭਾਵੇਂ ਇਸ ਨਾਵਲ ਵਿਚ ਲਹਿਰ ਦੀ ਪੂਰਨ ਭਾਂਤ ਤਸਵੀਰ ਤੇ ਸਮਝ ਪੇਸ਼ ਨਹੀਂ ਹੋਈ, ਪਰ ਫੇਰ ਵੀ ਇਸ ਪਾਰਟੀ ਦਾ ਵਿਦਰੋਹ ਤੇ ਵੇਲੇ ਦੀ ਹਕੂਮਤ ਨਾਲ ਵਿਰੋਧ ਜਿਸ ਢੰਗ ਨਾਲ ਪੇਸ਼ ਕੀਤਾ ਗਿਆ ਹੈ ਉਹ ਕੰਵਲ ਦਾ ਇਤਿਹਾਸਕ ਤੌਰ 'ਤੇ ਮੂਲ ਨਿਰਧਾਰਤ ਕਰਦਾ ਹੈ। ਜਿਵੇਂ ਕਿ ਮੈਂ ਸ਼ੁਰੂ ਵਿਚ ਜ਼ਿਕਰ ਕੀਤਾ ਹੈ ਕਿ ਸਾਡੇ ਜ਼ਿਆਦਾਤਰ ਸਾਹਿਤਕਾਰ ਸਿਰਫ਼ ਸਿਧਾਂਤਕ ਕਲਾਬਾਜ਼ੀਆਂ ਤੇ ਕਰਮ-ਵਿਹੂਣੇ ਕਿਰਦਾਰਾਂ ਸਮੇਤ ਸਾਹਿਤਕਾਰ ਬਣੀ ਫਿਰਨ ਵਿਚ ਹੀ ਫ਼ਖ਼ਰ ਮਹਿਸੂਸ ਕਰਦੇ ਹਨ। ਮਾਰਕਸਵਾਦੀ ਧਾਰਨਾ ਮੰਗ ਕਰਦੀ ਹੈ ਕਿ ਜਿਥੇ ਸਾਹਿਤਕਾਰ ਵੇਲੇ ਦੇ ਯਥਾਰਥ ਤੇ ਵਿਰੋਧ ਨੂੰ ਸਾਹਸ ਨਾਲ ਉਜਾਗਰ ਕਰੇ ਉਥੇ ਉਹ ਆਪਣੇ ਅਨੁਭਵ ਦੀ ਸੁਹਿਰਦਤਾ ਦੇ ਨਾਲ ਨਾਲ ਆਪਣੇ ਕਰਮ ਤੇ ਕਿਰਦਾਰ ਪ੍ਰਤੀ ਵੀ ਸੁਚੇਤ ਹੋਵੇ ਤੇ ਅਗਵਾਈ ਦੇਵੇ। ਲੇਖਕਾਂ ਤੇ ਆਲੋਚਕਾਂ ਦੀ ਮੰਦਹਾਲੀ ਸਾਥੋਂ, ਤੁਹਾਥੋਂ, ਸਾਰਿਆਂ ਤੋਂ ਗੁੱਝੀ ਨਹੀਂ ਭਾਵੇਂ ਇਸ ਨੂੰ ਮੰਨਣ ਤੋਂ ਅਸੀਂ ਸਾਰੇ ਇਨਕਾਰੀ ਹੋਵਾਂਗੇ (ਜਿਵੇਂ ਦੋਵੇਂ ਕਮਿਊਨਿਸਟ ਪਾਰਟੀਆਂ ਆਪਣਾ ਖੱਸੀਪਣਾ ਮੰਨਣ ਤੋਂ ਇਨਕਾਰੀ ਹਨ)

ਨਾਵਲ ਅਜਿਹਾ ਸਾਹਿਤਕ ਮਾਧਿਅਮ ਹੈ ਜੋ ਜੀਵਨ ਦੇ ਵਿਰੋਧਾਂ, ਦੁਖਾਂ, ਸਮਸਿਆਵਾਂ ਨੂੰ ਆਪਣੇ ਕਲਾਵੇ ਵਿਚ ਲੈ ਕੇ ਜੀਵਨ ਦੀ ਵਿਆਖਿਆ ਕਰਦਾ ਹੋਇਆ ਸਮਾਜਕ ਚੇਤਨਾ ਨੂੰ ਉਜਾਗਰ ਕਰਦਾ ਹੈ।

ਕੰਵਲ ਨੇ ਆਪਣੇ ਨਾਵਲ ਵਿਚ ਲੋਕਾਂ ਦੀ ਮੰਦਹਾਲੀ, ਉਹਨਾਂ ਨਾਲ ਹੋ ਰਹੇ ਧਰੋਹ, ਉਹਨਾਂ ਦੇ ਵਿਰੋਧ ਦੇ ਨਾਲ ਨਾਲ ਰਾਜਨੀਤਕ ਪਾਰਟੀਆਂ ਦਾ ਨਿਰਣਾ ਕਰਨ ਦੀ ਕੋਸ਼ਿਸ਼ ਵੀ ਕੀਤੀ ਹੈ। ਕਲਾ ਦੇ ਪੱਖੋਂ ਇਸ ਨਾਵਲ ਵਿਚ ਕਈ ਨੁਕਸ ਹੋ ਸਕਦੇ ਹਨ (ਜਿਨ੍ਹਾਂ ਬਾਰੇ ਸਾਡੇ ਵਿਦਵਾਨਾਂ ਨੇ ਢੇਰ ਚਰਚਾ ਕੀਤੀ ਹੈ) ਪਰ ਸਾਹਿਤ ਦੇ ਖੇਤਰ ਵਿਚ ਕੰਵਲ ਦੇ ਇਸ ਨਾਵਲ ਨੇ ਬੁਧੀਜੀਵੀਆਂ,

ਲੇਖਕਾਂ ਅਤੇ ਆਲੋਚਕਾਂ ਨੂੰ ਜੋ ਇਹ ਚੇਤਾਵਨੀ ਦਿਤੀ ਹੈ ਕਿ ਤੁਹਾਡੀ ਕਲਾ ਦਾ, ਤੁਹਾਡੀ ਵਿਦਵਤਾ ਦਾ ਕੋਈ ਅਰਥ ਨਹੀਂ ਜੇ ਤੁਸੀਂ ਕਰਮ ਰਾਹੀਂ ਕੋਈ ਸੇਧ ਜਾਂ ਅਗਵਾਈ ਨਹੀਂ ਦਿੰਦੇ ਭਾਵ ਤੁਸੀਂ ਆਪਣੀ ਕਲਾ ਦਾ ਮੂਲ ਜੀਉਂਦੇ ਨਹੀਂ, ਵੇਲੇ ਦੇ ਯਥਾਰਥ ਨੂੰ ਕਹਿਣ ਦਾ ਸਾਹਸ ਨਹੀਂ ਕਰਦੇ—ਇਹ ਬਹੁਤ ਮਹੱਤਵਪੂਰਨ ਹੈ।

ਅਜ ਪੰਜਾਬੀ ਦੇ ਸਾਰੇ ਸਾਹਿਤਕਾਰਾਂ, ਆਲੋਚਕਾਂ ਦਾ ਫ਼ਰਜ਼ ਹੈ ਕਿ ਉਹ ਆਪਣੀ ਜ਼ਮੀਰ ਨੂੰ ਹਲੂਣ ਕੇ ਘਟੋ ਘਟ ਇਹ ਨਿਰਣਾ ਤਾਂ ਕਰਨ ਕਿ ਵੇਲੇ ਦਾ ਸਮਾਜਕ ਯਥਾਰਥ ਕੀ ਹੈ? ਵੇਲੇ ਦੀ ਰਾਜਨੀਤਕ ਸਥਿਤੀ ਦਾ ਕਿਵੇਂ ਜ਼ਾਇਜ਼ਾ ਲਿਆ ਜਾਵੇ? ਸਿਰਫ਼ ਪਹਿਲਾਂ ਤੋਂ ਤੁਰੇ ਆਉਂਦੇ ਦਾਇਰਿਆਂ ਵਿਚ ਹੀ ਲਮਕਦੇ ਆਪਣੀ ਆਪਣੀ ਥਾਂ ਸਿਰਫ਼ ਇਕ ਦੂਜੇ ਉਪਰ ਚਿਕੜ ਸੁਟਣ, ਵਿਅਕਤੀਗਤ ਵਿਰੋਧਤਾਵਾਂ, ਗੁਟਬੰਦੀਆਂ ਤਿਆਗ ਕੇ ਆਪਣੇ ਕਰਮ ਤੇ ਕਿਰਦਾਰ ਬਾਰੇ ਸੋਚਕੇ ਵੇਲੇ ਦੀ ਅਵਸਥਾ ਬਾਰੇ ਸਪੱਸ਼ਟ ਹੋਣ।

**—ਕੁਲਵੰਤ ਅੰਜਲਾ**

■ **ਸਮਕਾਲੀ ਪੰਜਾਬੀ ਕਵਿਤਾ ਦਾ ਰੂਪ — ਇਕ ਅਧਿਅਨ :** (ਲੰਮੇ ਲੇਖ ਵਿਚੋਂ ਇਕ ਟੁਕੜੀ)...ਪ੍ਰਯੋਗਵਾਦੀ ਕਾਵਿ-ਧਾਰਾ ਵਿਚ ਪਹਿਲੀ ਵਾਰ ਪਰੰਪਰਾਗਤ ਕਾਵਿ-ਨਿਯਮਾਂ ਦੀ ਚੇਤੰਨ ਰੂਪ ਵਿਚ ਉਲੰਘਣਾ ਹੋਈ ਤੇ ਇਕ ਅਜਿਹੇ ਕਾਵਿਕ-ਮੁਹਾਵਰੇ ਨੂੰ ਜਨਮ ਦਿਤਾ ਗਿਆ ਜਿਹੜਾ ਵਾਰਤਕ ਦੇ ਨੇੜੇ ਜਾ ਲਗਦਾ ਸੀ। ਇਹਨਾਂ ਦੀ ਦਲੀਲ ਇਹ ਸੀ ਕਿ ਸਮਕਾਲੀ ਜੀਵਨ ਦੀਆਂ ਜਟਿਲਤਾਵਾਂ ਨੂੰ ਪ੍ਰਗਟਾਉਣ ਲਈ ਇਕ ਨਵੇਂ ਕਾਵਿਕ-ਮਹਾਵਰੇ ਦੀ ਲੋੜ ਹੈ। ਕਵਿਤਾ ਤੁਕ-ਬੰਦੀ ਨਹੀਂ ਸਗੋਂ ਭਾਵਾਂ ਤੇ ਰਚਨਾਤਮਕ ਵਿਚਾਰਾਂ ਦੀ ਬੋਲੀ ਹੈ। ਇਨ੍ਹਾਂ ਦੇ ਪ੍ਰਗਟਾਅ ਲਈ ਇਕ ਵਖਰੀ ਤਰ੍ਹਾਂ ਦੀ ਬਿੰਬਾਵਲੀ ਤੇ ਕਾਵਿਕ ਵਾਕਾਂ ਦੀ ਲੋੜ ਹੈ। ਮਨੁਖ ਦੀ ਅੰਦਰਲੀ ਟੁਟ ਭੱਜ ਨੂੰ ਬਿਆਨਣਾ ਰਵਾਇਤੀ ਕਾਵਿ-ਰੂਪਾਂ ਦੁਆਰਾ ਅਸੰਭਵ ਹੈ। ਜਿੰਨੀ ਦੇਰ ਲਈ ਕਿਸੇ ਕਾਫੀਏ ਲਈ ਸ਼ਬਦ ਸੋਚਿਆ ਜਾਣਾ ਹੈ, ਉਨੀ ਦੇਰ ਵਿਚ ਤਾਂ ਭਾਵ ਜਾਂ ਵਿਚਾਰ ਦਾ ਕਤਲ ਹੋ ਸਕਦਾ ਹੈ। ਇਸ ਤਰ੍ਹਾਂ ਪ੍ਰਯੋਗ-ਵਾਦੀ ਕਵੀਆਂ ਨੇ ਅਜਿਹੀ ਕਾਵਿ-ਸ਼ੈਲੀ ਨੂੰ ਅਪਨਾਇਆ ਜਿਹੜੀ ਜਜ਼ਬਿਆਂ ਤੇ ਖ਼ਿਆਲਾਂ ਦੇ ਵੇਗ ਨੂੰ, ਬਿਨਾਂ ਕਿਸੇ ਬਣਾਵਟ ਦੇ ਪੇਸ਼ ਕਰ ਸਕੇ। ਉਦਾਹਰਣ ਵਜੋਂ ਜਸਬੀਰ ਸਿੰਘ ਆਹਲੂਵਾਲੀਆ ਆਪਣੇ ਵਿਚਾਰ ਇਸ ਪ੍ਰਕਾਰ ਕਾਵਿ-ਬੱਧ ਕਰਦਾ ਹੈ :

"ਸੰਕਟ ਹੈ ਪਰ ਗਹਿਰ ਗੰਭੀਰ ਨਹੀਂ/ਕਿਉਂਕਿ ਤੁਸੀਂ ਭਾਣਾ ਮੰਨਣ ਦੇ ਆਦੀ ਹੋ/ਭਾਣਾ ਮੰਨਣ ਵਾਲੇ ਸਮਾਜ ਦੀ/ਇਹ ਆਦਤ/ਸੁਰਖਿਅਤ ਕਰਦੀ ਹੈ ਆਤਮਾ ਨੂੰ/ਅਨਾਤਮ ਤੋਂ/ਮਨ ਨੂੰ ਤਨ ਤੋਂ/ਸਾਧ ਨੂੰ ਚੋਰ ਤੋਂ।" (ਭੈਣ ਤੇ ਭਰਾਵੋ) ਅਜਿਹੇ ਭਾਵਾਂ ਜਾਂ ਵਿਚਾਰਾਂ ਦੀ ਅਭਿਵਿਅਕਤੀ ਲਈ ਪਰੰਪਰਾਗਤ ਕਾਵਿਕ-ਮੁਹਾਵਰਾ ਰਾਸ ਨਹੀਂ ਸੀ। ਤੇ ਸਚ ਤਾਂ ਇਹ ਹੈ ਕਿ ਪ੍ਰਯੋਗਵਾਦੀ ਕਵਿਤਾ ਦਾ ਪੰਜਾਬੀ ਕਵਿਤਾ ਦੇ ਵਿਕਾਸ ਵਿਚ ਜੇ ਕੋਈ ਉਘਾ ਰੋਲ ਹੈ ਤਾਂ ਉਹ ਇਹ ਹੈ ਕਿ ਇਸ ਧਾਰਾ ਦੇ ਕਵੀਆਂ ਨੇ ਇਕ ਨਵੀਂ ਕਾਵਿ-ਸ਼ੈਲੀ ਵਿਕਸਿਤ ਕੀਤੀ ਜਿਸ ਦਾ ਅਨੁਸਰਣ ਹਰ ਵਰਗ ਦੇ ਸਮਕਾਲੀ ਪੰਜਾਬੀ ਕਵੀਆਂ ਨੇ ਕੀਤਾ ਹੈ।

ਇਸ ਤਰ੍ਹਾਂ ਸਮਕਾਲੀ ਪੰਜਾਬੀ ਕਵਿਤਾ ਵਧੇਰੇ ਵਾਰਤਕਮਈ ਕਵਿਤਾ ਹੈ। ਸਪਸ਼ਟ ਹੈ ਕਿ ਇਹ ਕਾਵਿ-ਸ਼ੈਲੀ ਪੰਜਾਬੀ ਲਈ ਨਵੀਂ ਨਹੀਂ ਅਤੇ ਪ੍ਰੋ: ਪੂਰਨ ਸਿੰਘ ਤੇ ਦੀਵਾਨ ਸਿੰਘ ਕਾਲੇ ਪਾਣੀ ਤੋਂ ਇਲਾਵਾ ਪ੍ਰਯੋਗਵਾਦੀ ਧਾਰਾ ਦੇ ਕਵੀਆਂ ਨੇ ਇਸ ਨੂੰ ਪ੍ਰਚਲਤ ਕਰਨ ਵਿਚ ਉਘਾ ਹਿੱਸਾ ਪਾਇਆ ਹੈ। ਇਸ ਤਰ੍ਹਾਂ ਇਸ ਨੂੰ ਪੰਜਾਬੀ ਸੁਭਾਅ ਤੇ ਸਭਿਆਚਾਰ ਦੇ ਪ੍ਰਤੀਕੂਲ ਸਮਝਣਾ ਅਨੁਚਿਤ ਹੈ। ਹਾਂ,



ਇਸ ਦੇ ਵਿਸ਼ੇਸ਼ ਲੱਛਣਾਂ ਅਤੇ ਗੁਣਾਂ-ਅਵਗੁਣਾਂ ਦਾ ਵਿਵੇਚਨ ਕਰਨ ਦੀ ਲੋੜ ਅਵੱਸ਼ ਹੈ। ਇਸ ਸੰਦਰਭ ਵਿਚ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਇਹ ਕਾਵਿ-ਸ਼ੈਲੀ ਕੇਵਲ ਪੰਜਾਬੀ ਵਿਚ ਹੀ ਵਿਕਸਿਤ ਨਹੀਂ ਹੋਈ ਸਗੋਂ ਹੋਰ ਭਾਰਤੀ ਭਾਸ਼ਾਵਾਂ ਦੀ ਕਵਿਤਾ ਵਿਚ ਵੀ ਅਪਨਾਈ ਗਈ ਹੈ। ਪਾਕਿਸਤਾਨ ਦੇ ਪ੍ਰਸਿਧ ਆਲੋਚਕ ਡਾ: ਵਜ਼ੀਰ ਆਗਾ ਨੇ ਤਾਂ ਇਸ ਸੰਬੰਧ ਵਿਚ ਇਕ ਉੱਘਾ ਸੁਝਾਓ ਵੀ ਦਿਤਾ ਹੈ। ਉਹਨਾਂ ਦਾ ਖਿਆਲ ਹੈ ਕਿ ਅਜਿਹੀ ਵਾਰਤਕ-ਮਈ ਕਵਿਤਾ ਨੂੰ ਕਵਿਤਾ ਕਹਿਣ ਦੀ ਬਜਾਏ 'ਨਸਰੇ-ਲਤੀਫ਼' ਅਰਥਾਤ 'ਕੋਮਲ ਵਾਰਤਕ' ਕਹਿਣਾ ਜ਼ਿਆਦਾ ਉਚਿਤ ਹੈ। ਪਰ ਉਰਦੂ ਜਾਂ ਪੰਜਾਬੀ ਜ਼ਬਾਨ ਦੇ ਕਵੀਆਂ ਨੂੰ ਇਹ ਸੁਝਾਅ ਪ੍ਰਵਾਨ ਨਹੀਂ। ਆਲੋਚਕਾਂ ਤੋਂ ਇਲਾਵਾ ਪਾਠਕਾਂ ਨੇ ਵੀ ਅਜਿਹੀ ਕਾਵਿ-ਸ਼ੈਲੀ 'ਤੇ ਕਿੰਤੂ ਕੀਤਾ ਹੈ। ਜੇ ਇਹ ਕਵਿਤਾ ਹੈ ਤਾਂ ਫਿਰ ਵਾਰਤਕ ਕੀ ਹੈ? ਬਹੁਤੇ ਸਾਰੇ ਆਲੋਚਕ ਤਾਂ ਬਹੁਤੀ ਸਮਕਾਲੀ ਕਵਿਤਾ ਨੂੰ ਅਕਵਿਤਾ ਆਖਣ ਲਗ ਪਏ ਹਨ। ਸੇਧ ਦੇ ਨਵੰਬਰ 76 ਅੰਕ ਵਿਚ ਕਰਮ ਸਿੰਘ ਨੇ ਜਗਤਾਰ ਤੇ ਡਾ: ਹਰਿਭਜਨ ਸਿੰਘ ਦੀਆਂ ਦੋ ਕਾਵਿ-ਟੁਕਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ :

ਮੈਂ ਇਕ ਆਵਾਜ਼ ਹਾਂ। ਆਪਣੀ ਮੌਤ ਤੋਂ ਪਹਿਲਾਂ ਹਜ਼ਾਰਾਂ ਜਿਸਮ ਬਣ ਕੇ ਨਿਕਲ ਜਾਵਾਂਗਾ। ਤੂਫਾਨਾਂ ਦੇ ਉਡਾਏ ਬੀਜ ਮੌਸਮ ਆਉਣ ਤੇ ਮੁੜ ਫਸਲ ਬਣ ਕੇ ਉਗ ਪੈਂਦੇ ਨੇ। (ਜਗਤਾਰ)

ਮੈਂ ਪਿੰਜਰੇ-ਬੰਦ ਇਕ ਸਿਫ਼ਰਾ ਖ਼ਿਲਾਅ ਅੰਦਰ ਭਟਕਦਾ ਹਾਂ। ਮੇਰੀ ਆਪਣੀ ਖਾਮੋਸ਼ੀ ਬਿਨ ਕੋਈ ਸਾਥੀ ਨਹੀਂ ਮੇਰਾ। ਕੋਈ ਰਸਤਾ ਨਹੀਂ ਕਿ ਤੁਰ ਕੇ ਆਪਣੇ ਕੋਲ ਹੀ ਆ ਜਾਵਾਂ। (ਡਾ: ਹਰਿਭਜਨ ਸਿੰਘ)

ਜਗਤਾਰ ਤੇ ਡਾ: ਹਰਿਭਜਨ ਸਿੰਘ ਸਾਡੇ ਚੰਗੇ ਕਵੀਆਂ 'ਚੋਂ ਹਨ। ਜੇ ਉਹਨਾਂ ਦੀ ਕਵਿਤਾ ਦੇ ਕਵਿਤਾ ਹੋਣ 'ਤੇ ਸ਼ਕ ਕੀਤਾ ਜਾ ਸਕਦਾ ਹੈ ਤਾਂ ਬਾਕੀ ਸਮਕਾਲੀ ਕਵੀਆਂ ਦੀਆਂ ਕਵਿਤਾਵਾਂ ਸਹਿਜੇ ਹੀ ਵਾਰਤਕਮਈ ਪੈਰਿਆਂ ਵਿਚ ਅੰਕਿਤ ਕੀਤੀਆਂ ਜਾ ਸਕਦੀਆਂ ਹਨ।

ਅਜਿਹੀ ਸਥਿਤੀ ਵਿਚ ਸਾਡੇ ਸਾਹਮਣੇ ਇਕ ਗੰਭੀਰ ਸਮੱਸਿਆ ਪੈਦਾ ਹੋ ਜਾਂਦੀ ਹੈ ਤੇ ਸਾਨੂੰ ਮੁੜ ਕੇ ਉਸ ਮੁਢਲੇ ਪ੍ਰਸ਼ਨ 'ਤੇ ਵਿਚਾਰ ਕਰਨੀ ਪੈਂਦੀ ਹੈ ਕਿ ਕਵਿਤਾ ਕੀ ਹੈ? ਵਾਰਤਕ ਕੀ ਹੈ? ਕੀ ਇਨ੍ਹਾਂ ਵਿਚਕਾਰ ਕੋਈ ਸੁਮੇਲ ਸੰਭਵ ਹੈ? ਇਨ੍ਹਾਂ ਸਾਹਿੱਤ ਰੂਪਾਂ ਦੀਆਂ ਵਿਸ਼ੇਸ਼ ਲੋੜਾਂ ਕੀ ਹਨ? ਇਨ੍ਹਾਂ ਵਿਸ਼ੇਸ਼ ਗੁਣਾਂ ਨੂੰ ਇਕ ਦੂਜੇ ਪਾਸੇ ਵਰਤ ਕੇ ਕੀ ਵਾਰਤਕਮਈ ਕਵਿਤਾ ਜਾਂ ਕਾਵਿ-ਮਈ ਵਾਰਤਕ ਦੀ ਸਿਰਜਣਾ ਕੀਤੀ ਜਾ ਸਕਦੀ ਹੈ? ਕਵਿਤਾ ਦੀ ਪਰਿਭਾਸ਼ਾ ਬਾਰੇ ਕਿਸੇ ਲੰਮੇ ਚੌੜੇ ਵਿਸਥਾਰ ਵਿਚ ਨਾ ਪੈਂਦੇ ਹੋਏ ਅਸੀਂ ਇਸ ਦੇ ਪ੍ਰਵਾਣਿਤ ਸੰਕਲਪ ਨੂੰ ਹੀ ਵਾਚ ਸਕਦੇ ਹਾਂ। ਇਸ ਅਨੁਸਾਰ ਕਵਿਤਾ ਅਜਿਹੀ ਰਚਨਾ ਨੂੰ ਆਖਿਆ ਜਾਂਦਾ ਹੈ ਜਿਸ ਵਿਚ ਕੋਈ ਡੂੰਘਾ ਭਾਵ ਜਾਂ ਵਿਚਾਰ ਪ੍ਰਗਟ ਕੀਤਾ ਗਿਆ ਹੋਵੇ ਤੇ ਜਿਸ ਦਾ ਆਧਾਰ ਕੋਈ ਪ੍ਰਤੱਖ ਜਾਂ ਅਪ੍ਰਤੱਖ ਅਨੁਭਵ ਹੋਵੇ। ਬਹੁਤ ਵਾਰੀ ਅਜਿਹੀ ਰਚਨਾ ਤੋਲ ਤੁਕਾਂਤ ਵਿਚ ਬੱਝੀ ਹੋਈ ਹੁੰਦੀ ਹੈ। ਇਸ ਤੋਂ ਇਲਾਵਾ ਕਵਿਤਾ ਵਿਚ ਬਿੰਬਾਵਲੀ, ਪ੍ਰਤੀਕ ਵਿਧਾਨ ਤੇ ਅਲੰਕਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੇ ਉਲਟ ਵਾਰਤਕ ਕਿਸੇ ਦਲੀਲਮਈ ਰਚਨਾ ਨੂੰ ਆਖਿਆ ਜਾਂਦਾ ਹੈ ਜਿਸ ਦਾ ਕਿਸੇ ਅਨੁਭਵ 'ਤੇ ਆਧਾਰਤ ਹੋਣਾ ਜ਼ਰੂਰੀ ਨਹੀਂ ਹੁੰਦਾ ਸਗੋਂ ਵਿਚਾਰਾਂ ਦੀ ਲੜੀ-ਬੱਧਤਾ ਤੇ ਤਰਕ ਦਾ ਹੋਣਾ ਜ਼ਰੂਰੀ ਮੰਨਿਆ ਜਾਂਦਾ ਹੈ। ਕਵਿਤਾ ਦੇ ਉਲਟ ਵਾਰਤਕ ਵਿਚ ਵਰਣਨ, ਵਿਵਰਣ ਤੇ ਵਿਆਖਿਆ ਦੀ ਵਰਤੋਂ ਕੀਤੀ ਜਾਂਦੀ ਹੈ। ਸ਼ਬਦ-ਚਿੱਤਰਾਂ ਦੀ ਵਰਤੋਂ ਵਾਰਤਕ ਵਿਚ ਵੀ ਹੋ ਸਕਦੀ ਹੈ ਪਰ ਉਹ ਕਾਵਿਕ ਸ਼ਬਦ-ਚਿੱਤਰਾਂ ਤੇ ਉਪਮਾਵਾਂ ਨਾਲੋਂ ਵੱਖਰੇ ਹੁੰਦੇ ਹਨ। ਕਾਵਿਕ-ਸ਼ਬਦ ਚਿੱਤਰ ਇਕ ਵਿਸ਼ੇਸ਼ ਭਾਵ

ਨੂੰ ਉਸਾਰਣ ਲਈ ਵਰਤਿਆ ਜਾਂਦਾ ਹੈ ਜਦ ਕਿ ਵਾਰਤਕ ਵਿਚ ਇਨ੍ਹਾਂ ਦਾ ਉਦੇਸ਼ ਵਧੇਰੇ ਕਰਕੇ ਵਰਣਨ ਜਾਂ ਵਿਆਖਿਆ ਹੀ ਹੁੰਦਾ ਹੈ। ਸਪਸ਼ਟ ਹੈ ਕਿ ਕਵਿਤਾ ਤੇ ਵਾਰਤਕ ਦੋ ਵੱਖਰੇ ਸਾਹਿਤ ਰੂਪ ਹਨ ਜਿਨ੍ਹਾਂ ਦੀ ਵਰਤੋਂ ਵੱਖਰੇ ਵੱਖਰੇ ਮਨੋਰਥਾਂ ਲਈ ਕੀਤੀ ਜਾਂਦੀ ਹੈ। ਜਿਹੜੀ ਕਵਿਤਾ ਵਿਚ ਵਾਰਤਕ ਦੇ ਗੁਣ ਭਾਰੂ ਹੋਣਗੇ, ਉਹ ਵਾਰਤਕਮਈ ਕਵਿਤਾ ਬਣ ਜਾਵੇਗੀ ਤੇ ਜਿਹੜੀ ਵਾਰਤਕ ਵਿਚ ਕਵਿਤਾ ਦੇ ਗੁਣ ਅਪਣਾਏ ਜਾਣਗੇ, ਉਹ ਕਾਵਿ-ਮਈ ਵਾਰਤਕ ਹੋ ਨਿਬੜੇਗੀ। ਦੇਖਣਾ ਹੈ ਕਿ ਕੀ ਅਜਿਹੀ ਕਵਿਤਾ ਕਵਿਤਾ ਵੀ ਹੈ ਕਿ ਨਿਰੀ ਵਾਰਤਕ ਹੀ ਹੈ। ਜੇ ਇਸ ਵਿਚ ਕਾਵਿਕ ਵਿਲੱਖਣਤਾ ਹੈ ਤਾਂ ਇਸ ਨੂੰ ਕੇਵਲ ਇਸ ਲਈ ਰਦ ਨਹੀਂ ਕੀਤਾ ਜਾ ਸਕਦਾ ਕਿ ਇਹ ਵਾਰਤਕ-ਮਈ ਸ਼ੈਲੀ ਵਿਚ ਲਿਖੀ ਗਈ ਹੈ।

ਕਵਿਤਾ ਦਾ ਮੂਲ ਕਾਵਿਕ ਅਨੁਭਵ ਹੈ। ਰੂਪ ਕਵਿਤਾ ਦੀ ਦੂਜੀ ਲੋੜ ਹੈ ਤੇ ਇਸ ਵਿਚ ਪਰਿਵਰਤਨ ਕੀਤਾ ਜਾ ਸਕਦਾ ਹੈ। ਜਗਤਾਰ ਤੇ ਡਾ: ਹਰਿਭਜਨ ਸਿੰਘ ਦੀਆਂ ਉਪਰੋਕਤ ਟੂਕਾਂ ਕਵਿਤਾ ਅਖਵਾ ਸਕਦੀਆਂ ਹਨ ਜੇ ਇਸ ਵਿਚਲੇ ਵਿਚਾਰ ਕਿਸੇ ਕਾਵਿਕ ਅਨੁਭਵ 'ਤੇ ਆਧਾਰਤ ਹਨ ਤੇ ਸਾਧਾਰਨ ਕਥਨ ਮਾਤਰ ਨਹੀਂ ਤੇ ਇਨ੍ਹਾਂ ਨੂੰ ਸਿਰਜਤ ਰੂਪ ਅਨੁਸਾਰ ਲਿਖਣ ਨਾਲ ਇਨ੍ਹਾਂ ਵਿਚਲਾ ਅਨੁਭਵ ਸਾਕਾਰ ਹੁੰਦਾ ਦਿਖਾਈ ਦਿੰਦਾ ਹੈ :

ਮੈਂ ਇਕ ਆਵਾਜ਼ ਹਾਂ / ਮੈਂ ਆਪਣੀ ਮੌਤ ਤੋਂ ਪਹਿਲਾਂ / ਹਜ਼ਾਰਾਂ ਜਿਸਮ ਬਣ ਕੇ / ਨਿਕਲ ਜਾਵਾਂਗਾ। / ਤੂਫ਼ਾਨਾਂ ਦੇ ਉਡਾਏ ਬੀਜ / ਮੌਸਮ ਆਉਣ ਤੇ / ਮੁੜ ਫ਼ਸਲ ਬਣ ਕੇ / ਉਗ ਪੈਂਦੇ ਨੇ।
(ਚੇਤਨਾ-ਜਗਤਾਰ)

ਇਨ੍ਹਾਂ ਸਤਰਾਂ ਵਿਚਲਾ ਤਸੱਵਰ ਵਾਰਤਕ ਵਾਲਾ ਨਹੀਂ, ਕਵਿਤਾ ਵਾਲਾ ਹੈ। ਇਨ੍ਹਾਂ ਵਿਚ ਤਰਕ ਨਹੀਂ, ਭਾਵਨਾ ਪ੍ਰਧਾਨ ਹੈ। ਇਨ੍ਹਾਂ ਪਿੱਛੇ ਲੁਕਿਆ ਅਨੁਭਵ ਕਾਵਿਕ ਵਿਲੱਖਣਤਾ ਦਾ ਧਾਰਣੀ ਹੈ, ਵਾਰਤਕ ਵਾਲੀ ਦਲੀਲ ਦਾ ਲਖਾਇਕ ਨਹੀਂ। ਕਿਹਾ ਜਾ ਸਕਦਾ ਹੈ ਕਿ 'ਤੂਫ਼ਾਨਾਂ ਦੇ ਉਡਾਏ ਬੀਜ ਮੌਸਮ ਆਉਣ ਤੇ ਮੁੜ ਫ਼ਸਲ ਬਣ ਕੇ ਉਗ ਪੈਂਦੇ ਨੇ' ਤਾਂ ਨਿਰਾ ਕਥਨ ਮਾਤਰ ਹੈ। ਪਰ ਗਹੁ ਨਾਲ ਪੜ੍ਹਿਆਂ ਇਹ ਸਪੱਸ਼ਟ ਹੋ ਜਾਵੇਗਾ ਕਿ ਕਵੀ ਵਨਸਪਤੀ ਦੇ ਪ੍ਰਸਾਰ ਦੀ ਗੱਲ ਨਹੀਂ ਕਰ ਰਿਹਾ ਸਗੋਂ ਕ੍ਰਾਂਤੀ ਦੇ ਬੀਜਾਂ ਦੀ ਗੱਲ ਕਰ ਰਿਹਾ ਹੈ। ਇਸ ਤਰ੍ਹਾਂ ਉਸ ਦੀ ਕਵਿਤਾ ਵਿਚ ਪ੍ਰਤੀਕਾਤਮਕ ਅਭਿਵਿਅੰਜਨਾ ਆ ਗਈ ਹੈ। ਬੀਜ ਦੇ ਅਰਥ ਇਕ ਪ੍ਰਤੀਕ ਦੇ ਰੂਪ ਵਿਚ ਉਭਰਦੇ ਹਨ। ਇਸ ਤਰ੍ਹਾਂ ਇਹ ਵਾਰਤਕ-ਨੁਮਾ ਵਾਕ ਕਾਵਿਕ ਵਾਕੰਸ਼ਾਂ ਦੀ ਸ਼ਕਲ ਇਖ਼ਤਿਆਰ ਕਰ ਲੈਂਦਾ ਹੈ। ਇਹੀ ਗੱਲ ਡਾ: ਹਰਿਭਜਨ ਸਿੰਘ ਦੀਆਂ ਕਾਵਿ-ਪਕਤੀਆਂ ਬਾਰੇ ਵੀ ਸਿਧ ਕੀਤੀ ਜਾ ਸਕਦੀ ਹੈ।

ਪਾਠਕਾਂ ਦੇ ਦ੍ਰਿਸ਼ਟੀਕੋਣ ਤੋਂ ਇਕ ਹੋਰ ਗੱਲ ਵੀ ਉਲੇਖਣੀ ਹੈ। ਬਹੁਤ ਸਾਰੇ ਪਾਠਕ ਪਰੰਪਰਾ ਨਾਲ ਮੋਹ ਰਖਦੇ ਹਨ ਤੇ ਕਵਿਤਾ ਨੂੰ ਪਰੰਪਰਾਗਤ ਰੂਪਾਂ ਵਿਚ ਮਾਣਨ ਦੇ ਹੀ ਆਦੀ ਹੁੰਦੇ ਹਨ। 'ਸੇਧ' ਦੇ ਉਪਰ ਕਥਿਤ ਲੇਖ ਵਿਚ ਕਰਮ ਸਿੰਘ ਹੋਰੀਂ ਲਿਖਦੇ ਹਨ : "ਜੇ ਪੰਜਾਬੀ ਵਿਚ ਖੁਲ੍ਹੀ ਕਵਿਤਾ, ਵਾਰਤਕ ਨੁਮਾ ਕਵਿਤਾ ਦੀ ਰਵਾਇਤ ਜਾਂ ਰਿਵਾਜ ਨਹੀਂ ਹੈ ਤਾਂ ਇਹ ਸਾਡੀ ਜ਼ਬਾਨ ਦੀ ਕੋਈ ਕਮਜ਼ੋਰੀ ਜਾਂ ਐਬ ਨਹੀਂ ਹੈ। ਇਹ ਆਪਣੀ ਆਪਣੀ ਗੱਲ ਹੈ। ਅੰਗ੍ਰੇਜ਼ੀ ਵਿਚ ਬੈਂਤ ਨਹੀਂ ਹੈ, ਰੂਸੀ ਵਿਚ ਗ਼ਜ਼ਲ ਨਹੀਂ ਹੈ। ਜੇ ਪੰਜਾਬੀ ਵਿਚ ਖੁਲ੍ਹੀ ਕਵਿਤਾ ਨਹੀਂ ਹੈ ਤਾਂ ਇਸ ਬਾਰੇ ਝੇਂਪਣ ਦੀ ਕੀ ਲੋੜ ਹੈ ? ਕੀ ਇਹ ਜ਼ਰੂਰੀ ਹੈ ਕਿ ਜੋ ਕੁਝ ਪੱਛਮ ਵਿਚ ਹੈ, ਉਹ ਜ਼ਰੂਰੀ ਹੀ ਚੁਕ ਕੇ ਇਥੇ ਲਿਆਉਣਾ ਹੈ।" ਅਜਿਹੇ ਪਾਠਕ ਤੇ ਆਲੋਚਕ ਅਜੇ ਵੀ ਬੈਂਤ-ਬਾਜ਼ੀ ਨੂੰ ਕਵਿਤਾ ਆਦਰਸ਼ ਮੰਨਦੇ ਪ੍ਰਤੀਤ ਹੁੰਦੇ ਹਨ। ਇਹ ਉਹਨਾਂ ਦਾ ਭੁਲੇਖਾ ਹੈ ਕਿ ਪੰਜਾਬੀ ਦੀ ਖੁਲ੍ਹੀ ਕਵਿਤਾ ਨਿਰੋਲ ਪੱਛਮੀ



ਲੀਹਾਂ ਦੀ ਧਾਰਣੀ ਹੈ। ਇਹ ਸਪਸ਼ਟ ਕੀਤਾ ਜਾ ਚੁਕਾ ਹੈ ਕਿ ਇਸ ਨੂੰ ਵੀਰ ਸਿੰਘ ਕਾਲ ਤੋਂ ਹੀ ਉਘੇ ਪੰਜਾਬੀ ਕਵੀਆਂ ਨੇ ਅਪਣਾਇਆ ਤੇ ਵਿਕਸਤ ਕੀਤਾ ਹੈ। ਇਸ ਤਰ੍ਹਾਂ ਦੀ ਕਵਿਤਾ ਦੀ ਰਵਾਇਤ ਪੰਜਾਬੀ ਵਿਚ ਮੌਜੂਦ ਹੈ ਤੇ ਸਮਕਾਲੀ ਪੰਜਾਬੀ ਕਵਿਤਾ ਨੂੰ ਇਸ ਪਖੋਂ ਨਿੰਦਣਾ ਫ਼ਜ਼ੂਲ ਹੈ। ਇਸ ਦੇ ਉਲਟ ਅਜਿਹੇ ਪਾਠਕਾਂ ਤੇ ਆਲੋਚਕਾਂ ਨੂੰ ਪਰੰਪਰਾਗਤ ਰੂਪਾਂ ਦਾ ਮੋਹ ਤਿਆਗਣਾ ਚਾਹੀਦਾ ਹੈ ਕਿਉਂਕਿ ਇਹ ਵਰਤਮਾਨ ਯੁਗ ਦੇ ਜਟਿਲ ਅਨੁਭਵਾਂ ਨੂੰ ਸਫਲਤਾ ਨਾਲ ਪ੍ਰਗਟ ਕਰਨ ਦੇ ਸਮਰਥ ਨਹੀਂ। ਅੰਗਰੇਜ਼ੀ ਵਿਚ ਪੰਜਾਬੀ ਦੇ ਬੈਂਤਾਂ ਵਾਂਗ 'ਹੀਰੋਇਕ ਕੋਪਲਟ' ਤੇ 'ਸੌਨਟ' ਵਰਗੇ ਕਾਵਿ-ਰੂਪ ਪ੍ਰਚਲਤ ਸਨ ਪਰ ਅਜੋਕੀ ਅੰਗਰੇਜ਼ੀ ਕਵਿਤਾ ਵਿਚ ਇਹਨਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ। ਇਹ ਰੂਪ ਆਪਣੀਆਂ ਸੰਭਾਵਨਾਵਾਂ ਹੰਢਾ ਚੁਕੇ ਹਨ। ਇਸੇ ਤਰ੍ਹਾਂ ਪੰਜਾਬੀ ਕਵਿਤਾ ਦੇ ਰਵਾਇਤੀ ਰੂਪ ਵੀ ਵਰਤਮਾਨ ਕਾਵਿ-ਅਨੁਭਵ ਦੇ ਮੇਚ ਨਹੀਂ।

ਇਸ ਤਰ੍ਹਾਂ ਸਮਕਾਲੀ ਪੰਜਾਬੀ ਕਵਿਤਾ ਦਾ ਪ੍ਰਮੁੱਖ ਲੱਛਣ ਉਸ ਦਾ ਮੁਕਤਕ ਰੂਪ ਹੈ। ਕਵਿਤਾ ਦੀ ਇਸ ਮੁਕਤਕ ਸ਼ੈਲੀ ਲਈ ਵੀ ਕਿਸੇ ਜ਼ਾਬਤੇ ਦੀ ਲੋੜ ਹੁੰਦੀ ਹੈ। ਬੇ-ਤੁਕੀਆਂ ਵਾਰਤਕ-ਮਈ ਸਤਰਾਂ ਕਵਿਤਾ ਨਹੀਂ ਅਖਵਾ ਸਕਦੀਆਂ। ਅਜਿਹੀ ਕਵਿਤਾ ਵੀ ਹਰ ਸਤਰ ਦੀ ਢੁਕਵੇਂ ਵਾਕਾਂ ਤੇ ਵਾਕੰਸ਼ਾਂ ਵਿਚ ਵੰਡ ਅਤੇ ਸ਼ਬਦਾਂ ਦੀ ਸੁਚੱਜੀ ਚੋਣ ਤੇ ਜੜਤ ਨਾਲ ਹੀ ਇਛਿਤ ਪ੍ਰਭਾਵ ਉਪਜਾ ਸਕਦੀ ਹੈ, ਵਰਨਾ ਨਹੀਂ। ਇਸ ਕਾਵਿ-ਸ਼ੈਲੀ ਦੀ ਵਰਤੋਂ ਬਹੁਤ ਵਾਰੀ ਫੈਸ਼ਨ ਵਜੋਂ ਹੋਣ ਲਗ ਪਈ ਹੈ। ਕਈ ਨਵ-ਪ੍ਰਯੋਗਵਾਦੀ, ਨਵ-ਪ੍ਰਗਤੀਵਾਦੀ ਤੇ ਕ੍ਰਾਂਤੀਮੁਖੀ ਕਵੀਆਂ ਨੇ ਇਹ ਸਮਝ ਲਿਆ ਕਿ ਕਵਿਤਾ ਲਿਖਣਾ ਆਸਾਨ ਹੋ ਗਿਆ ਹੈ। ਇਸ ਲਈ ਕਈਆਂ ਨੇ ਅਨੁਭਵਹੀਨ ਕਥਨਾਂ ਜਾਂ ਨਾਹਰਿਆਂ ਨੂੰ ਵਾਰਤਕਮਈ ਵਾਕਾਂ ਵਿਚ ਅੰਕਿਤ ਕਰਕੇ ਉਹਨਾਂ ਨੂੰ ਕਵਿਤਾ ਦਾ ਨਾਂ ਦੇਣਾ ਸ਼ੁਰੂ ਕਰ ਦਿਤਾ। ਇਸ ਤਰ੍ਹਾਂ ਬਹੁਤ ਸਾਰੀ ਅਕਵਿਤਾ ਵੀ ਕਵਿਤਾ ਵਿਚ ਸ਼ਾਮਿਲ ਹੋ ਗਈ ਜਿਸ ਕਾਰਨ ਸਮਕਾਲੀ ਪੰਜਾਬੀ ਕਵਿਤਾ ਦੇ ਰੂਪ ਬਾਰੇ ਅਨੇਕਾਂ ਸ਼ੰਕੇ ਪੈਦਾ ਹੋਣੇ ਸ਼ੁਰੂ ਹੋ ਗਏ। ਵਖਰੇ ਵਖਰੇ ਕਵੀਆਂ ਦੇ ਭਾਵ-ਬੋਧ ਦਾ ਉਹਨਾਂ ਦੇ ਕਾਵਿ-ਰੂਪ 'ਤੇ ਅਸਰ ਪੈਣਾ ਲਾਜ਼ਮੀ ਸੀ। ਇਸ ਤਰ੍ਹਾਂ ਸਮਕਾਲੀ ਕਵੀਆਂ ਦੀ ਰਚਨਾ ਵਿਚ ਸ਼ੈਲੀ ਵੀ ਬਹੁਤ ਸਾਰੀ ਅਨੁਰੂਪਤਾ ਦੇ ਬਾਵਜੂਦ ਆਪਣੀ ਆਪਣੀ ਵਿਲੱਖਣਤਾ ਪ੍ਰਤੱਖ ਦਿਸ ਪੈਂਦੀ ਹੈ।

—ਡਾ: ਸ. ਨ. ਸੇਵਕ, ਲੁਧਿਆਣਾ

---

⊙ **ਮਾਂ ਬੋਲੀ ਪੰਜਾਬੀ : ਅਜੋਕੀ ਸਥਿਤੀ ਤੇ ਸਮਸਿਆਵਾਂ**

ਪੰਜਾਬ ਵਿਚ ਆਟਾ ਪੰਜਾਬੀ ਦਾ ਚਲਣਾ ਹੈ ਜਾਂ ਸੰਸਕ੍ਰਿਤਾਈ ਹਿੰਦੀ ਦਾ ? ਪੰਜਾਬੀ ਜ਼ਬਾਨ ਦਾ ਵਿਗਾੜ ਕਦੋਂ ਤੇ ਕਿਉਂ ਸ਼ੁਰੂ ਹੋਇਆ ? ਪੰਜਾਬੀ ਲਈ ਨਵੀਂ ਸ਼ਬਦਾਵਲੀ ਕਿਥੋਂ ਆਵੇ ? ਪਾਠ ਪੁਸਤਕਾਂ ਦੀ ਸਮੱਸਿਆ ਕਿਵੇਂ ਹਲ ਕੀਤੀ ਜਾਵੇ ? ਪੰਜਾਬ ਵਿਚ ਤਾਲੀਮ ਦਾ ਮਾਧਿਅਮ ਕੀ ਹੋਵੇ ? ਅੰਗਰੇਜ਼ੀ ਦਾ ਰੋਲ ਕੀ ਹੈ ?...ਇਹਨਾਂ ਅਤੇ ਅਜਿਹੇ ਸੁਆਲਾਂ ਦੇ ਜੁਆਬਾਂ ਲਈ ਇਹ ਪੁਸਤਕ ਪੜ੍ਹੋ। ਸਫ਼ੇ 208, ਸੁਹਣੀ ਦਿੱਖ, ਪੱਕੀ ਜਿਲਦ, ਮੁਲ : ਦਸ ਰੁਪੈ।

S E D H (Direction) DECEMBER, 1977
Registered with the Registrar of Newspapers
for India—Registration No. 23895/72 Regd. No. D (S) 022

